ਸੰਪਾਦਕ: ਰਘਬੀਰ ਸਿੰਘ

# ਸਿਰਜਣਾ



★ ਸੰਤ ਸਿੰਘ ਸੇਖੋਂ
★ ਬਾਵਾ ਬਲਵੰਤ
★ ਸੁਖਬੀਰ
★ ਹਰਸਰਨ ਸਿੰਘ
★ ਮੋਹਨ ਸਿੰਘ
★ ਪ੍ਰੀਤਮ ਸਿੰਘ
★ ਅਮਰਜੀਤ ਸਿੰਘ
★ ਦਲਜੀਤ ਸਿੰਘ

2

# ਸਿਰਜਣਾ

ਪੰਜਾਬੀ ਸਾਹਿੱਤਕ ਤ੍ਰੈਮਾਸਿਕ

ਜਿਲਦ ੧ ਅੰਕ ੨ ਅਕਤੂਬਰ—ਦਸੰਬਰ 1965

ਸੰਪਾਦਕ
ਰਘਬੀਰ ਸਿੰਘ

ਕੀਮਤ ਇਕ ਪਰਚਾ
ਡੇਢ ਰੁਪਈਆ

ਸੰਪਾਦਕੀ ਤੇ ਪ੍ਰਬੰਧਕੀ ਪਤਾ
345 R ਮਾਡਲ ਟਾਊਨ
ਜਲੰਧਰ

ਸੰਪਾਦਕੀ

3 ਪ੍ਰਯੋਗ ਤੇ ਪ੍ਰਗਤੀ .........

ਕਵਿਤਾਵਾਂ

7 ਗਜ਼ਲ — ਮੋਹਨ ਸਿੰਘ
8 ਸਿਰਜਕ ਤੇ ਸਿਰਜਣਾ — ਬਾਵਾ ਬਲਵੰਤ
10 ਰੋਜ਼ੀਏ ! — ਭਗਵੰਤ ਸਿੰਘ
11 ਇਕ ਸਵਾਲ — ਹਰਭਜਨ ਹੁੰਦਲ
13 ਕੈਨਵੱਸ — ਸਰਿੰਦਰ ਗਿਲ
15 ਸਿੱਕੇ ਦੇ ਦਾਗ — ਸ. ਸ. ਮੀਸ਼ਾ
17 ਇਕ ਕਵਿਤਾ — ਵਰਿਆਮ ਅਸਰ
17 ਹੁਣ ਤਾਂ... — ਫਤਿਹਜੀਤ
18 ਸੰਧਿਆ — ਨਿਰਮਲ ਅਰਪਨ
19 ਗੁਰਬਾਣੀ ਦਾ ਵਾਕ — ਅਮਰਜੀਤ ਸਿੰਘ
20 ਉਦਾਸ ਕੈਲੰਡਰ — ਮੋਹਨਜੀਤ
21 ਉਲੰਘਣ — ਹਰਿਭਜਨ ਹਲਵਾਰਵੀ
21 ਕੁਰੂਕਸ਼ੇਤਰ — ਦਰਸ਼ਨ ਨੱਤ
22 ਪਰਦਰਸ਼ਨੀ — ਪ੍ਰੀਤਮ ਸਿੰਘ ਰਾਹੀ
22 ਇਹ ਕਿੱਦਾਂ ਦਾ ਮੌਸਮ — ਸੁਰਿੰਦਰ ਕਾਹਲੋਂ
22 ਭੈ — ਕਰਤਾਰ ਸਿੰਘ ਕੈਂਥ
23 ਪਰਛਾਵੇਂ — ਸ਼ਿਵ ਨਾਥ
24 ਜੰਜ਼ੀਰਾਂ ਦੀ ਖਣਕ — ਗੁਰਦੀਪ

ਕਹਾਣੀਆਂ

25 ਬੁਢ ਸੁਹਾਗਣਾਂ — ਸੰਤ ਸਿੰਘ ਸੇਖੋਂ
29 ਇਕਾਈ — ਸੁਖਬੀਰ

38 ਰੁਕੀ ਹੋਈ ਕਹਾਣੀ — ਦਲਜੀਤ ਸਿੰਘ
44 ਕਨੇਚ ਦੀਆਂ ਕੁੜੀਆਂ — ਮਹਿਰਮਯਾਰ
52 ਭੂਆ ਦਾ ਗੁਆਂਢ — ਸੁਰਜੀਤ ਹਾਂਸ
59 ਸਿਰਜਣ ਹਾਰ — ਜਰਨੈਲ ਪੁਰੀ

**ਇਕਾਂਗੀ**

64 ਜੀਉ ! — ਹਰਸਰਨ ਸਿੰਘ

**ਨਿਬੰਧ**

72 ਜਿਨ੍ਹਾਂ ਮਨ ਹੋਰ ਮੁਖ ਹੋਰ — ਅ. ਛ.
77 ਬੁੱਧੀ ਜੀਵੀ ਵਰਗ ਤੇ ਰਾਜ-ਸੱਤਾ — ਪ੍ਰੀਤਮ ਸਿੰਘ
84 ਪ੍ਰਯੋਗਧਾਰਾ ਦਾ ਸੰਕਟ ਮੋਚਨ — ਅਮਰਜੀਤ ਸਿੰਘ

**ਪੁਸਤਕ ਪੜਚੋਲ**

88 ਕਿਰਮਚੀ ਲਕੀਰਾਂ — ਜੋਗਾ ਸਿੰਘ
92 ਆਸ ਦਾ ਚਿਹਰਾ — ਰਘਬੀਰ ਸਿੰਘ

**ਪੁਸਤਕ ਪ੍ਰੀਚਯ**

98 ਦੋ ਕਵਿਤਾ ਸੰਗ੍ਰਹਿ — ਹਰਭਜਨ ਹੁੰਦਲ

**ਪਰਦੇਸੀ ਸਾਹਿੱਤ**

100 ਦੋ ਕਵਿਤਾਵਾਂ — ਸਰਗੇਈ ਯੈਸੇਨਿਨ

**ਚਲਦੇ ਚਲਦੇ**

103 ਪੱਤਰਕਾਰ ਦੀ ਐਕੜ — ਜਗੀਰ ਸਿੰਘ ਜਗਤਾਰ

**ਤੁਸਾਂ ਲਿਖਿਆ**

107 ਪ੍ਰਗਤੀਸ਼ੀਲ ਧਾਰਾ ਦਾ ਪੁਨਰ ਸੰਗਠਨ — ਐਸ. ਸਵਰਨ
109 ਵਿਚਾਰਧਾਰਾ ਤੇ ਕਲਾ-ਕੌਸ਼ਲ — ਅਮਰਜੀਤ, ਸੁਖਬੀਰ
112 ਬੁਧੀ ਜੀਵੀ ਵਰਗ ਤੇ ਰਾਜ ਸੱਤਾ — ਨਰਿੰਜਨ ਸਿੰਘ ਸਾਥੀ
ਮੁਖ ਚਿਤਰ ਤੇ ਚਿਤ੍ਰਕਾਰੀ — ਕਰਤਾਰ ਸਿੰਘ ਸੁਮੇਰ

ਚੰਦਾ ਵਾਰਸ਼ਕ

ਦੇਸ—ਪੰਜ ਰੁਪਏ
ਪ੍ਰਦੇਸ—ਪੰਦਰਾਂ ਸ਼ਲਿੰਗ
(ਸਮੁੰਦਰੀ ਡਾਕ)
ਇਕ ਪੌਂਡ
(ਹਵਾਈ ਡਾਕ)

— o —

ਐਡੀਟਰ, ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸ੍ਰੀ ਰਘਬੀਰ ਸਿੰਘ ਨੇ ਅਨੂਪਮ ਪ੍ਰਿੰਟਿੰਗ ਪ੍ਰੈਸ ਚਹਾਰ ਬਾਗ ਜਲੰਧਰ ਤੋਂ ਛਪਵਾ ਕੇ 225 B, ਮਖਦੂਮ ਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਪ੍ਰਕਾਸ਼ਨ ਮਿਤੀ—25 ਅਕਤੂਬਰ 1965

ਸੰਪਾਦਕੀ

# ਪ੍ਰਯੋਗ ਤੇ ਪ੍ਰਗਤੀ

ਆਖਦੇ ਹਨ, ਦੁੱਧ ਦਾ ਸੜਿਆ ਲੱਸੀ ਨੂੰ ਵੀ ਫੂਕਾਂ ਮਾਰ ਮਾਰ ਪੀਂਦਾ ਹੈ। ਪੰਜਾਬੀ ਸਾਹਿੱਤ ਵਿਚ ਪ੍ਰਗਤਿਵਾਦੀ ਧਾਰਾ ਦੀ ਪੁਨਰ ਸਥਾਪਤੀ ਦੇ ਚਾਹਵਾਨ ਸਾਹਿੱਤ ਰਸੀਆਂ ਅਤੇ ਸਾਹਿੱਤਕਾਰਾਂ ਦੀ ਸਥਿਤੀ ਵੀ ਕੁਝ ਇਹੋ ਜਿਹੀ ਹੈ। ਪਿਛਲੇ ਸਮੇਂ ਵਿਚ ਪੰਜਾਬੀ ਦੇ ਬਹੁਤ ਸਾਰੇ ਪ੍ਰਗਤਿਵਾਦੀ ਸਾਹਿੱਤਕਾਰਾਂ ਦੇ ਵਿਵਹਾਰ ਵਿਚ ਕੁਝ ਅਜਿਹੀਆਂ ਤਰੁਟੀਆਂ ਰਹਿ ਗਈਆਂ ਜੋ, ਭਾਵੇਂ ਆਂਸ਼ਕ ਰੂਪ ਵਿਚ ਹੀ, ਕੁਝ ਸਮੇਂ ਲਈ ਪ੍ਰਯੋਗਸ਼ੀਲ ਧਾਰਾ ਦੇ ਸਮਰਥਕਾਂ ਵਲੋਂ ਸਾਹਿੱਤਕ ਪਿੜ ਸੰਭਾਲ ਲੈਣ ਦਾ ਕਾਰਨ ਬਣੀਆਂ। ਪ੍ਰਗਤਿਵਾਦੀ ਸਾਹਿੱਤ ਵਕਤੀ ਤੌਰ ਤੇ ਪਿਛੇ ਰਹਿ ਗਿਆ ਅਤੇ ਵਿਚਾਰਧਾਰਕ ਪੱਧਰ ਉਤੇ ਵੀ ਇਸਦੀ ਪੁਜ਼ੀਸ਼ਨ defensive ਵਿਚ ਚਲੀ ਗਈ। ਇਸ ਸਥਿਤੀ ਦਾ ਅਧਾਰ ਰੂਪ ਤਰੁਟੀਆਂ ਏਨੀਆਂ ਉਘੜਵੀਆਂ ਸਨ ਕਿ ਅੱਜ ਜਦੋਂ ਨਵੇਂ ਸਿਰਿਓਂ ਵਿਚਾਰਧਾਰਕ ਪੱਧਰ ਉਤੇ ਪ੍ਰਗਤਿਵਾਦੀ ਸਾਹਿੱਤਕ ਕੀਮਤਾਂ ਨੂੰ ਸਥਾਪਤ ਕਰਨ ਦੀ ਚਰਚਾ ਹੁੰਦੀ ਹੈ, ਤਾਂ ਸਭਨਾਂ ਪਾਸਿਆਂ ਤੋਂ ਇਸ ਭਾਵ ਦੀ ਆਵਾਜ਼ ਆਉਂਦੀ ਹੈ ਕਿ ਨਵੀਂ ਸਥਿਤੀ ਦੇ ਹਾਣੀ ਹੋਣ ਲਈ ਇਹਨਾਂ ਤਰੁਟੀਆਂ ਤੋਂ ਬਚਿਆ ਜਾਵੇ।

ਪ੍ਰਯੋਗਸ਼ੀਲ ਧਾਰਾ ਦੇ ਸਮਰਥਕਾਂ ਨੂੰ ਅੱਜ ਸ੍ਰੀ ਜਸਬੀਰ ਆਹਲੂਵਾਲੀਆ ਤੋਂ ਬਿਨਾਂ ਹੋਰ ਕੋਈ ਵੀ ਅਜਿਹਾ ਵਿਚਾਰਵਾਨ ਨਹੀਂ ਮਿਲਦਾ, ਜੋ ਉਹਨਾਂ ਦੀਆਂ ਧਾਰਨਾਵਾਂ ਨੂੰ ਬੌਧਕ ਅਧਾਰ ਦੇਵੇ। ਅਪਣੇ ਕੁਝ ਵਰ੍ਹਿਆਂ ਦੇ ਪ੍ਰਦਰਸ਼ਨ ਤੋਂ ਪਿਛੋਂ ਜਿਵੇਂ ਇਹ ਸਾਰਾ ਕੁਝ, ਕਿਸੇ ਉਪਰ-ਪ੍ਰਾਕ੍ਰਿਤਕ ਨਾਟਕ ਦੇ ਜਾਦੂਮਈ ਪਾਤਰਾਂ ਦੇ ਛੂ ਮੂੰ ਹੋਣ ਵਾਂਗ, ਇਕ ਦਮ ਖਤਮ ਹੋ ਗਿਆ ਹੈ। ਅਤੇ ਰੰਗ ਮੰਚ ਉਪਰ ਸਵਾਏ ਖੇਡ ਰਚਾਉਣ ਵਾਲੇ ਮਦਾਰੀ ਤੋਂ ਹੋਰ ਕੁਝ ਵੀ ਨਹੀਂ। ਸ੍ਰੀ ਜਸਬੀਰ ਆਹਲੂਵਾਲੀਆ ਦੀ ਸਥਿਤੀ ਹੁਣ ਇਕ ਪਾਤਰੀ ਪ੍ਰਦਰਸ਼ਨ (Single Man Show) ਬਣ ਕੇ ਹੀ ਰਹਿ ਗਈ ਹੈ। ਵਿਚਾਰਾਤਮਕ ਪੱਧਰ ਉਤੇ ਭਰਮ ਵਿਚ ਆਏ ਬਹੁਤ ਸਾਰੇ ਲੇਖਕ ਅੱਜ ਆਪਣੇ ਜਹਾਦ ਦੀ ਨਿਰਾਰਥਕਤਾ ਦਾ ਪੂਰਨ ਭਾਂਤ ਅਹਿਸਾਸ ਕਰ ਚੁੱਕੇ ਹਨ।

ਇਹ ਸਥਿਤੀ ਸੰਤੋਸ਼ਜਨਕ ਤਾਂ ਹੈ, ਪਰ ਇਸਦਾ ਇਹ ਅਰਥ ਕਦਾਚਿਤ ਨਹੀਂ ਕਿ ਉਹ ਸਾਰੀਆਂ ਸਮਸਿਆਵਾਂ, ਜੋ ਪ੍ਰਗਤੀਵਾਦੀ ਸਾਹਿੱਤ ਦੇ ਖੜੋਤ ਵਿਚ ਆਉਣ ਅਤੇ ਪ੍ਰਯੋਗਵਾਦੀਆਂ ਦੀ ਥੋੜਚਿਰੀ ਚੜ੍ਹਤ ਦਾ ਕਾਰਨ ਬਣੀਆਂ ਸਨ, ਹੁਣ ਯਕਾਯਕ ਖਤਮ ਹੋ ਗਈਆਂ ਹਨ। ਸਗੋਂ ਪ੍ਰਦਰਸ਼ਨਵਾਦੀ ਰੌਲੇ ਗੌਲੇ ਦੀ ਅਨਹੱਦ ਕਾਰਨ ਪੈਦਾ ਹੋਏ ਸ਼ਾਂਤ ਮਾਹੌਲ ਵਿਚ ਗੰਭੀਰਤਾ ਨਾਲ

ਇਹਨਾਂ ਉਪਰ ਵਿਚਾਰ ਕਰਨ ਦੀ ਆਵਸ਼ਕਤਾ ਹੈ। ਕੋਈ ਵੀ ਘਟਨਾ ਸਮੇਂ ਸਥਾਨ ਦੀ ਵਿਸ਼ੇਸ਼ ਪ੍ਰਸਿਥਿਤੀ ਦੀ ਪੈਦਾਵਾਰ ਹੁੰਦੀ ਹੈ। ਇਸ ਲਈ ਭਾਵੇਂ ਕੋਈ ਅਮਲ ਨਾਂ-ਪੱਖੀ ਹੋਵੇ ਜਾਂ ਹਾਂ-ਪੱਖੀ, ਵਿਗਿਆਨਕ ਦ੍ਰਿਸ਼ਟੀ ਅਨੁਸਾਰ, ਜੋ ਕੁਝ ਵਾਪਰਦਾ ਹੈ, ਉਸ ਸਭ ਦਾ ਮਹੱਤਵ ਹੈ। ਪੰਜਾਬੀ ਸਾਹਿੱਤ ਵਿਚ ਪ੍ਰਗਤਿਵਾਦੀਆਂ ਅਤੇ ਵਿਗਿਆਨਕ ਸੋਚ ਦੇ ਧਾਰਨੀ ਸਾਹਿੱਤਕਾਰਾਂ ਲਈ ਇਤਿਹਾਸਕ ਤਜਰਬੇ ਵਜੋਂ ਪ੍ਰਯੋਗਧਾਰਾ ਵੀ ਅਜਿਹੇ ਮਹੱਤਵ ਤੋਂ ਵਾਂਝੀ ਨਹੀਂ। ਅਪਣੀ ਸਮੁੱਚੀ ਨਿਕਾਰਾਤਮਕਤਾ ਦੇ ਬਾਵਜੂਦ ਵੀ ਇਸ ਵਿਚ ਕਾਫੀ ਕੁਝ ਅਜਿਹਾ ਹੈ ਜੋ ਪ੍ਰਗਤਿਵਾਦੀ ਵਿਚਾਰਵਾਨਾਂ ਦੇ ਹਾਂ-ਪੱਖੀ ਧਿਆਨ ਦੀ ਮੰਗ ਕਰਦਾ ਹੈ।

ਕਲਾ ਸੁੰਦਰਤਾ ਦਾ ਸਿਖਰ ਹੈ, ਅਤੇ ਸੁੰਦਰਤਾ ਅਪਣੇ ਆਪ ਵਿਚ ਕੋਈ ਸਥਾਈ ਵਸਤੂ ਨਹੀਂ। ਸਮਾਜਿਕ ਪ੍ਰਸਿਥਿਤੀਆਂ ਤੋਂ ਉਤਪੰਨ ਹੁੰਦਾ ਇਹ ਸੰਕਲਪ ਸਮਾਜਿਕ ਪ੍ਰੀਵਰਤਨਾਂ ਅਨੁਸਾਰ ਹੀ ਬਦਲਦਾ ਰਹਿੰਦਾ ਹੈ। ਪਿਛਲੇ ਸਮੇਂ ਦੇ ਮਨੁਖ ਲਈ ਜ ਕੁਝ ਸੁੰਦਰ ਸੀ, ਉਹ ਅੱਜ ਦੇ ਮਨੁਖ ਲਈ ਕਰੂਪ ਤਾਂ ਭਾਵੇਂ ਨਹੀਂ ਹੋ ਜਾਂਦਾ, ਪਰ ਉਸਦੀ ਸੰਪੂਰਨ ਸੁੰਦਰਤਾ ਦੀ ਕਲਪਣਾ ਪਹਿਲਾਂ ਨਾਲੋਂ ਅੱਗੇ ਜ਼ਰੂਰ ਵਧ ਜਾਂਦੀ ਹੈ। ਫਲ ਸਰੂਪ ਹਰ ਸਮੇਂ ਵਿਚ ਅਪਣੇ ਤੋਂ ਪਹਿਲਾਂ ਦੇ ਸਮੇਂ ਦੀ ਸੁੰਦਰਤਾ ਦੇ ਸੰਕਲਪਾਂ ਵਿਚ ਕੁਝ ਵਾਧੇ ਹੁੰਦੇ ਰਹਿੰਦੇ ਹਨ। ਇਸ ਲਈ ਕਲਾ ਰੂਪਾਂ ਵਿਚ ਵਿਦਮਾਨ ਸੁੰਦਰਤਾ ਤਦ ਹੀ ਸੁੰਦਰ ਭਾਸ ਸਕੇਗੀ ਜੇ ਉਹ ਸੁੰਦਰਤਾ ਦੇ ਨਵੇਂ ਸੰਕਲਪਾਂ ਨੂੰ ਵੀ ਆਪਣੇ ਅੰਦਰ ਸਮੋਏ। ਗੁਰੂ ਨਾਨਕ ਦੀ ਬਾਣੀ ਜਾਂ ਵਾਰਿਸ ਦੀ ਹੀਰ ਜਾਂ ਹੋਰ ਅਜਿਹਾ ਪੁਰਾਣਾ ਸਾਹਿਤ ਮਹਾਨ ਹੈ, ਇਸਦੀ ਸਰਵੋਤਮਤਾ ਬਾਰੇ ਕਿਸੇ ਨੂੰ ਸੰਦੇਹ ਨਹੀਂ। ਪਰ ਤਦ ਵੀ ਇਹਨਾਂ ਹੀ ਰੂਪਾਂ ਨੂੰ ਸੰਕੀਰਣਤਾ ਸਹਿਤ ਅੱਜ ਲਾਗੂ ਕਰਕੇ ਸੁੰਦਰ ਕਲਾ ਦੀ ਸਿਰਜਣਾ ਨਹੀਂ ਕੀਤੀ ਜਾ ਸਕਦੀ। ਇਕ ਪ੍ਰਗਤਿਵਾਦੀ ਲੇਖਕ ਲਈ ਇਹ ਆਵਸ਼ਕ ਹੈ ਕਿ ਬਦਲਦੀਆਂ ਪ੍ਰਸਿਥਿਤੀਆਂ ਅਨੁਕੂਲ ਉਹ ਅਪਣੀ ਕਲਾ ਦਾ ਰੂਪ ਨਿਖਾਰੇ।

ਸੁੰਤਰਤਾ ਦੀ ਪ੍ਰਾਪਤੀ ਤੋਂ ਪਿਛੋਂ ਸਾਡੇ ਸਮਾਜਿਕ ਢਾਂਚੇ ਵਿਚ ਇਕ ਵੱਡਾ ਪ੍ਰੀਵਰਤਣ ਆ ਰਿਹਾ ਸੀ, ਕਈ ਸ਼੍ਰੇਣੀਆਂ ਉਠ ਰਹੀਆਂ ਸਨ, ਕਈ ਢਹਿ ਰਹੀਆਂ ਸਨ, ਕਈ ਨਵੇਂ ਗਠਬੰਧਨ ਜਨਮ ਲੈ ਰਹੇ ਸਨ ਤੇ ਕਈ ਪੁਰਾਣੇ ਖਤਮ ਹੋ ਰਹੇ ਸਨ। ਇਹ ਪ੍ਰੀਵਰਤਣ ਨਵੇਂ ਸੌਹਜ ਸੁਆਦ ਤੇ ਫਲਸਰੂਪ ਨਵੀਨ ਕਲਾ ਰੂਪਾਂ ਦੀ ਮੰਗ ਕਰਦਾ ਸੀ। ਪਰ ਸਾਡੇ ਬਹੁਤ ਸਾਰੇ ਸਾਹਿੱਤਕਾਰਾਂ ਇਸ ਲੋੜ ਦਾ ਅਹਿਸਾਸ ਨਹੀਂ ਕੀਤਾ। ਪ੍ਰਯੋਗਵਾਦੀ, ਜਿਥੋਂ ਤਕ ਨਵੇਂ ਪ੍ਰਗਟਾਅ ਢੰਗ ਦੀ ਗੱਲ ਕਰਦੇ ਸਨ, ਉਸ ਹੱਦ ਤਕ ਉਹਨਾਂ ਦੀ ਸੋਚ ਯਥਾਰਥਕ ਸੀ। ਪਰ ਕੋਈ ਗੱਲ ਸੋਚ ਲੈਣਾ ਹੋਰ ਗੱਲ ਹੈ ਤੇ ਉਸਨੂੰ ਰੂਪ ਦੇ ਸਕਣਾ ਬਿਲਕੁਲ ਹੋਰ। ਪ੍ਰਯੋਗਸ਼ੀਲ ਮੱਤ ਵਾਲੇ ਇਹ ਲੋੜ ਅਨੁਭਵ ਕਰਨ ਉਪਰੰਤ ਵੀ ਕਿਸੇ ਮੰਜ਼ਲ ਤੇ ਨਾਂ ਪੁਜ ਸਕੇ। ਕਿਉਂ ਜੁ ਇਕ ਤਾਂ ਉਹਨਾਂ ਪ੍ਰਤਿਗਾਮੀ ਵਿਚਾਰਧਾਰਾ ਅਪਨਾਈ ਅਤੇ ਦੂਜੇ ਲੋੜੀਂਦੇ ਕਲਾ ਕੌਸ਼ਲ ਦੀ ਉਹਨਾਂ ਵਿਚ ਉਕਾ ਹੀ ਅਣਹੋਂਦ ਸੀ।

ਅੱਜ ਦੇ ਸਮੇਂ, ਪ੍ਰਗਤਿਵਾਦੀ ਲੇਖਕਾਂ ਲਈ ਇਹ ਅਨਵਾਰਯ ਹੈ ਕਿ ਉਹ ਨਵੀਂ ਸਮਾਜਿਕ ਸਥਿਤੀ ਨੂੰ ਸਮਝਣ—ਇਸ ਵਿਚ ਬਣ ਢਹਿ ਰਹੀਆਂ ਸਮਾਜਿਕ ਸ਼੍ਰੇਣੀਆਂ, ਇਹਨਾਂ ਦੇ ਪ੍ਰਸਪਰ ਆਰਥਕ ਸਬੰਧਾਂ ਅਤੇ ਇਸਦੇ ਸਿੱਟੇ ਵਜੋਂ ਮਨੁਖੀ ਸੁਭਾਅ ਵਿਚ ਜੋ ਵੀ ਪ੍ਰੀਵਰਤਣ ਆਇਆ ਹੈ, ਉਸਦੀ ਸੋਝੀ ਰੱਖਣ। ਜਸਬੀਰ ਆਹਲੂਵਾਲੀਆ ਲਈ ਤਾਂ ਇਹ ਸੰਭਵ ਹੈ ਕਿ ਉਹ ਅੱਜ ਦੇ ਨਾਗ੍ਰਿਕ ਜੀਵਨ ਦੀ ਪਰਧਾਨਤਾ ਵੱਸ 'ਨਵੀਨ' ਕਲਾਕਾਰ ਵਲੋਂ ਪ੍ਰੇਮਕਾ ਦੀ ਗਰਦਨ ਨੂੰ ਮੋਰਨੀ ਦੀ

ਬਾਂ ਚਾਹ ਦੀ ਕੇਤਲੀ ਦੇ ਮੂੰਹ ਨਾਲ ਤਸ਼ਵੀਹ ਦੇਣ ਨੂੰ 'ਨਵੀਨਤਾ ਦਾ ਸਿਖਰ' ਮੰਨ ਲਵੇ, ਅਤੇ ਇਸ ਉਪਰ ਹੀ ਸੰਤੁਸ਼ਟ ਹੋ ਜਾਵੇ। ਪਰ ਪ੍ਰਗਤਿਵਾਦੀ ਲੇਖਕ ਲਈ ਨਵੀਨਤਾ ਦਾ ਅਰਥ ਏਨਾ ਪੇਤਲਾ ਤੇ ਸੀਮਤ ਨਹੀਂ ਹੋ ਸਕਦਾ। ਉਸਨੇ ਆਪਣੇ ਸਮੇਂ ਦੇ ਰਿਸ਼ਤਿਆਂ ਦਾ ਵਿਸਤ੍ਰਿਤ ਅਧਿਅਨ ਕਰਨਾ ਹੈ ਤੇ ਉਸ ਅਧਿਅਨ ਵਿਚੋਂ ਆਪ ਮੁਹਾਰੇ ਪ੍ਰਾਪਤ ਹੁੰਦੇ ਨਵੇਂ ਨਵੇਂ ਬਿੰਬਾਂ, ਚਿੰਨ੍ਹਾਂ ਅਤੇ ਰੂਪਾਂ ਦਾ ਪ੍ਰਯੋਗ ਕਰਨਾ ਹੈ।

ਸਾਡਾ ਸਮਾਜਿਕ ਢਾਂਚਾ ਅਜੇ ਵੀ ਬਹੁਤ ਹਦ ਤਕ ਗ੍ਰਾਮੀਣ ਸੁਭਾਅ ਦਾ ਹੈ। ਇਸ ਵਿਚ ਉਸ ਭਾਂਤ ਦੀ ਨਾਗ੍ਰਿਕਤਾ ਨਹੀਂ ਆਈ, ਜੋ ਕੁਝ ਉਚ ਸ਼੍ਰੇਣੀ ਦੇ ਜੰਮਪਲ ਅਤੇ ਚੰਗੇ ਸਰਕਾਰੀ ਅਹੁਦਿਆਂ ਉਪਰ ਲੱਗੇ ਵਿਅਕਤੀ ਖਿਆਲ ਕਰਦੇ ਹਨ। ਅਜੇ ਵੀ ਸਾਡਾ ਪੇਂਡੂ ਸਮਾਜ ਜਾਗੀਰ-ਦਾਰੀ ਪ੍ਰਬੰਧ ਦਾ ਹੀ ਰੂਪ ਹੈ। ਇਸ ਸਮਾਜ ਬਾਰੇ ਬੜਾ ਕੁਝ ਲਿਖਿਆ ਜਾ ਸਕਦਾ ਹੈ। ਸਾਮੰਤਸ਼ਾਹੀ ਦੀ decay ਬਾਰੇ, ਜੋ ਪੂੰਜੀਵਾਦੀ ਕੀਮਤਾਂ ਅਤੇ ਰਿਸ਼ਤਿਆਂ ਦੇ ਵਿਕਸਤ ਹੋਣ ਕਾਰਨ ਸਾਡੇ ਸਮਾਜ ਦਾ ਮੁੱਖ ਲੱਛਣ ਹੈ, ਮਹਾਨ ਸਾਹਿੱਤ ਦੀ ਰਚਨਾ ਅਜੇ ਨਹੀਂ ਹੋਈ। ਅਜਿਹੀ ਰਚਨਾ ਲਈ ਮਹਾਂ ਕਾਵਿ ਦੇ ਪੱਧਰ ਦੀ ਰਚਨਾ ਕਰ ਸਕਣ ਵਾਲੇ ਕਿਸੇ ਸਾਹਿੱਤਕਾਰ ਦੀ ਲੋੜ ਬਦਸਤੂਰ ਕਾਇਮ ਹੈ। ਔਪਰ, ਇਸ ਸਭ ਕੁਝ ਦੇ ਬਾਵਜੂਦ ਗ੍ਰਾਮੀਣਤਾ ਚਿਤਰਨ ਨੂੰ ਹੀ ਇਕ ਗੁਣ ਸਮਝ ਲੈਣਾ ਅਤੇ ਜੋ ਕੁਝ ਵੀ ਸਮਾਜ ਵਿਚ ਨਵਾਂ ਹੈ, ਉਸ ਤੋਂ ਅੱਖਾਂ ਮੀਟ ਲੈਣਾ ਯੋਗ ਨਹੀਂ।

ਪ੍ਰਗਤਿਵਾਦੀ ਸਾਹਿੱਤ ਦਾ ਵਿਆਪਕ ਪਰਵਾਣਤ ਰੂਪ—ਸਮਾਜਵਾਦੀ ਯਥਾਰਥਵਾਦ—ਵਾਸਤਵ ਵਿਚ ਉਹ ਕੁਝ ਨਹੀਂ ਜੋ ਕਈ ਵਾਰ ਸਮਝ ਲਿਆ ਜਾਂਦਾ ਹੈ। ਨਿਸਚੇ ਹੀ ਮਜ਼ਦੂਰ ਵਰਗ ਦੇ ਜੀਵਨ ਅਤੇ ਉਸਦੀਆਂ ਸਮਸਿਆਵਾਂ ਦਾ ਚਿਤਰਨ ਇਕ ਅੱਗੇ ਵਧੂ ਕਰਮ ਹੈ। ਇਹ ਯੋਗ ਹੈ ਕਿ ਮਜ਼ਦੂਰ ਤੇ ਹੋਰ ਮਿਹਨਤੀ ਵਰਗਾਂ ਦੇ ਸੰਘਰਸ਼ਾਂ ਨੂੰ ਆਸ਼ਾਵਾਦੀ ਦ੍ਰਿਸ਼ਟੀਕੋਣ ਤੋਂ ਚਿਤਰਿਆ ਜਾਵੇ। ਇਸ ਬਾਰੇ ਵੀ ਕੋਈ ਸੰਦੇਹ ਨਹੀਂ ਕਿ ਪ੍ਰਗਤੀ ਦੀਆਂ ਸ਼ਕਤੀਆਂ ਦੀ ਸੁੰਦਰਤਾ ਦੇ ਟਾਕਰੇ ਪ੍ਰਤਿਗਾਮਤਾ ਦੇ ਪ੍ਰਤੀਨਿਧਾਂ ਨੂੰ ਕੋਝੇ ਰੂਪ ਵਿਚ ਚਿਤਰਿਆ ਜਾਣਾ ਚਾਹੀਦਾ ਹੈ। ਪਰ ਇਹ ਸਾਰਾ ਕੁਝ ਇਕ ਟਾਈਪ ਨਹੀਂ ਬਣ ਜਾਣਾ ਚਾਹੀਦਾ। ਹਰ ਕਹਾਣੀ ਵਿਚ ਇਕ ਸ਼ਕਤੀ ਸ਼ਾਲੀ ਜ਼ਾਲਮ, ਕੁਝ ਕਮਜ਼ੋਰ ਮਿਹਨਤਕਸ਼ਾਂ ਤੇ ਇਕ ਸੰਗਰਾਮੀਏ ਦਾ ਵਰਨਣ ਹੀ ਕੇਵਲ ਮਾਤਰ ਸਮਾਜਵਾਦੀ ਯਥਾਰਥਵਾਦ ਨਹੀਂ। ਸਮਾਜਵਾਦੀ ਯਥਾਰਥਵਾਦ ਦੀ ਅਜਿਹੀ ਸਮਝ ਉਕਾ ਹੀ ਗਲਤ ਹੈ। ਸਮਾਜਵਾਦੀ ਯਥਾਰਥਵਾਦ ਦੀਆਂ ਲਿਖਤਾਂ ਦੇ ਪਾਤਰ ਆਪਣੀ ਸ਼੍ਰੇਣੀ ਦੇ ਪ੍ਰਤੀਨਿਧ ਤਾਂ ਹੁੰਦੇ ਹਨ ਪਰ ਮੌਲਕਤਾ ਤੋਂ ਸੱਖਣੇ ਨਹੀਂ। ਇਸ ਅਨੁਸਾਰ ਬਾਹਰਮੁਖੀ ਹਕੀਕਤਾਂ ਉਪਰੰਤ ਭਾਵਾ-ਤਮਕ ਪੱਖ ਦਾ ਚਿਤਰਨ ਜ਼ਰੂਰੀ ਹੀ ਨਹੀਂ ਸਗੋਂ ਇਹਨਾਂ ਦੋਨਾਂ ਦਾ ਸੁਭਾਵਿਕ ਸੁਮੇਲ ਇਕ ਚੰਗੇਰੀ ਕਿਰਤ ਦੀ ਲਾਜ਼ਮੀ ਸ਼ਰਤ ਹੈ।

ਮਹਾਨ ਸਾਹਿੱਤਕਾਰ ਇਕ ਮਹਾਨ ਵਿਚਾਰਕ ਵੀ ਹੁੰਦਾ ਹੈ, ਇਸ ਕਥਨ ਨੂੰ ਸਭਨਾਂ ਹੀ ਸਮਿਆਂ ਵਿਚ ਪਰਵਾਨ ਕੀਤਾ ਗਿਆ ਹੈ। ਪਰ ਜਿੰਨਾ ਇਹ ਕਥਨ ਅੱਜ ਸਚਾਈ ਹੈ, ਉਨਾਂ ਸ਼ਾਇਦ ਇਹ ਅੱਗੇ ਕਦੇ ਵੀ ਨਹੀਂ ਸੀ। ਮਨੁਖੀ ਸਮਾਜ ਨੇ ਵਿਗਿਆਨ, ਫਲਸਫੇ ਅਤੇ ਮਨੋ ਵਿਗਿਆਨ ਦੇ ਖੇਤਰ ਵਿਚ ਜੋ ਪ੍ਰਾਪਤੀਆਂ ਕੀਤੀਆਂ ਹਨ, ਸਾਡੇ ਸਾਹਿਤਕਾਰ ਦਾ ਉਹਨਾਂ ਬਾਰੇ ਗਿਆਨ ਜਿੰਨਾ ਵਿਸ਼ਾਲ ਹੋਵੇਗਾ ਉਨੀ ਹੀ ਉਸਦੀ ਰਚਨਾ ਵਿਚ ਸਾਰਥਕਤਾ ਅਤੇ ਮਜ਼ਬੂਤੀ ਆਵੇਗੀ। ਕੋਈ ਕਲਾਕਾਰ ਜਮਾਂਦਰੂ ਕਲਾਕਾਰ ਹੋ ਸਕਦਾ ਹੈ, ਉਸ ਵਿਚ ਕਲਾ ਸਿਰਜਣਾ ਦੀ ਸਮਰੱਥਾ ਸੁਭਾਵਕ ਤੇ ਸਹਿਜ

ਸੁਭਾਅ ਹੋ ਸਕਦੀ ਹੈ। ਪਰ ਮਹਾਨ ਕਲਾਕਾਰ ਉਹ ਤਦ ਹੀ ਹੋ ਸਕੇਗਾ, ਜੇਕਰ ਉਹ ਆਪਣੇ ਸਮੇਂ ਦੇ ਗਿਆਨ ਦੀ ਭਰਪੂਰ ਸੋਝੀ ਰਖਦਾ ਹੋਵੇ। ਪੰਜਾਬੀ ਦੇ ਕਈ ਇਕ ਪ੍ਰਗਤਿਵਾਦੀ ਲੇਖਕਾਂ ਦਾ ਦੁਖਾਂਤ ਇਹ ਹੈ ਕਿ ਉਹਨਾਂ ਵਿਚ ਕਲਾ ਕੌਸ਼ਲ ਤਾਂ ਹੈ ਪਰ ਲੋੜ ਅਨੁਸਾਰ ਉਹ ਸਮੇਂ ਦੇ ਵਿਚਾਰ ਪ੍ਰਬੰਧ ਦੇ ਹਾਣੀ ਨਹੀਂ ਹੋਏ। ਇਸ ਘਾਟ ਦੀ ਹੋਂਦ ਵਿਚ ਉਹ ਸਹਿਜੇ ਹੀ ਉਪਭਾਵੁਕਤਾ, ਨਾਅਰੇ-ਬਾਜ਼ੀ ਅਤੇ ਪੇਤਲੇਪਨ ਦਾ ਸ਼ਿਕਾਰ ਹੋ ਗਏ। ਪ੍ਰਯੋਗਸ਼ੀਲ ਧਾਰਾ ਦੇ ਅਨੁਆਈਆਂ ਭਾਵੇਂ ਪਛਮ ਦੇ ਢਹਿ ਢੇਰੀ ਹੋ ਰਹੇ ਅਣਸਮਾਜਿਕ ਵਿਚਾਰ ਦੀ ਭੌਂਡੀ ਜਿਹੀ ਨਕਲ ਹੀ ਕੀਤੀ। ਪਰ ਉਹਨਾਂ ਵਲੋਂ ਕੁਝ ਔਖੀਆਂ ਔਖੀਆਂ ਘੱਟ ਜਾਂ ਵੱਧ ਬੌਧਿਕ ਸੁਭਾਅ ਦੀਆਂ ਗੱਲਾਂ ਕਰਨ ਦਾ ਜਤਨ ਸਾਡੇ ਬੌਧਿਕਤਾ ਦਾ ਪੱਲਾ ਛੱਡਣ ਵਾਲੇ ਪ੍ਰਗਤਿਵਾਦੀ ਲੇਖਕਾਂ ਲਈ ਇਕ ਚੁਣੌਤੀ ਜ਼ਰੂਰ ਸੀ। ਟਾਕਰੇ ਉਪਰ ਖਲੋਣ ਵਾਲਾ ਅੱਜ ਦੀ ਸਥਿਤੀ ਵਿਚ ਭਾਵੇਂ ਕੋਈ ਨਹੀਂ, ਤਦ ਵੀ ਇਸ ਚੁਣੌਤੀ ਦਾ ਉੱਤਰ ਉਸੇ ਬੌਧਿਕ ਪੱਧਰ ਉਪਰ ਹੀ ਦਿੱਤਾ ਜਾਣਾ ਚਾਹੀਦਾ ਹੈ। ਕੇਵਲ ਆਪਣੇ ਮਨ ਦੀ ਸੁਹਿਰਦਤਾ ਦਾ ਵਿਖਾਵਾ ਕਰਨ ਦੁਆਰਾ ਕਾਰਜ ਸਿੱਧ ਨਹੀਂ ਹੋਣ ਲੱਗਾ।

ਪ੍ਰਯੋਗ ਧਾਰਾ ਦੀ ਸਾਡੀ ਆਪਣੀ ਧਰਤੀ ਵਿਚ ਕੋਈ ਜੜ ਨਹੀਂ ਸੀ। ਸਮਾਜਿਕ ਸਥਿਤੀ ਵਿਚ ਪ੍ਰੀਵਰਤਣ ਦੀ ਉਪਰੀ ਜਿਹੀ ਸਮਝ ਤੋਂ ਅੱਗੇ ਵਧ ਕੇ ਇਸਦੀ ਡੂੰਘਾਈ ਵਿਚ ਉਹ ਜਾ ਨਹੀਂ ਸਕੀ। ਨਵੇਂ ਕਲਾ ਰੂਪਾਂ ਦਾ ਇਸਨੇ ਢੰਡੋਰਾ ਪਿਟਿਆ, ਪਰ ਖੁਦ ਉਹ ਕਲਾ ਕੌਸ਼ਲ ਤੋਂ ਸੱਖਣੀ ਸੀ ਅਤੇ ਸਭ ਤੋਂ ਵਧ ਇਸਨੇ ਸਮਾਜਵਾਦੀ ਯਥਾਰਥਵਾਦ ਅਤੇ ਪ੍ਰਗਤੀਵਾਦ ਦੇ ਰਾਹ ਤੋਂ ਵਿਮੁਖ ਹੋਕੇ ਪਛਮ ਦੇ ਨਿਘਾਰ ਨੂੰ ਜਾ ਰਹੇ ਪੂੰਜੀਵਾਦੀ ਸਾਹਿੱਤ ਦੀ ਨਕਲ ਕਰਦਿਆਂ ਹੋਇਆਂ ਪ੍ਰਤਿਗਾਮਤਾ ਦਾ ਰਾਹ ਚੁਣਿਆ। ਫਲ ਸਰੂਪ ਉਹ ਸਮੇਂ ਨਾਲ ਚੱਲਣ ਤੋਂ ਮੁਢੋਂ ਹੀ ਅਸਮਰਥ ਰਹਿ ਗਈ ਅਤੇ ਛੇਤੀ ਹੀ ਆਪਣੀ ਕਬਰ ਵਿਚ ਜਾ ਪਹੁੰਚੀ।

ਇਹਨਾਂ ਹਾਲਤਾਂ ਵਿਚ ਪ੍ਰਗਤਿਵਾਦੀ ਧਾਰਾ ਦੇ ਪੁਨਰ ਸੰਗਠਨ ਦਾ ਅਰਥ ਨਿਸਚੇ ਹੀ ਇਹ ਨਹੀਂ ਕਿ ਕੋਈ ਇਕ ਸੰਸਥਾ ਬਣਾਈ ਜਾਵੇਗੀ ਅਤੇ ਉਸ ਵਿਚ ਮਤੇ ਪਾਸ ਕਰਨ ਉਪਰੰਤ 'ਦ੍ਰਿੜਤਾ' ਨਾਲ ਪ੍ਰਗਤਿਵਾਦੀ ਸਾਹਿੱਤ ਦੀ ਰਚਨਾ ਵਿਚ 'ਜੁਟਿਆ' ਜਾਵੇਗਾ। ਸੰਗਠਨ ਲਈ ਯਤਨ ਕਰਨਾ ਔਗੁਣ ਤਾਂ ਨਹੀਂ, ਪਰ ਕਲਾ ਅਤੇ ਸਿਰਜਣਾ ਦੇ ਖੇਤਰ ਵਿਚ ਇਸਦੀ ਮਹੱਤਤਾ ਦੂਸਰੀ ਜਾਂ ਤੀਸਰੀ ਥਾਂ ਦੀ ਹੀ ਹੈ। ਪਹਿਲੀ ਤੇ ਮੁਢਲੀ ਲੋੜ ਹੈ ਉਚੇਰੀ ਪੱਧਰ ਦੀ ਕਲਾ ਸਿਰਜਣ ਦੀ, ਜੋ ਵਿਚਾਰ ਵਜੋਂ ਵੀ ਅਤੇ ਰੂਪ ਵਜੋਂ ਵੀ ਸਹੀ ਅਰਥਾਂ ਵਿਚ ਆਧੁਨਿਕ ਹੋਵੇ। ਇਸ ਲਈ ਸਾਡਾ ਨਵੀਨ ਸਾਹਿੱਤ ਉਸ ਸਭ ਕੁਝ ਨੂੰ, ਜੋ ਸਾਡੇ ਪੁਰਾਣੇ ਸਾਹਿੱਤ ਵਿਚ ਨਰੋਆ ਅਤੇ ਕਲਾਪੂਰਣ ਹੈ, ਕਾਇਮ ਰਖਦਾ ਹੋਇਆ ਇਕ ਨਵਾਂ ਮਾਰਗ ਗ੍ਰਹਿਣ ਕਰੇਗਾ। ਇਹ ਮਾਰਗ ਉਸਾਰੂ ਬੌਧਿਕ ਦ੍ਰਿਸ਼ਟੀਕੋਣ, ਮਨੁਖੀ ਸਨੇਹ ਉਪਰੰਤ ਉਚਤਮ ਤੇ ਸਮੇਂ ਅਨੁਸਾਰੀ ਕਲਾ ਦਾ ਮਾਰਗ ਹੈ। ਇਸ ਮਾਰਗ ਉਪਰ ਚਲਣ ਵਿਚ ਨਾ ਕੇਵਲ ਅਨੇਕਾਂ ਨੌਜੁਆਨ ਸਾਹਿੱਤਕਾਰ ਹੀ ਪ੍ਰਯਤਨਸ਼ੀਲ ਹਨ, ਸਗੋਂ ਸਥਾਪਤ ਪ੍ਰਗਤਿਵਾਦੀ ਲੇਖਕਾਂ ਵਲੋਂ ਵੀ ਇਸ ਰਾਹ ਉਪਰ ਚੱਲਕੇ ਅਜੇ ਬਹੁਤ ਸਾਰੀਆਂ ਸ੍ਰੇਸ਼ਟ ਪ੍ਰਾਪਤੀਆਂ ਕਰ ਸਕਣ ਦੀ ਸੰਭਾਵਨਾ ਹੈ।

— ਰਘਬੀਰ ਸਿੰਘ

# ਗ਼ਜ਼ਲ

ਮੋਹਨ ਸਿੰਘ

ਛੱਡੋ ਲਾਲਾ ਅਤੇ ਗੁਲਾਬ ਦੀ ਗਲ
ਕਰੋ ਕੋਹਸਾਰ ਤੇ ਉਕਾਬ ਦੀ ਗਲ।

ਨਾੜਾਂ ਵਿਚ ਖ਼ੂਨ ਹੈ ਜਮਣ ਲੱਗਾ
ਛੇੜੋ ਠੇਕੇ ਅਤੇ ਸ਼ਰਾਬ ਦੀ ਗਲ।

ਬਾਝ ਰਿੰਦੀ ਦੇ ਹੁਣ ਨਹੀਂ ਸਰਨੀ
ਨੱਚੋ ਮੱਚੋ ਛਡੋ ਹਜਾਬ ਦੀ ਗਲ।

ਮਾਰੋ ਗਗਨਾਂ ਦੇ ਮੱਟ ਤੇ ਵੱਟੇ
ਬਹੁਤ ਕਰ ਬੈਠੇ ਹਾਂ ਅਦਾਬ ਦੀ ਗਲ।

ਦਾਰੂ ਵਿਚ ਸ਼ੇਖ ਨੂੰ ਦਿਉ ਗੋਤੇ
ਸੁਣ ਚੁਕੇ ਹਾਂ ਬਹੁਤ ਜਨਾਬ ਦੀ ਗਲ।

ਹੂਰੋ ਗ਼ਿਲਮਾਨ, ਕੌਸਰੋ ਤਸਨੀਮ
ਇਹ ਨਿਰੀ ਜਾਪਦੀ ਕਿਤਾਬ ਦੀ ਗਲ।

ਕੋਈ ਤਾਬੀਰ ਜਾਂ ਕਰੋ ਤਦਬੀਰ
ਨਾ ਕਰੀ ਜਾਉ ਖਾਲੀ ਖ਼ਾਬ ਦੀ ਗਲ।

ਨੀਂਦ-ਪਾਨੀ ਹੈ ਮਾਹਤਾਬ ਦੀ ਗਲ
ਖ਼ੂਨ-ਗਰਮਾਣੀ ਆਫ਼ਤਾਬ ਦੀ ਗਲ।

ਖਵਾਰ ਤਕ ਅਮਨ ਨੂੰ ਪਵੇ ਕਰਨੀ
ਜ਼ੀਨ, ਹੰਨੇ ਅਤੇ ਰਕਾਮ ਦੀ ਗਲ।

ਬੇੜਾ ਜਦ ਜ਼ੁਲਮ ਦਾ ਭਰਨ ਲੱਗੇ
ਆਪੇ ਚਲ ਪੈਂਦੀ ਇਨਕਲਾਬ ਦੀ ਗਲ।

ਭਾਵੇਂ ਕਾਫ਼ਿਰ ਹਾਂ ਫਿਰ ਵੀ ਮੰਨਦਾ ਹਾਂ,
ਰੋਜ਼ੇ ਮਹਿਸ਼ਰ ਅਤੇ ਹਿਸਾਬ ਦੀ ਗਲ।




# ਸਿਰਜਕ ਤੇ ਸਿਰਜਣਾ

ਬਾਵਾ ਬਲਵੰਤ

ਬੜੇ ਮਨੋਹਰ ਤੇ ਸੁੰਦਰ, ਬੜੇ ਪਿਆਰੇ ਨੇ,
ਸਜੇ-ਸਜਾਏ ਢੋਏ, ਬੰਦ ਕਿਉਂ ਦੁਆਰੇ ਨੇ ?
ਸਵਾਰਿਆਏ ਅਜਬ, ਨੂਰ ਮੀਨਾਕਾਰੀ ਨੇ,
ਲਿਖੇ ਨੇ ਲੇਖ ਅਮਰ, ਸੰਗ ਤੇ ਲਿਖਾਰੀ ਨੇ।
ਹੈ ਰੂਪਮਾਨ 'ਇਲੋਰਾ' ਦਾ ਉਭਰਿਆ ਸੀਨਾ,
ਅਲਾਪਕਾਰ 'ਕੁਨਾਰਕ' ਦੀ ਹੈ ਕਿਤੇ ਵੀਨਾ,
ਕਿਤੇ-ਕਿਤੇ ਹੈ 'ਅਜੰਤਾ' ਦੀ ਦਿਵ ਰੂਪ ਨੁਹਾਰ
ਪੁਸ਼ਪ ਲਤਾਵਾਂ 'ਚ ਹਾਥੀ ਦੇ ਦੰਦ ਤੋਂ ਹੈ ਬਹਾਰ।
ਸਜੇ-ਸਜਾਏ ਇਹ ਮਨੋਹਰ ਦੁਆਰ ਬੰਦ ਨੇ ਕਿਉਂ ?
ਦੁਆਰ ਬੰਦ ਵੀ ਦਿਲ ਨੂੰ ਮੇਰੇ ਪਸੰਦ ਨੇ ਕਿਉਂ ?

ਮੈਂ ਉਸ ਵੇਲੇ ਵੀ ਆਇਆ, ਜਦੋਂ ਸੁਨਹਿਰੀ ਤੀਰ,
ਬਣਾਂ 'ਚ ਕਰਨ ਪਏ, ਕਾਲੀ ਹਰਨੀਆਂ ਦਾ ਸ਼ਿਕਾਰ।
ਮੈਂ ਉਸ ਵੇਲੇ ਵੀ ਆਇਆ ਕਿ ਰੂਪਵਾਨ ਉਸ਼ਾ,
ਲੁਟਾਏ ਹੱਥ ਦੀ ਮਹਿੰਦੀ ਤੋਂ ਮੁੰਗਿਆਂ ਦਾ ਜਲਾਲ।
ਕਿਤੇ ਛਿਣਕ ਦੀ ਉਹ ਕੇਸਾਂ ਚੋਂ ਲਿਸ਼ਕ ਸੰਦਲ-ਬੂਰ,
ਕਿਤੇ ਖਿਲਾਰ ਰਹੀ ਪੀਲੇ ਕੁੰਦਨਾਂ ਦੀ ਬਹਾਰ।
ਦੁਆਰ ਰੂਪ ਦੀ ਨਕਸ਼ੀ ਤੋਂ ਜਗਮਗਾਏ ਹੋਏ,
ਦਲ੍ਹੀਜ਼ ਕਿਰਨ ਦੇ ਸੋਨੇ ਤੋਂ ਹੋ 'ਰਹੀ ਪੁਖਰਾਜ।
ਇਹ ਬੰਦ ਕਿਉਂ ਨੇ ਜੇ ਸਭ ਆਦਮੀ ਸਵਾਰੇ ਨੇ ?
ਮਹੰਤ-ਵਕਤ ਨੇ ਕੀ ਇਹ ਦੁਆਰ ਮਾਰੇ ਨੇ ?

ਮੈਂ ਓਸ ਵੇਲੇ ਵੀ ਆਇਆ ਲਤਾ ਦੀ ਹਰ ਮੇਵੀ,
ਸੁਰਿਸ਼ਮ-ਡੋਰ ਨੇ ਗੁੰਦੀ, ਸੁਗੰਧੀਆਂ ਦੇ ਨਾਲ ।
ਮੈਂ ਓਸ ਵੇਲੇ ਵੀ ਆਇਆ ਕਿ ਦੂਰ ਤੋਂ ਦਿਨਕਰ,
ਜ਼ਰਾ ਕੁ ਖੋਲ੍ਹ ਕੇ ਅੱਖੀ ਨੂੰ ਗਾਲਦਾ ਏ ਫ਼ੁਲਾਦ ।
ਮੈਂ ਓਸ ਵੇਲੇ ਵੀ ਆਇਆ, ਖਾਮੋਸ਼ੀਆਂ ਦੇ ਨਾਗ,
ਡਰਾ ਰਹੇ ਸੀ ਮੇਰੇ ਸੁਪਨਿਆਂ ਦੀ, ਸੋਹਨੀ ਨੂੰ ।
ਹਜ਼ਾਰ ਸ਼ਿੰਗਰਫ਼ੀ-ਆਸਾਂ ਦੇ ਪਰ ਫੜਕਦੇ ਨੇ,
ਤੜਪਦੀ ਰਹਿੰਦੀ ਏ ਭਾਵਾਂ ਦੇ ਪੰਛੀਆਂ ਦੀ ਉਡਾਰ ।
ਮਹੰਤ-ਵਕਤ ਨੇ ਜੋ ਇਹ ਦੁਆਰ ਮਾਰੇ ਨੇ,
ਕੀ ਆਦਮੀ ਦੇ ਲਈ ਇਹ ਕਿਵਾੜ ਭਾਰੇ ਨੇ ?

ਮਹੰਤ-ਵਕਤ ਨੂੰ ਆਖਰ ਸਦਾ ਬਹਾਰੀ ਦੀਪ,
ਕਿਸੇ ਨੇ ਭੇਟ ਚੜ੍ਹਾਇਆ ਨਹੀਂ ਹਮੇਸ਼ ਲਈ ।
ਮਹੰਤ-ਵਕਤ ਦੇ ਬੇ-ਦਰਦ, ਸ਼ੇਰ-ਮੂੰਹ 'ਆਸੇ',
ਚਮਕਦੇ, ਲਿਸ਼ਕਦੇ, ਸੋਨੇ ਦੇ ਤੇਜ਼-ਤਰ ਨੇਜ਼ੇ,
ਮਹੰਤ-ਵਕਤ ਦੇ ਹੀਰੇ ਤੇ ਮੋਤੀਆਂ ਦੀ ਕਟਾਰ,
ਮਹੰਤ-ਵਕਤ ਦੇ ਚਾਂਦੀ ਸਮਾਨ ਉਜਲੇ-ਜਾਲ,
ਮਹੰਤ-ਵਕਤ ਦੇ ਛਲ, ਧੂਪ, ਦੀਪ ਦਾ ਪਰਦਾ ;
ਅਰੂਪ-ਸਤਿ ਦੀ ਆਵਾਜ਼ ਨੂੰ ਕੀ ਰੋਕੇਗਾ ?

ਖਿਆਲ-ਕਿਰਨ ਤੇ ਕੋਈ ਦੁਆਰ ਬੰਦ ਨਹੀਂ,
ਉਮੀਦ-ਰਿਸ਼ਮ ਹੈ ਆਕਾਰ ਤੱਤ ਕੋਲੋਂ ਬਰੀਕ ।
ਮਹੰਤ-ਵਕਤ ਨੇ ਜੋ ਇਹ ਦੁਆਰ ਮਾਰੇ ਨੇ,
ਬਹਾਰ ਕਹਿੰਦੀ ਏ "ਪੁੱਠੇ ਦਿਨਾਂ ਦੇ ਕਾਰੇ ਨੇ" ।

— o —

# ਰੋਜ਼ੀਏ !

ਭਗਵੰਤ ਸਿਘ

ਹੰਝੂਆਂ ਭਿਜੀਏ ਰੋਜ਼ੀਏ !
ਕੀ ਹੋਣਾ ਏ ਤੈਥੋਂ ਅੜੀਏ
ਸਾਡੀ ਭੁੱਖ ਦਾ ਰੱਜ ਨੀਂ ।

ਕੌਣ ਸੁਣੂ ਹੁਣ ਹੋਣੀਏਂ
ਦੋਜ਼ਖ ਅੱਗ ਬੁਝਾਣ ਦੇ
ਕੂੜੇ ਤੇਰੇ ਪੱਜ ਨੀ।

ਅਣਖ ਵਿਹੂਣੀਏਂ ਸੁਰਤੀਏ
ਕਿਉਂ ਜੰਮੀਂ ?
ਜੇ ਇਸ ਤਰ੍ਹਾਂ
ਸੀ ਅਕਲ ਨੂੰ
ਲਾਉਣੀ ਬੱਜ ਨੀ ।

ਕੰਮ ਕਿਸੇ ਨਹੀਂ ਆਉਣੇ
ਰੁਖੀ ਸੁੱਖੀ ਖਾਕੇ
ਠੰਡਾ ਪਾਨੀ ਪੀਣ ਦੇ
ਤੂੰ ਸਿੱਖੇ ਜੋ ਚੱਜ ਨੀ।

ਗੌਰਵ ਗਹਿਣੇ ਰਖ ਕੇ
ਰਿਜ਼ਕ ਸਬਾਹੀਂ ਦੇਂਦੀਏ
ਕਾਣੀ ਵੰਡ ਕਰੇਂਦੀਏ
ਕਰਮਾਂ ਹੀਣ ਕੁਨੀਤੀਏ !
ਆਖਰ ਤੈਨੂੰ ਲਵੇਗੀ
ਬੇਗ਼ੈਰਤ ਦੀ ਲੱਜ ਨੀ।

ਮਕਰਾਂ ਪਿਟੀਏ ਰੋਜ਼ੀਏ !
ਕਲ ਸਜਦੇ ਸੀ ਕਰ ਰਹੀ
ਹੂਹ ਜੋ ਭੁਖ ਵਿਲੂੰਦਰੀ
ਕਾਰੇ ਹੋਰ ਕਰਨ ਦੇ
ਢਬ ਸੋਚੇ ਉਸ ਅੱਜ ਨੀ।

ਬੀਜਣ ਵਾਲੇ ਕਟਸਣ
ਕੰਡੇ ਹੋਣ ਜਾਂ ਹੋਏ ਅੰਨ
ਲੁਟ-ਖਸੁਟ ਦ ਦਿਨ ਪੁਗੇ
ਚਤਰਾਈ ਹੁਣ ਤੱਜ ਨੀ।

ਦੁਨੀਆਂ ਬਾਗ ਸੁਹਾਵਣਾ
ਆਖ਼ਰ ਤਾਂ ਛਡ ਜਾਵਣਾ,
ਹੱਬਾ ਕੁਝ ਇਹ ਜਾਣਦਾ
ਹੋਰਾਂ ਈਨ ਮੰਨਾਵੰਦਾ
ਅਭਿਮਾਨੀ ਉਸ ਪੁਰਸ਼ ਦੇ
ਜੀਵਨ ਦਾ ਕੀ ਹੱਜ ਨੀ ।

ਹੰਝੂਆਂ ਭਿਜੀਏ ਰੋਜ਼ੀਏ !
ਕੀ ਹੋਣਾ ਏਂ ਤੈਥੋਂ ਅੜੀਏ
ਸਾਡੀ ਭੁੱਖ ਦਾ ਰੱਜ ਨੀ !!

— o —

# ਇਕ ਸਵਾਲ

ਹਰਭਜਨ ਹੁੰਦਲ

ਜੰਗ ਬਾਰੇ ਮੈਂ ਕਈ ਕਵਿਤਾਵਾਂ ਸੋਚ ਰਿਹਾ ਹਾਂ।

ਇਕ ਕਵਿਤਾ ਵਿਚ ਉਸ ਮਿੱਤਰ
ਦਾ ਜ਼ਿਕਰ ਕਰਾਂਗਾ,
ਜਿਹੜਾ ਮੇਰੇ ਸਮਝਾਇਆਂ ਵੀ,
ਸਦਾ ਜਗ ਦੇ ਸੋਹਲੇ ਗਾਉਂਦਾ।
ਆਪਣੇ ਦੇਸ਼ ਦੀ ਇਜ਼ਤ ਖਾਤਰ,
ਸੀਮਾਂ ਉਤੇ
ਜੂਝ ਮਰਨ ਦੇ ਨਾਹਰੇ ਲਾਉਂਦਾ।
ਰਾਤ ਜਦੋਂ ਪਰ ਅੰਬਰ ਉਤੇ,
ਬੰਬਾਰਾਂ ਨੇ ਗੂੰਜਾਂ ਪਾਈਆਂ,
ਤੇ ਧਰਤੀ ਤੇ ਮਾਰੂ ਗੋਲੇ ਫੱਟਣ ਲੱਗੇ,
ਤਾਂ ਉਹ ਮਿੱਤਰ ਦਿਨ ਚੜ੍ਹਦੇ ਹੀ
ਲੈ ਕੇ ਆਪਣਾ ਗਹਿਣਾ ਗੱਟਾ
ਬਾਲ ਨਿਆਣੇ
ਦਿੱਲੀ ਵੱਲ ਨੂੰ ਉੱਠ ਦੌੜਿਆ।

ਉਸ ਹੱਟੀ ਵਾਲੇ ਦੀ ਬਾਬਤ
ਕਾਹਨੂੰ ਕਵਿਤਾ ਜ਼ਾਇਆ ਕਰਨੀ,
ਜਿਸ ਨੇ ਮੈਨੂੰ ਕੋਲ ਸੱਦ ਕੇ
ਸਮਝਾਇਆ ਸੀ,
"ਜੰਗ ਲੱਗੀ ਹੈ
ਤੇਲ ਬੜਾ ਮਹਿੰਗਾ ਹੋ ਜਾਣਾ,
ਲੋਕਾਂ ਕੋਲੋਂ ਇਕ ਟੀਨ ਦੇ ਸੋਲਾਂ ਲਾਏਂਦੇ,
ਨਾਲ ਤੁਹਾਡੇ ਸਾਂਝ ਪੁਰਾਣੀ,
ਜੋ ਦੇਵੋ ਮਨਜ਼ੂਰ ਕਰਾਂਗੇ।

ਮੇਰੀ ਇੱਛਾ ਇਕ ਕਵਿਤਾ ਮੈਂ,
ਉਸ ਗਵਾਂਢਣ ਬਾਰੇ ਲਿਖਾਂ,
ਜਿਹੜੀ ਪਰਸੋਂ ਮੇਰੇ ਕੋਲੋਂ,
ਤਾਰ ਪੜ੍ਹਾਉਣ ਵਾਸਤੇ ਆਈ।
"ਭੈਣੇ, ਤੇਰਾ ਸਿਰਲੱਥ ਗੱਭਰੂ,
ਨਾਲ ਵੈਰੀਆਂ ਲੜਦਾ ਲੜਦਾ
ਢੇਰੀ ਹੋਇਆ।"

ਸੁਣ ਕੇ ਉਸ ਦੀਆਂ ਪਰ ਚੀਕਾਂ,
ਸਮਝ ਨਾਂ ਆਵੇ,
ਕਿਹੜੇ ਸ਼ਬਦਾਂ ਨਾਲ ਮੈਂ ਉਹਨੂੰ
ਦਿਆਂ ਦਿਲਾਸਾ,
ਸੀਮਾਂ ਦੀ ਰੱਖਿਆ ਦੀਆਂ ਉਚੀਆਂ ਗੱਲਾਂ
ਕਿੰਝ ਸਮਝਾਵਾਂ।

ਇਕ ਕਵਿਤਾ ਵਿਚ ਕਦੇ ਕਦੇ ਮੈਂ,
ਆਪਣੇ ਪਿੰਡ ਦੇ
ਇਕ ਪੁਰਾਣੇ ਦੇਸ਼ ਭਗਤ ਨੂੰ,
ਸ਼ਰਧਾ ਦੇ ਫੁੱਲ ਭੇਟ ਕਰਨ ਦੀ
ਇੱਛਾ ਕਰਦਾਂ।
ਦੇਸ਼ ਭਗਤ ਜੋ ਲੋਕਾਂ ਕੋਲੋਂ,
ਨਾਲ ਧਮਕੀਆਂ,
ਰੱਖਿਆ-ਫੰਡ ਇਕੱਠਾ ਕਰਦਾ।
ਜਿਸ ਬਾਰੇ ਪਰ ਪਿੰਡ ਦੇ ਸਾਰੇ ਲੋਕੀਂ ਕਹਿੰਦੇ,
"ਚੀਨੀ ਹਮਲੇ ਵੇਲੇ ਇਸ ਨੇ,
ਰੱਖਿਆ ਫੰਡ ਚੋਂ,
ਵਾਹਵਾ ਸੋਹਣੇ ਹੱਥ ਰੰਗੇ ਸੀ।"

ਜਦੋਂ ਕਦੇ ਪਰ ਵੇਹਲੇ ਵੇਲੇ,
ਇਹਨਾਂ ਸਾਰੀਆਂ ਕਵਿਤਾਵਾਂ ਨੂੰ
ਲਿਖਣ ਬੈਠਦਾਂ,
ਤਾਂ ਅੰਬਰ ਤੋਂ ਬੰਬਾਰਾਂ ਦੀ ਘੂਕਰ ਸੁਣਦੀ,
ਤੇ ਤੋਪਾਂ ਦੇ ਸੂਹੇ ਗੋਲੇ,
ਆਤਸ਼-ਬਾਜ਼ੀ ਖੇਡਣ ਲੱਗਦੇ।

ਜੰਗ ਬਾਰੇ ਮੈਂ ਕਈ ਕਵਿਤਾਵਾਂ ਸੋਚ ਰਿਹਾ ਹਾਂ
ਪਤਾ ਨਹੀਂ ਪਰ ਕਦੋਂ ਲਿਖਾਂਗਾ,
ਜੰਗ 'ਚ ਵਿਹਲ ਕਦੋਂ ਮਿਲਦੀ ਹੈ! (30—9—65)

# ਕੈਨਵੱਸ

ਸੁਰਿੰਦਰ ਗਿਲ

ਜਦੋਂ ਬਚਪਨ 'ਚ ਮੈਂ ਆਪਣੇ ਖਿਡਾਉਣੇ ਤੋੜ ਲੈਂਦਾ ਸਾਂ
ਮੇਰੀ ਮਾਂ ਜੋੜ ਦਿੰਦੀ ਸੀ ।

ਮੇਰਾ ਆਪਾ ਵੀ ਟੁੱਟ ਚੁੱਕਿਆ ਖਿਡਾਉਣਾ ਹੈ
ਇਹਨੂੰ ਹੁਣ ਕੌਣ ਜੋੜੇਗਾ ?

ਮੈਂ ਆਪਣੇ ਖਿੰਡ ਚੁੱਕੇ ਨਕਸ਼ਾਂ ਤੇ ਅੰਗਾਂ ਨੂੰ
ਕਿਵੇਂ ਲੱਭਾਂ, ਕਿਵੇਂ ਜੋੜਾਂ ?

ਇਹ ਬਚਪਨ ਵਿਚ ਇਕ ਬੇ-ਰੰਗ ਕੈਨਵੱਸ ਸੀ
ਕਿ ਇਸ 'ਤੇ ਕੁਝ ਵੀ ਬਣ ਸਕਦਾ ਸੀ ਉਸ ਵੇਲੇ ।
ਬਹੁਤ ਵੇਰਾਂ
ਮਹਾਂ ਕਿਰਤਾਂ ਦੀ ਕੋਸ਼ਿਸ਼ ਵਿਚ
ਬੁਰੱਸ਼ ਚੱਲੇ
ਤੇ ਫਿਰ ਮੇਟੇ ਗਏ
ਧੱਬੇ ਪਏ ।
ਤੇ ਹੁਣ ਤਾਂ ਇਸ 'ਚ ਮੈਨੂੰ ।
ਆਪਣਾ ਕੁਝ ਵੀ ਨਹੀਂ ਦਿਸਦਾ ।

ਮੈਂ ਜਦ ਇਕ ਪਿੰਡ 'ਚੋਂ ਲੰਘਣ ਸਮੇਂ
ਚੌਂਕੇ 'ਚ ਦਗਦੇ ਕੁਝ ਕੁ ਅੰਗਿਆਰੇ ਜਹੇ ਵੇਖੇ
ਤਾਂ ਮੈਨੂੰ ਜਾਪਿਆ ਉਸ ਦਿਨ,
ਮੇਰਾ ਕੁਝ ਰਹਿ ਗਿਆ ਪਿੱਛੇ ।

ਮੈਂ ਜਦ ਬਾਹਾਂ 'ਚ ਬਾਹਾਂ ਵੇਖਦਾਂ
ਹਉਕਾ ਜਿਹਾ ਭਰਦਾਂ
ਕਿ ਮੈਂ ਇਸ ਰਾਹ ਨਹੀਂ ਤੁਰਿਆ ।

ਤੇ ਅਖਬਾਰਾਂ 'ਚ ਕਈ ਖ਼ਬਰਾਂ
ਇਹੋ ਜੇਹੀਆਂ ਵੀ ਹੁੰਦੀਆਂ ਨੇ
ਮੈਂ ਆਪਣੇ ਆਪ ਨੂੰ ਦੋਸ਼ੀ ਗਿਣਨ ਲਗਦਾਂ ।

ਤੇ ਜਦ ਸੀਖਾਂ 'ਚ ਬੰਦ ਕੀਤੇ
ਬੱਬਰ ਸ਼ੇਰਾਂ ਦੀ ਗੱਲ ਸੁਣਦਾਂ
ਤਾਂ ਮੈਨੂੰ ਸ਼ਰਮ ਆਉਂਦੀ ਹੈ
ਕਿ ਮੈਨੂੰ ਕਿਉਂ ਨਹੀਂ ਫੜਿਆ ।

ਤੇ ਕਈ ਵੇਰੀਂ
ਮੈਂ ਨੰਗੇ ਜਿਸਮ ਭੋਗਣ ਦੇ ਲਈ
ਚੌਕਾਂ 'ਚ ਖੜ ਜਾਨਾਂ ।
ਅਚਾਨਕ ਮੇਰੇ ਹਮਜੋਲੀ
ਮੇਰੇ ਆਪਣੇ ਘਰਾਂ ਦੇ ਲੋਕ ਹੀ
ਰੋਹ ਦੇ ਭਰੇ
ਉਚੀਆਂ ਆਵਾਜ਼ਾਂ 'ਚ ਕੁਝ ਕਹਿੰਦੇ
ਨੇ ਲੰਘ ਜਾਂਦੇ ।

ਤੇ ਮੈਂ ਹੈਰਾਨ, ਗੁੰਮ ਸੁੰਮ ਹੀ ਖੜਾ ਰਹਿੰਨਾਂ ।

ਮੈਂ ਉਹਨਾਂ ਦਾ ਹੀ ਇਕ ਅੰਗ ਹਾਂ
ਤੇ ਟੁੱਟ ਕੇ ਗ਼ਲਤ ਥਾਂ ਡਿੱਗਿਆ ।

ਜਦੋਂ ਬਚਪਨ 'ਚ ਮੈਂ ਆਪਣੇ ਖਿਡਾਉਣੇ ਤੋੜ ਲੈਂਦਾ ਸਾਂ
ਮੇਰੀ ਮਾਂ ਜੋੜ ਦਿੰਦੀ ਸੀ ।
ਮੇਰਾ ਆਪਾ ਵੀ ਟੁੱਟ ਚੁੱਕਿਆ ਖਿਡਾਉਣਾ ਹੈ,
ਇਹਨੂੰ ਹੁਣ ਕੌਣ ਜੋੜੇਗਾ ?

— o —

# ਸਿੱਕੇ ਦੇ ਦਾਗ਼

ਸ. ਸ. ਮੀਸ਼ਾ

ਆਉ ਦੋ ਪਲ
ਹੁਣ ਦੇ ਸਭ ਧੰਦਿਆਂ ਤੋਂ ਬਚ ਕੇ,
ਗਹਿਮਾ ਗਹਿਮੀ ਭਰੇ ਬਾਜ਼ਾਰਾਂ ਥਾਣੀ,
ਤਵਾਰੀਖ ਦੇ ਤੰਗ ਰਾਹਾਂ ਚੋਂ ਲੰਘ ਕੇ,
ਹਰ ਮੰਦਰ ਸਾਹਿਬ ਦੇ ਨੇੜੇ,
ਇਕ ਖੁਲ੍ਹੇ ਮੈਦਾਨ 'ਚ ਫੇਰਾ ਪਾਈਏ।
ਇਸ ਧਰਤੀ ਨੂੰ ਸੀਸ ਨਿਵਾਈਏ
ਇਸ ਮਿਟੀ ਦੀ ਚੁਟਕੀ ਮੱਥੇ ਲਾਈਏ।

ਇਸ ਮੈਦਾਨ ਦੇ ਚੌਹੀਂ ਪਾਸੀਂ
ਕੁਝ ਨਿਕੀਆਂ ਤੇ ਕੁਝ ਵੱਡੀਆਂ ਇੱਟਾਂ ਦੇ,
ਬਹੁ ਮੰਜ਼ਲੇ ਘਰ ਵਸਦੇ ਰਸਦੇ,
ਜਿਨ੍ਹਾਂ ਦੀਆਂ ਕੰਧਾਂ ਤੇ ਲੱਗੇ,
ਇਹ ਸਿੱਕੇ ਦੇ ਜ਼ਖਮ ਪੁਰਾਣੇ,
ਸਾਨੂੰ ਸਾਡੇ ਸੰਘਰਸ਼ਾਂ ਦੀ ਵਿਥਿਆ ਦਸਦੇ।

ਇਹ ਪੱਥਰ ਦੀ ਲਾਟ ਨਿਸ਼ਾਨੀ,
ਓਸ ਅਜ਼ਮ ਦੀ
ਜਿਸ ਨੂੰ ਅਤਿਆਚਾਰ ਕਹਿਰ ਦੇ ਠੱਕੇ,
ਝੱਖੜ
ਕਦੀ ਬੁਝਾ ਨਹੀਂ ਸਕੇ।

— ੦ —

ਅਸੀਂ ਹਾਂ ਜਿਸ ਬੂਟੇ ਦੀ
ਚਿਤਕਬਰੀ ਜਿਹੀ ਛਾਵੇਂ ਬੈਠੇ,
ਸਾਡੇ ਬੱਚਿਆਂ

ਜਿਸ ਦਾ ਮਿੱਠਾ ਫਲ ਖਾਣਾ ਹੈ।
ਇਸ ਮੈਦਾਨ 'ਚ ਉਸ ਬੂਟੇ ਨੂੰ
ਸਾਡੇ ਵੱਡਿਆਂ
ਹਿੰਦੂਆਂ ਸਿੱਖਾਂ ਅਤੇ ਮੋਮਨਾਂ,
ਸਾਂਝੀ ਰੱਤ ਪਾ ਕੇ ਸਿੰਝਿਆ ਸੀ।

ਆਪ ਵਿਸਾਖੀ ਸਾਖੀ ਹੋਈ,
ਐਤਵਾਰ ਦੇ ਲੌਢੇ ਵੇਲੇ
ਜਦ ਹੰਕਾਰੇ ਹਾਕਮ ਨੇ ਸੀ
ਜਬਰ ਜ਼ੁਲਮ ਦੀ ਵਾਢੀ ਪਾਈ
ਪਲਾਂ ਛਿਨਾਂ ਵਿਚ
ਬੇਦੋਸ਼ੇ ਮਾਸੂਮ ਨਿਹੱਥੇ,
ਜਿਸਮਾਂ ਦੇ ਸੀ ਸੱਥਰ ਲੱਥੇ।

ਪਰ ਜਿਸਮਾਂ ਦੇ ਅੰਦਰ ਬਲਦੀ,
ਲਾਟ ਕਦੀ ਨਹੀਂ ਮੱਧਮ ਹੁੰਦੀ।
ਤੇ ਸਿੱਕੇ ਦੀ ਵਾਛੜ ਵਿਚ ਵੀ
ਸੱਚ ਕਦੀ ਨਾਂ ਜ਼ਖ਼ਮੀ ਹੁੰਦਾ,
ਤੇ ਆਦਰਸ਼ ਕਦੀ ਨਾਂ ਮਰਦੇ।

ਇਹ ਸਿੱਕੇ ਦੇ ਦਾਗ ਨਹੀਂ ਹਨ,
ਜਲਿਆਂ ਵਾਲੇ ਬਾਗ ਦੀਆਂ ਕੰਧਾਂ ਦੇ ਉਤੇ,
ਉੱਕਰਿਆ ਇਤਿਹਾਸ ਹੈ ਸਾਡੇ।

ਇਸ ਮੈਦਾਨ 'ਚ ਲਹੂ ਦੇ ਸਿੰਝੇ,
ਫੁਲਾਂ ਨੇ ਨਿਤ ਮੁਸਕਾਣਾ ਹੈ।
ਏਸ ਬਿਰਛ ਨੇ ਹੈ ਹਾਲੀ ਘਣਛਾਵਾਂ ਹੋਣਾ।
ਸਾਡੇ ਬੱਚਿਆਂ
ਜਿਸ ਦਾ ਮਿਠਾ ਫਲ ਖਾਣਾ ਹੈ।

— o —

## ਇਕ ਕਵਿਤਾ

**ਵਰਿਆਮ ਅਸਰ**

(ਪਿਘਲੇ ਹੋਏ ਲੋਹੇ ਅਤੇ ਬਰਫ ਦੇ ਮਕਾਨ ਦੇ
ਦਰਮਿਆਨ ਖਲੋਤਿਆਂ)

ਦਸਤਕ ਦੇਣਾ ਫਜ਼ੂਲ ਹੈ !
ਦੇਖਦਾ ਨਹੀਂ—?
ਰੌਸ਼ਨੀ ਬੁਝ ਚੁਕੀ ਹੈ ।

ਨੇਰ੍ਹੇ 'ਚ ਕਿਸੇ ਸੱਪ ਦੇ ਸਿਰ,
ਪੈਰ ਜੇ ਧਰਿਆ ਗਿਆ—
ਮਾਰਿਆ ਜਾਏਂਗਾ !
ਨੇਰ੍ਹੇ ਦੀ ਖੱਪ 'ਚ ਤੇਰੀ ਕੌਣ ਸੁਣੇਗਾ ?
ਤੇਰੀ ਕੌਣ ਸੁਣੇਗਾ ?

ਤੂੰ 'ਪੂਰਨ' ਤਾਂ ਹੈ ਨਹੀਂ
ਬਾਰਾਂ ਬਰਸ ਦੀ ਕੈਦ ਦੇ ਪਿਛੋਂ
ਜਿਹੜਾ 'ਲੂਣਾਂ' ਦੀ ਇੱਛਾ ਪੂਰਣ ਤੋਂ ਮੁਨਕਰ
ਆਪਣੇ ਧਰਮ ਦੀ ਖ਼ਾਤਰ—
ਹੱਥ ਕਟਾਵੇ ;
ਪੈਰ ਕਟਾਵੇ ;
ਖੂਹ ਵਿਚ ਡਿੱਗੇ,
ਫਿਰ ਵੀ ਸਾਦ ਮੁਰਾਦਾ ਜੋਗੀ,
'ਸੁਦਰਾਂ' ਦੇ ਮਹਿਲਾਂ ਵਿਚ ਫਿਰਦਾ ।
ਤੂੰ ਤਾਂ 'ਇੱਛਰਾਂ' ਵਿਚ ਲੂਣਾਂ ਦੀ ਹੋਂਦ ਕਲਪਦਾ
ਤੂੰ ਸੰਕਲਪਾਂ ਵਿਚ ਹੀ ਅੰਤਾਂ ਦਾ ਏਂ ਭੋਗੀ ।
ਤੂੰ 'ਪੂਰਨ' ਤਾਂ ਹੈ ਨਹੀਂ !

## ਹਣ ਤਾਂ... ।

**ਫ਼ਤਿਹਜੀਤ**

ਹੁਣ ਤਾਂ ਹੰਝੂ ਚੀਰਕੇ
ਲੰਘ ਜਾਵਣ ਨੂੰ ਜੀ ਕਰਦਾ ਹੈ
ਹੁਣ ਤਾਂ ਆਪਣੀ ਪੀੜ ਵੀ
ਦਿਲ ਨੂੰ ਧੋਖਾ ਜਾਪੇ,
ਆਪਣੇ ਵਿਸ਼ਵਾਸ਼ ਦੀਆਂ ਬਾਹਾਂ ਵਿੱਚ
ਕੁਝ ਸਹਿਮ, ਨਿਮਰਤਾ, ਕੰਪਣ
ਕਿਉਂ ਜੀਵੇ ?
ਕਿਉਂ ਨ ਆਪਾ
ਖੁਦ-ਕਸ਼ੀਆਂ ਦੇ ਝੇੜੇ ਛੱਡ ਕੇ
ਥੰਮ ਦੇ ਵਾਂਗ ਖਲੋਵੇ,
ਨਿਰਭੈ ਰੂਪ ਸਜਾਕੇ ਆਪਣਾ
ਆਪ ਮਸੀਹਾ ਹੋਵੇ ।
ਇਹ ਦੁਨੀਆਂ ਤਾਂ
ਡਰਦਿਆਂ ਤਾਈਂ ਡਰਾਵੇ
ਨਿੱਤ ਪਰਲੋ ਲੈ ਆਵੇ ।
ਕਿਹੜਾ ?
ਅਜ ਦੀ ਦੁਨੀਆਂ ਅੰਦਰ
ਆਪਣੇ ਹੱਕ ਦੀ ਖਾਤਰ ਲੜਨਾ
ਅਵਗੁਣ ਸਮਝੇ
ਤੇ ਹੰਝੂਆਂ ਦਾ ਜੀਵਨ ਜੀਕੇ
ਮਰਨਾ ਲੋਚੇ ।
ਅਸੀਂ ਤਾਂ ਆਪਣੇ ਚੀਰਕੇ ਹੰਝੂ
ਲੰਘ ਜਾਣਾ ਹੈ
ਹੁਣ ਤਾਂ ਆਪਣੀ ਪੀੜ ਵੀ
ਦਿਲ ਨੂੰ ਧੋਖਾ ਜਾਪੇ ।

# ਸੰਧਿਆ

**ਨਿਰਮਲ ਅਰਪਣ**

ਤੜਕਸਾਰ ਜਦ ਸੂਰਜ ਚੜ੍ਹਦਾ
ਮੇਰਾ ਮਨ ਇਕ ਇੱਛਿਆ ਕਰਦਾ
ਮੈਂ ਅੱਜ ਏਸ ਦਿਵਸ ਦਾ ਨਾਇਕ ਬਣਨਾ

ਸਾਰਾ ਦਿਨ ਫਿਰ ਮੌਨ ਬਦਲੀਂ
ਸੂਰਜ ਕਿਰਨਾਂ ਅਗ ਲਾਉਂਦੀਆਂ
ਜਿਸਮ ਮੇਰੇ ਚੋਂ ਮੁੜ੍ਹਕਾ ਚੋਂਦਾ

ਤਿੱਖੜ ਦੁਪਹਿਰ ਢਲ ਜਾਵਣ 'ਤੇ
ਜੋ ਵੀ ਜੁੜਦਾ:
ਦੁੱਖ, ਬੀਮਾਰੀ, ਭੁੱਖ, ਭਟਕਣਾ
ਲੈਕੇ ਮੁੜਦਾ
ਸੱਜਰੀਆਂ ਸੱਟਾਂ ਨਾਲ ਮੇਰੇ ਅੰਗ ਤੜਪਦੇ

ਘਰ, ਗਲੀਆਂ, ਸ਼ਹਿਰ, ਦੇਸ ਦੀਆਂ ਹੱਦਾਂ ਟੱਪਦਾ
ਆਪਣੇ ਦੁੱਖਾਂ, ਤਕਲੀਫ਼ਾਂ ਦਾ ਗੁੱਸਾ
ਆਪਣੇ ਹੀ ਸਾਹਾਂ 'ਤੇ ਕਢਦਾ
ਇਸ ਬਸਤੀ ਵਿਚ ਆ ਟਿਕਦਾ ਹਾਂ—
ਜਿੱਥੇ ਆਪਣੀ ਹੋਂਦ ਗੁਆਕੇ
ਨਫ਼ਰਤ ਵਿਚ ਪਲਣਾ ਸਿਖਿਆ ਹੈ ।

— ੦ —

# ਗੁਰਬਾਣੀ ਦਾ ਵਾਕ

ਅਮਰਜੀਤ ਸਿੰਘ

'ਖਾਨਣ ਪਹਿਨਣ ਜਿਸ ਦੀਆਂ......'
ਕਰਾਂ ਉਸ ਅਗੇ ਅਰਦਾਸ ।

ਮੇਰੇ ਸਾਹਵੇਂ ਆਣ ਖਲੀ ਹੈ
ਮੇਰੀ ਪਤਨੀ
ਮੇਰੇ ਬੱਚੇ
ਕਾਹਦਾ ਇਹਨਾਂ ਸਿਰ ਇਹਸਾਨ !

ਕੀ ਮੰਗਣਾ ਏ ਉਸ ਰੱਬ ਕੋਲੋਂ

ਪਤਨੀ ਮੰਗੇ
ਹੋਰ ਨਾ ਕੋਈ ਬਚੜਾ ਹੋਵੇ
(ਉਹ ਤਾਂ ਮੈਥੋਂ ਜੇਬ ਖਰਚ ਵੀ ਮੰਗਦੀ)
ਝੰਡੀਆਂ ਵਾਲੇ ਬਾਬੇ ਦੇ ਦਰ
ਵੀਰਵਾਰ ਜਾ, ਝੰਡੀਆਂ ਬੰਨ੍ਹ ਬੰਨ੍ਹ
ਉਸ ਅਗੇ ਕਰਦੀ ਅਰਦਾਸ

'ਬਾਬਾ
ਸਾਡਾ ਜੀਵਨ ਸੁਖੀ ਬਣਾਈਂ
ਪਤੀ ਮੇਰੇ ਨੂੰ ਰਖ ਹੱਥ ਬਚਾਈਂ
(ਉਹ ਜੋ ਕਬਰ ਦੇ ਅੰਦਰ ਸੁੱਤਾ
ਦੇਵੇ ਲੰਮਾ ਜੀਵਨ ਦਾਨ)
ਅਗਲੇ ਵੀਰ ਮੈਂ ਤੇਰੇ ਦਰ ਤੇ
ਘਿਓ ਦੀ ਜੋਤ ਜਗਾਵਣ ਆਸਾਂ
(ਹਰ 'ਵੀਰ' ਮੈਂ ਆ ਨਹੀਂ ਸਕਦੀ)

ਆਦਤ ਹੀ ਤਾਂ ਹੈ
ਨਸਲ ਸਾਡੀ ਦੀ
ਭਿਖਿਆ ਮੰਗ ਮੰਗ ਖਾਣਾ ।
ਉਸ ਅਣਦਿਸ 'ਦਾਤੇ' ਦਾ
ਕਿਉਂ ਮੰਨੀਏ ਅਹਿਸਾਨ
ਮਜਬੂਰੀ ਹੈ ਆਦਤ ਦੀ
ਕਾਹਦੀ ਹੈ ਅਰਦਾਸ ।

o

— o —

# ਉਦਾਸ ਕੈਲੰਡਰ

ਮੋਹਨਜੀਤ

ਸ਼ਾਮਾਂ ਵੇਲੇ ਮਹਿਫ਼ਲ ਹੈ
ਦੋਸਤ ਦੂਰ ਦੁਰਾਡਿਓਂ ਆਏ
ਡੂੰਘੀ ਚੁੱਪ, ਲਤੀਫੇ, ਉੱਚੇ ਹਾਸੇ
"ਪੰਚਮ ਸੀਰੀਜ਼" ਦੀ ਚਰਚਾ—

ਕਿਚਨ 'ਚ ਕੱਚੇ ਤੇਲ ਦੀ ਬੋਅ
ਕੱਪ ਧੁਪਣ ਦੀਆਂ ਆਵਾਜ਼ਾਂ
ਕਦੇ ਕਦਾਈਂ
ਥੱਕੀਆਂ ਚੂਰ ਦੋ ਅੱਖਾਂ ਝਾਕਣ—

ਆਟੇ ਦਾ ਪੀਪਾ ਹੈ ਵੱਖੀ ਭਾਰ ਪਿਆ
...... ...... ...... ...
ਕਮਰੇ ਵਿਚ ਉਦਾਸ ਕੈਲੰਡਰ ਹੱਸਦਾ ਹੈ।

— o —

## ਉਲੰਘਣ

ਹਰਿਭਜਨ ਹਲਵਾਰਵੀ

ਮੇਰੇ ਪੈਰਾਂ ਵਿਚ ਦਿਸ਼ਾਵਾਂ ਦਾ ਸੰਗਮ ਹੈ।
ਚਾਰੇ ਬੰਨੇ ਨਜ਼ਰ ਦੁੜਾ ਕੇ,
ਤੇ ਆਪਣੀ ਸ਼ਕਤੀ ਨੂੰ ਟੋਹ ਕੇ,
ਮੈਂ ਮਹਿਬੂਬ-ਦਿਸ਼ਾ ਦਾ ਪੈਂਡਾ ਚੁਣ ਲੀਤਾ ਏ।
ਵਾ-ਵਰੋਲੇ ਵਾਂਗਰ
ਬਾਕੀ ਦੀਆਂ ਦਿਸ਼ਾਵਾਂ,
ਮੇਰੇ ਦੁਆਲੇ ਤੰਗ ਜਿਹੀ ਸੀਮਾ ਦਾ ਘੇਰਾ
ਵਾਹ ਗਈਆਂ ਨੇ।
ਮੈਂ ਜਦ ਵੀ ਇਸਨੂੰ
ਲੰਘਣ ਦਾ ਸਾਹਸ ਕਰਦਾਂ,
ਮੇਰੇ ਬੰਧਨ ਹੋਰ ਵੀ ਪੀਡੇ ਹੋ ਜਾਂਦੇ ਨੇ।
ਜਿਵੇਂ ਉਲੰਘਣ ਏਸ ਸਰਾਪੀ ਸੀਮਾ ਦਾ,
ਅਣਹੋਣੀ ਹੋਵੇ।
ਇਸ ਅਣਹੋਣੀ ਨੂੰ ਵਰਨਾ ਹੀ,
ਇਕੋ ਜੀਣ-ਬਹਾਨਾ ਜਾਪੇ।

— o —

## ਕੁਰੂਕਸ਼ੇਤਰ

ਦਰਸ਼ਨ ਨੱਤ

ਦੇਸ ਮੇਰੇ ਦੀ ਇੱਕ ਧੀ ਆਖੇ
ਘਰ ਵਾਲੇ ਨੂੰ
"ਤੰਗ ਗਰਾਰੇ, ਚੁਸਤ ਕਮੀਜ਼ਾਂ, ਪਨੀਟੇਲ ਹੈ
ਸੜਕੇ ਸੜਕ ਮਾਲ ਆਉਂਦਾ ਹੈ
ਔਹ ਦੇਖੋ ਜੀ!"
ਕੌਰੂ ਅਤੇ ਪਾਂਡਵਾਂ ਦੀ ਇਸ ਧਰਤੀ ਉਤੇ
ਅੱਜ ਮੇਲਾ ਹੈ, ਬੜੀ ਭੀੜ ਹੈ
"ਤੂੰ ਵੀ ਯਾਰਾ, ਕੱਲਾ ਕਾਰਾ
ਸ਼ਾਮੀਂ ਜਾਈਂ ਪਵਿੱਤਰ ਹੋਕੇ"
"ਕਿਉਂ ਜੀ, ਕਹਿੰਦੇ ਪੰਜ ਪਾਂਡਵਾਂ ਦੀ ਵੀ
ਇਕੋ ਹੀ ਪਤਨੀ ਸੀ"
"ਉਂਞ ਸਾਨੂੰ ਵੀ ਏਸ ਸ਼ਹਿਰ ਵਿਚ ਰਹਿੰਦੇ
ਪੰਜ ਬਰਸ ਗੁਜ਼ਰੇ ਨੇ"
"ਏਕਾ ਨਾਰੀ ਜਤੀ ਕਹਾਵੇ"

— o —

## ਪਰਦਰਸ਼ਨੀ

ਪ੍ਰੀਤਮ ਸਿੰਘ ਰਾਹੀ

ਝੀਲ ਦਾ ਕੰਢਾ ਹੈ,
ਸ਼ਾਮ ਹੈ, ਰਾਜਧਾਨੀ ਹੈ
ਘੁੰਮ ਰਿਹਾ ਹਾਂ—ਬੇ ਮਤਲਬ ਜਿਹਾ।

ਲੰਘ ਰਹੇ ਨੇ ਕੋਲਦੀ
ਜੋੜੇ ਹਸਦੇ ਤੇ ਮਚਲਦੇ
ਪਾਰਦਰਸ਼ੀ ਲੀੜਿਆਂ ’ਚੋਂ
ਅੰਗਾਂ ਦੀ ਗੋਲਾਈ ਵੇਖਦਾ ਹਾਂ।

‘ਕਾਮ ਨੂੰ ਆਹਾਰ ਦਿੰਦਾ ਹਾਂ,’
‘ਅਦਰ ਦਾ ਸ਼ੈਤਾਨ ਜਗਾਉਂਦਾ ਹਾਂ,’
‘ਕੱਖਾਂ ਨੂੰ ਚਿਣਗ ਲਾਉਂਦਾ ਹਾਂ’,
‘ਆਪਣੇ ਆਪ ਨੂੰ ਕੋਂਹਦਾ ਹਾਂ,’
‘ਨਗਨਤਾ ’ਚੋਂ ਮਿਠਾਸ ਲਭਦਾ ਹਾਂ,’
‘ਰਾਤਾਂ ਦਾ ਸੁੱਖ ਵੇਚਦਾ ਹਾਂ,’
ਸੜ ਰਿਹਾ ਹਾਂ, ਬੇ ਮਤਲਬ ਜਿਹਾ।

ਇਹ ਪਰਦਰਸ਼ਨੀ
ਜਿਸ ਦਾ ਦਰਸ਼ਕ ਹਾਂ ਮੈਂ ਵੀ
ਬੜੀ ਮਹਿੰਗੀ ਹੈ।

## ਇਹ ਕਿੱਦਾਂ ਦਾ ਮੌਸਮ

ਸੁਰਿੰਦਰ ਕਾਹਲੋਂ

ਇਹ ਕਿਦਾਂ ਦਾ ਮੌਸਮ ਹੈ?
ਇਹ ਕੇਹੇ ਰੁਖਾਂ ਦੀ ਮਹਿਫਲ?
ਵਾਵਾਂ ਦੇ ਵਿਚ ਕੜਵਾਪਣ ਹੈ
ਸਾਹਾਂ ਦੇ ਵਿਚ ਤੱਲਖੀ
ਰੁਖਾਂ ਦੇ ਵਿਚ ਬੈਠੀ—
ਆਸ ਖਰੋਚੇ ਮਿੱਟੀ
ਅਗ ਨੂੰ ਖਾਵੇ।
ਮੈਂ ਆਖਾਂ;
ਆਵੋ ਸਭ ਮਿਲਕੇ
ਆਸ ਦੇ ਗਿਰਦੇ ਗਿਰਦੇ ਬਹੀਏ।
ਤੇ ਸਭ ਉਸ ਦਾ ਦਰਦ ਵੰਡਾਈਏ

## ਭੈ

ਕਰਤਾਰ ਸਿੰਘ ਕੈਂਥ

ਭੂਤ ਕੋਲੋਂ ਭੈ ਕਾਹਦਾ
ਭੂਤ ਤਾਂ ਬੀਤੇ ਦੀ ਗੱਲ
ਭੈ ਤਾਂ ਭਵਿਖ ਦਾ ਹੈ
ਕੌਣ ਜਾਣੇ?
ਕਲ੍ਹ ਕੀ ਹੋਣਾ!
ਅਜ ਦੁਨੀਆਂ ਬੰਬਾਂ ’ਤੇ ਬੈਠੀ।

—o—

# ਪਰਛਾਵੇਂ

ਸ਼ਿਵ ਨਾਥ

ਮੇਰੇ ਨਾਲ ਦੀ ਨਵ-ਉਸਰੀ
ਤਿੰਨ ਮੰਜ਼ਲੀ ਬਿਲਡਿੰਗ,
ਜਿਸ ਦੀਆਂ ਸੰਗ ਮਰਮਰੀ ਕੰਧਾਂ
ਤਕਿਆਂ ਆਪਣਾ ਮੂੰਹ ਦਿਸਦਾ ਹੈ,
ਦੀ ਤੀਜੀ ਮੰਜ਼ਲ ਦੇ ਉਤੇ
ਹੋ ਰਹੇ ਨੇ ਸਾਕਾਰ ਜਿਵੇਂ ਹੁਣ
ਉਮਰ ਖ਼ਿਆਮ ਕਵੀ ਦੇ ਸੁਪਨੇ।

ਤਬਲੇ ਦੀ ਗੜਧੁਮ ਗੜਧੁਮ ਤੋਂ
ਸੁਰਤ-ਗਿਆਨ ਨੇ ਸੁਰਤ ਸੰਭਾਲੀ।
ਇੰਜ ਹੁਸਨ ਦੇ ਪੈਰ ਗ਼ਲੀਚੇ ਤੇ ਨਚਦੇ ਹਨ
ਜਿਵੇਂ ਪੇਤਲੇ ਪਾਣੀ ਤੇ ਮੁਰਗਾਬੀ ਤਰਦੀ।
ਅੰਗ ਉਭਰਦੇ ਦਿਲ ਉਕਸਾਵਣ,
ਨਜ਼ਰਾਂ ਕੁਲ ਸਹੱਪਣ ਨੂੰ ਪੀ ਜਾਣਾ ਚਾਹੁਣ;
ਜਾਮ ਛਲਕਦੇ ਮਹਿਕ ਖਿਲਾਰਨ।
ਹਰ ਇਕ ਬੰਦਾ ਮਤ-ਮਤਿਆ ਹੈ
ਕਿਉਂ ਜੋ ਇਸ ਮਹਿਫਲ ਦੇ ਅੰਦਰ
ਮਹਿਕਾਂ ਦੇ ਭੰਡਾਰ ਪਏ ਹਨ।
ਤੇ ਉਸਦੇ ਪਰਛਾਵੇਂ ਵਿੱਚ ਹੀ
ਪਤਨੀ ਪਿਆਰੇ ਬੱਚਿਆਂ ਨੂੰ ਹੈ
ਏਸ ਲਈ ਮੁੜ ਮੁੜ ਥਪੜਾਂਦੀ
ਕਿ ਉਹ ਰੋਟੀ ਖਾਣ ਬਿਨਾਂ ਨਹੀਂ
ਚੁੱਪ ਕਰਕੇ ਸੌਂ ਜਾਣਾ ਮੰਨਦੇ।
ਉਹਨਾਂ ਦਾ ਭੈ ਰਲਿਆ ਰੋਣਾ
ਉਤਲੀ ਮੰਜ਼ਲ ਦੇ ਸੁਰ-ਤਾਲਾਂ
ਦਾ ਇਕ ਹਿੱਸਾ ਹੀ ਲਗਦਾ ਹੈ।

— o —

# ਜ਼ੰਜੀਰਾਂ ਦੀ ਖਣਕ

**ਗੁਰਦੀਪ**

ਲਘਦਾ ਹਾਂ ਜਦ ਤੇਰੀ ਗਲੀ 'ਚੋਂ ਮੈਂ
ਪਾਉਂਦੀਆਂ ਨੇ ਡੰਡ ਕੜੀਆਂ ਬੇੜੀਆਂ
ਮੈਂ ਜ਼ੰਜੀਰਾਂ ਨੂੰ ਲੁਕੋਈ ਲੰਘ ਜਾਵਾਂ ਤੇਰਿਓਂ
ਕੋਈ ਵੀ ਚਾਰਾ ਨਹੀਂ
ਹਰ ਕਦਮ ਤੇ ਨਸ਼ਰ ਹੁੰਦਾ ਹੈ ਗ਼ਰੂਰ।
ਤੇਰੇ ਕੂਚੇ ਵਿਚ ਇਹ ਬੇਚਾਰਗੀ
ਸਹਿਨ ਕਰ ਹੁੰਦੀ ਨਹੀਂ
ਮੁੜ ਮੁੜਕੇ ਪੈਰਾਂ ਵਲ ਜਾਂਦੀ ਹੈ ਨਜ਼ਰ।
ਇਸ ਗਲੀ ਚੋਂ ਲੰਘਦੇ ਨੇ ਹੋਰ ਵੀ
ਨਾਲ ਜਿਨ੍ਹਾਂ ਦੇ ਨਹੀਂ ਹੁੰਦੀ ਜ਼ੰਜੀਰਾਂ ਦੀ ਖਣਕ
ਤੂੰ ਕਦੀ ਆਈ ਨਹੀਂ ਬਾਰੀ ਤੇ ਉਨ੍ਹਾਂ ਵਾਸਤੇ
ਖੁਲ੍ਹਦੀ ਹੈ ਪਰ ਤੇਰੀ ਬਾਰੀ ਜਦੋਂ ਮੈਂ ਲੰਘਦਾਂ
ਤੇਰਾ ਇੰਝ ਬਾਰੀ ਤੇ ਆਉਣਾ
ਇਸ ਛੁਲ ਦੀ ਖਣਕ ਦਾ ਸਤਿਕਾਰ ਹੈ।

— o —




# ਬੁਢ ਸੁਹਾਗਣਾਂ

● ਸੰਤ ਸਿੰਘ ਸੇਖੋਂ

ਪ੍ਰੀਤਮ ਕੌਰ ਦਾ ਪਤੀ ਤਾਰਾ ਸਿੰਘ, ਫ਼ੌਜ ਵਿਚ ਨਾਇਕ, ਛੁਟੀ ਆਇਆ ਹੋਇਆ ਸੀ ਜਦੋਂ ਪਿੰਡ ਵਿਚ ਬਾਜ਼ੀਗਰਾਂ ਨੇ ਬਾਜ਼ੀ ਪਾਈ। ਇਹ ਬਾਜ਼ੀ ਇਸ ਪਿੰਡ ਦੇ ਜੱਦੀ ਬਾਜ਼ੀਗਰ ਬਿਸ਼ਨੇ ਨੇ ਪਵਾਈ ਸੀ, ਜੋ ਇਸ ਪਿੰਡ ਦੀ ਵਾਰੀ ਵਿੱਚ ਕੋਈ ਛੇ ਵਰ੍ਹੇ ਪਿਛੋਂ ਆਈ ਸੀ। ਕਿਸ਼ਨੇ ਨੇ ਆਪਣੀ ਬਰਾਦਰੀ ਦੇ ਕਈ ਚੰਗੀ ਛਾਲ ਲਗਾਣ ਤੇ ਹੋਰ ਕਰਤਬ ਦਿਖਾਣ ਵਾਲੇ ਬਾਜ਼ੀਗਰ ਬੁਲਾਏ ਹੋਏ ਸਨ।

ਬਾਜ਼ੀ ਸ਼ਾਮ ਦੇ ਤਿੰਨ ਵਜੇ ਆਰੰਭ ਹੋਈ ਸੀ। ਸਾਰੇ ਪਿੰਡ ਦੇ ਮਰਦ, ਬੁੱਢੇ, ਗਭਰੂ ਤੇ ਮੁੰਡੇ, ਪਿੰਡ ਦੇ ਵਿਚਕਾਰਲੇ ਖੂਹ ਉਤੇ ਇਕਠੇ ਹੋਏ ਸਨ, ਜਿਸਦੇ ਇਕ ਪਾਸੇ, ਬਾਹਰ ਦੇ ਪਿੰਡ ਦੀ ਚੌੜੀ ਗਲੀ ਵਿੱਚ ਬਾਜ਼ੀ ਦਾ ਅਖਾੜਾ ਸੀ। ਇਸਤ੍ਰੀਆਂ ਤੇ ਬੱਚੇ ਚਾਰ ਚੁਫੇਰੇ ਕੋਠਿਆਂ ਉਤੇ ਖੜੇ ਹੋਏ ਸਨ। ਬਾਜ਼ੀਗਰਾਂ ਨੇ ਭਾਂਤ ਭਾਂਤ ਦੀਆਂ ਛਾਲਾਂ ਲਗਾਈਆਂ ਤੇ ਕਰਤਬ ਦਿਖਾਏ ਤੇ ਪਿੰਡ ਵਾਲਿਆਂ ਨੂੰ ਬਹੁਤ ਖ਼ੁਸ਼ ਕੀਤਾ। ਇਕ ਖੇਡ ਤੋਂ ਪਿਛੋਂ ਜਦੋਂ ਥਾਲੀ ਫੇਰੀ ਜਾਂਦੀ ਤਾਂ ਇਹ ਰੁਪਿਆਂ ਨਾਲ ਭਰੀ ਹੋਈ ਵਾਪਸ ਮੁੜਦੀ। ਤਾਰਾ ਸਿੰਘ ਨੇ ਕਈ ਵਾਰੀ ਇਸ ਵਿੱਚ ਰੁਪੇਆ ਪਾਇਆ ਤੇ ਆਪਣੀ ਵੇਲ ਪੜ੍ਹਵਾਈ।

ਇਸ ਬਾਜ਼ੀ ਵਿਚ ਸਭਨਾਂ ਤੋਂ ਨੰਬਰ ਲੈ ਜਾਣ ਵਾਲਾ ਬਾਜ਼ੀਗਰ ਬਿਸ਼ਨੇ ਦਾ ਛੋਟਾ ਭਰਾ ਕਿਸ਼ਨਾ ਸੀ। ਤੇਹਰੀ ਛਾਲ ਵਿਚ ਤਾਂ ਕਿਸ਼ਨੇ ਨੇ ਅਚੰਭਾ ਹੀ ਦਿਖਾਇਆ ਸੀ। ਛਾਲ ਵਿਚ ਦੋ ਲੋਟਣੀਆਂ ਖਾ ਕੇ ਉਹ ਸੋਲਾਂ ਹਥ ਉਤੇ ਜਾ ਕੇ ਪੈਰ ਭੋਇੰ ਉਤੇ ਲਗਾਂਦਾ ਸੀ। ਉਚੀ ਛਾਲ ਵਿਚ ਵੀ ਉਸਨੇ ਸਾਰੇ ਮਾਪ, ਦੋ ਗਜ਼ ਲੰਮਾ ਆਦਮੀ, ਉਸ ਉਤੇ ਇਕ ਛੱਜ, ਉਸ ਉਤੇ ਕੁਝ ਹੋਰ ਟੱਪ ਛਡੇ ਸਨ, ਤੇ ਉਤੋਂ ਪੰਛੀ ਵਾਕਰ ਹਵਾ ਵਿਚ ਤਰਦਾ ਲੰਘ ਗਿਆ ਸੀ।

ਤੇ ਕਿਸ਼ਨਾ ਤਾਰਾ ਸਿੰਘ ਦੇ ਆਪਣੇ ਪਿੰਡ ਦਾ ਬਾਜ਼ੀਗਰ ਸੀ, ਬਾਈ ਤੇਈ ਸਾਲ ਦਾ ਜਵਾਨ, ਤਾਰਾ ਸਿੰਘ ਦਾ ਹਮ ਉਮਰ ਹੀ ਤਾਂ ਸੀ। ਸਾਰੇ ਪਿੰਡ ਨੂੰ ਉਸ ਉਤੇ ਗਰਵ ਹੋ ਰਿਹਾ ਸੀ। ਤਾਰਾ ਸਿੰਘ

ਦਾ ਪਹਿਲਾਂ ਵੀ ਉਸ ਨਾਲ ਸਨੇਹ ਸੀ, ਪਰ ਹੁਣ ਤਾਂ ਤਾਰਾ ਸਿੰਘ ਨੇ ਜਾਣੋਂ ਉਸ ਨੂੰ ਆਪਣਾ ਹੀ ਬਣਾ ਲਿਆ।

ਬਾਜ਼ੀ ਤੋਂ ਕੁਝ ਦਿਨ ਬਾਦ ਤਾਰਾ ਸਿੰਘ ਛੁਟੀ ਖਤਮ ਹੋਣ ਉਤੇ ਛਾਉਣੀ ਵਾਪਸ ਚਲਾ ਗਿਆ। ਅਗਲੇ ਸਾਲ ਉਸ ਦੇ ਛੁਟੀ ਆਉਣ ਤੋਂ ਪਹਿਲਾਂ ਕਿਸ਼ਨੇ ਦੀ ਮੌਤ ਹੋ ਗਈ ਸੀ। ਉਹ ਕੋਈ ਸਵਾ ਮਹੀਨਾ ਮੂਹਰਕੇ ਤਾਪ ਨਾਲ ਬੀਮਾਰ ਰਹਿ ਕੇ ਮਰ ਗਿਆ ਸੀ। ਤਾਰਾ ਸਿੰਘ ਨੇ ਉਸ ਦੀ ਮੌਤ ਦਾ ਬੜਾ ਸੋਗ ਕੀਤਾ।

ਇਸੇ ਸਾਲ, **1913**, ਵਿਚ ਯੂਰਪ ਵਿਚ ਲੜਾਈ ਲਗ ਗਈ। **1914** ਵਿਚ ਤਾਰਾ ਸਿੰਘ ਪਛਮੀ ਮੋਰਚੇ ਉਤੇ ਫਰਾਂਸ ਵਿੱਚ ਬੁਲਾ ਲਿਆ ਗਿਆ। **1915** ਦੇ ਮੁਢ ਵਿਚ ਉਸ ਦੇ, ਤੋਪ ਦਾ ਗੋਲਾ ਲਗ ਜਾਣ ਨਾਲ, ਜਦੋਂ ਉਹ ਕੋਈ ਜ਼ਰੂਰੀ ਸਨੇਹਾ ਕਿਧਰੇ ਲੈ ਜਾ ਰਿਹਾ ਸੀ, ਮਰ ਜਾਣ ਦੀ ਖ਼ਬਰ ਆ ਗਈ। ਕਿਸ਼ਨੇ ਦੀ ਵਹੁਟੀ ਵਾਂਕਰ ਪ੍ਰੀਤਮ ਕੌਰ ਵੀ ਵਿਧਵਾ ਹੋ ਗਈ।

ਕਿਸ਼ਨੇ ਦੀ ਵਹੁਟੀ ਰਲੀ ਉਪਰ ਉਸ ਦੇ ਜੇਠ ਬਿਸ਼ਨੇ ਨੇ ਚਾਦਰ ਪਾ ਲਈ ਸੀ। ਉਸ ਪਾਸ ਕਿਸ਼ਨੇ ਦਾ ਇਕੋ ਇਕ ਪੁੱਤਰ ਨਿਸ਼ਾਨੀ ਸੀ, ਜਿਸ ਦੀ ਸ਼ਕਲ, ਚਾਲ ਢਾਲ ਸਾਰੀ ਕਿਸ਼ਨੇ ਨਾਲ ਮਿਲਦੀ ਸੀ। ਪਰ ਰਲੀ ਭਾਵੇਂ ਇਕ ਤਰ੍ਹਾਂ ਨਾਲ ਮੁੜ ਸੁਹਾਗਣ ਹੋ ਗਈ ਸੀ ਉਹ ਆਪਣੇ ਆਪ ਨੂੰ ਵਿਧਵਾ ਹੀ ਸਮਝਦੀ ਸੀ। ਉਸ ਨੇ ਬਿਸ਼ਨੇ ਦੀ ਹੋ ਕੇ ਇਕ ਪੁੱਤਰ ਵੀ ਜਣ ਲਿਆ ਸੀ, ਪਰ ਤਾਂ ਵੀ ਉਸ ਨੂੰ ਸੁਹਾਗ ਦਾ ਅਨੁਭਵ ਨਹੀਂ ਸੀ ਹੋ ਰਿਹਾ। ਕਾਰਣ ਸ਼ਾਇਦ ਇਹ ਸੀ ਕਿ ਬਿਸ਼ਨੇ ਦੇ ਘਰ ਉਸ ਦੀ ਪਹਿਲੀ ਵਹੁਟੀ ਵੀ ਸੀ, ਜੋ ਦੋ ਧੀਆਂ ਦੀ ਮਾਂ ਸੀ। ਬਿਸ਼ਨਾ ਉਂਜ ਵੀ ਕਿਸ਼ਨੇ ਦਾ ਇਕ ਚੌਥਾ ਪਾਇਆ ਵੀ ਨਹੀਂ ਸੀ। ਜਿਥੇ ਕਿਸ਼ਨਾ ਲੰਮਾ ਲੰਝਾ ਜਵਾਨ ਸਚਮੁਚ ਦਾ ਬਾਜ਼ੀਗਰ ਦਿਸਦਾ ਸੀ, ਬਿਸ਼ਨਾ ਛੋਟੇ ਕਦ ਦਾ ਇਕ ਕੰਮੀ ਜਿਹਾ ਪ੍ਰਤੀਤ ਹੁੰਦਾ ਸੀ। ਉਹ ਬਾਜ਼ੀ ਵੀ ਨਹੀਂ ਲਗਾਂਦਾ ਸੀ। ਉਹ ਤਾਂ ਕੇਵਲ ਇਕ ਹੋਰ ਕੰਮੀਆਂ ਜਿਹਾ ਸਾਧਾਰਣ ਗ੍ਰਹਸਥੀ ਸੀ। ਰਲੀ ਦੀ ਆਤਮਾ ਲਈ ਉਹ ਕਿਸ਼ਨੇ ਦੀ ਥਾਂ ਨਹੀਂ ਪੁਰ ਸਕਦਾ ਸੀ।

ਪ੍ਰੀਤਮ ਕੌਰ ਦੇ ਕੋਈ ਕੂੜੀ ਸਚੀ ਦਾ ਦਿਉਰ ਜੇਠ ਵੀ ਨਹੀਂ ਸੀ। ਇਸ ਲਈ ਉਸ ਦੇ ਕਿਸੇ ਹੋਰ ਨੂੰ ਸਿਰ ਧਰ ਲੈਣ ਦਾ ਸਵਾਲ ਹੀ ਨਹੀਂ ਉਠਦਾ ਸੀ। ਮਾਪੇ ਉਸਦੇ ਪੁਰਾਣੇ ਖਿਆਲਾਂ ਦੇ ਸਨ। ਉਹ ਉਸ ਨੂੰ ਕਿਧਰੇ ਹੋਰ ਥਾਂ ਬਿਠਾਣ ਵਾਲੇ ਵੀ ਨਹੀਂ ਸਨ। ਤੇ ਭਾਵੇਂ ਸਮਾਚਾਰ ਦੇ ਅਧੀਨ ਹੀ ਹੋਵੇ, ਪ੍ਰੀਤਮ ਕੌਰ ਆਖਦੀ ਸੀ, ਉਹ ਹੋਰ ਕਿਧਰੇ ਬੈਠਣਾ ਤਾਂ ਕੀ ਜੇ ਕੋਈ ਦਿਉਰ ਜੇਠ ਹੁੰਦਾ ਉਸ ਨੂੰ ਸਿਰ ਧਰਨ ਵਾਲੀ ਵੀ ਨਹੀਂ ਸੀ। ਉਸ ਕੋਲ ਵੀ ਤਾਰਾ ਸਿੰਘ ਦੀ ਨਿਸ਼ਾਨੀ ਇਕ ਪੁੱਤਰ ਸੀ, ਤੇ ਇਹ ਵੀ ਇੰਨ ਬਿੰਨ ਤਾਰਾ ਸਿੰਘ ਦੀ ਸ਼ਕਲ ਦਾ ਹੀ ਸੀ। ਪ੍ਰੀਤਮ ਕੌਰ ਦਾ ਇਕ ਪੜ੍ਹਿਆ ਲਿਖਿਆ ਭੂਆ ਦਾ ਪੁੱਤਰ ਉਸ ਨੂੰ ਤਾਰਾ ਸਿੰਘ ਦੀ true copy ਅਰਥਾਤ ਸਹੀ ਨਕਲ ਆਖ ਕੇ ਪ੍ਰੀਤਮ ਕੌਰ ਨੂੰ ਖੁਸ਼ ਕਰ ਦੇਂਦਾ ਹੁੰਦਾ ਸੀ।

ਰਲੀ ਨੂੰ ਪ੍ਰੀਤਮ ਕੌਰ ਪਹਿਲਾਂ ਕੋਈ ਬਹੁਤਾ ਨਹੀਂ ਸੀ ਜਾਣਦੀ। ਪਰ ਉਸ ਬਾਜ਼ੀ ਵਾਲੇ ਦਿਨ ਤੋਂ ਪਿਛੋਂ ਜੇ ਤਾਰਾ ਸਿੰਘ ਦਾ ਕਿਸ਼ਨੇ ਵਲ ਸਨੇਹ ਵਧ ਗਿਆ ਸੀ, ਤਾਂ ਪ੍ਰੀਤਮ ਕੌਰ ਵੀ ਰਲੀ ਨੂੰ ਜਾਣੋਂ ਇਕ ਸਹੇਲੀ ਹੀ ਸਮਝਣ ਲਗ ਪਈ ਸੀ। ਰਲੀ ਵੀ ਉਸਦੀ ਸਖੀ ਬਣਕੇ ਖੁਸ਼ ਸੀ

ਕਿਸ਼ਨੇ ਦਾ ਪੁੱਤਰ ਇੰਦਰ ਤੇ ਤਾਰਾ ਸਿੰਘ ਦਾ ਪੁੱਤਰ ਭਗਵੰਤ ਤਕਰੀਬਨ ਇਕੋ ਉਮਰ ਦੇ ਸਨ। ਪਰ ਸਮੇਂ ਦੇ ਆਚਾਰ ਨੇ ਉਨ੍ਹਾਂ ਨੂੰ ਇਕ ਥਾਂ ਰਹਿ ਕੇ ਮਿਤਰ ਨਹੀਂ ਸੀ ਬਣਨ ਦਿੱਤਾ। ਨਾਲੇ ਬਾਜ਼ੀਗਰ ਇਕ ਪਿੰਡ ਵਿਚ ਤਾਂ ਨਹੀਂ ਸਨ ਬੈਠੇ ਰਹਿੰਦੇ। ਉਹ ਆਪਣੇ ਯਜਮਾਨ

ਪਿੰਡਾਂ ਵਿਚ ਹੀ ਨਹੀਂ, ਹੋਰ ਦੂਰ ਨੇੜੇ ਵੀ ਫਿਰਦੇ ਤੁਰਦੇ ਰਹਿੰਦੇ ਸਨ। ਇਸ ਲਈ ਭਾਵੇਂ ਪ੍ਰੀਤਮ ਕੌਰ ਤੇ ਰਲੀ ਦੇ ਸਹੇਲਪਣੇ ਲਈ ਉਨ੍ਹਾਂ ਦਾ ਸਾਲ ਵਿਚ ਇਕ ਦੋ ਵਾਰ ਜਾਂ ਇਸ ਤੋਂ ਵੀ ਹੋਰ ਚਿਰ ਪਾ ਕੇ ਮਿਲ ਲੈਣਾ ਕਾਫੀ ਸੀ, ਭਗਵੰਤ ਤੇ ਇੰਦਰ ਇਤਨੇ ਕੁ ਸਮੇਂ ਦੇ ਮਿਲਾਪ ਨਾਲ ਮਿੱਤਰ ਨਹੀਂ ਬਣ ਸਕਦੇ ਸਨ। ਨਾਲੇ ਭਗਵੰਤ ਸਕੂਲ ਪੜ੍ਹਨ ਬੈਠ ਗਿਆ ਸੀ, ਤੇ ਪਿੰਡ ਦੇ ਸਾਧਾਰਨ ਭਾਈਚਾਰੇ ਵਿਚ ਉਸ ਦਾ ਭਾਗ ਜਾਣੋ ਹਰ ਸਾਲ ਘਟਦਾ ਜਾ ਰਿਹਾ ਸੀ।

ਇੰਦਰ ਬਾਰਾਂ ਤੇਰਾਂ ਸਾਲ ਦੀ ਉਮਰ ਵਿਚ ਹੀ ਆਪਣੇ 'ਹੋਣਹਾਰ ਬਰੂਏ ਦੇ ਚਿਕਨੇ ਪਾਤ' ਦਿਖਾਣ ਲਗ ਪਿਆ ਸੀ। ਜਦੋਂ ਉਹ ਰਲੀ ਨਾਲ ਕਦੀ ਪ੍ਰੀਤਮ ਕੌਰ ਦੇ ਪਿੰਡ ਆਉਂਦਾ ਤਾਂ ਪ੍ਰੀਤਮ ਕੌਰ ਇਕ ਦੋ ਵਾਰ ਉਸ ਨੂੰ ਆਪਣੇ ਘਰ ਜ਼ਰੂਰ ਬੁਲਾ ਕੇ ਦੇਖਦੀ। 'ਰਲੀ, ਮੈਨੂੰ ਆਪਣਾ ਮੁੰਡਾ ਹਰ ਵਰ੍ਹੇ ਦਿਖਾ ਜਾਇਆ ਕਰ', ਉਸ ਦੀ ਆਪਣੀ ਸਖੀ ਨੂੰ ਜਾਣੋ ਇਕ ਪੱਕੀ ਹਦਾਇਤ ਸੀ। ਪ੍ਰੀਤਮ ਕੌਰ ਨੂੰ ਇੰਦਰ ਬਹੁਤ ਸੁਹਣਾ ਤੇ ਪਿਆਰਾ ਲਗਦਾ ਸੀ।

ਇੰਦਰ ਪੰਦਰਾਂ ਸਾਲ ਦੀ ਉਮਰ ਦਾ ਹੋਇਆ ਤਾਂ ਪ੍ਰੀਤਮ ਕੌਰ ਤੇ ਉਸਦੀ ਸੱਸ ਰਲੀ ਨੂੰ ਤੇ ਬਿਸ਼ਨੇ ਨੂੰ ਵੀ ਆਖਦੀਆਂ ਕਿ ਇੰਦਰ ਨੂੰ ਬਹੁਤ ਖ਼ੁਰਾਕ ਦਿਆ ਕਰਨ। ਆਪਣੇ ਘਰੋਂ ਵੀ ਪੰਜ ਚਾਰ ਸੇਰ ਮਝ ਦਾ ਘਿਉ ਉਹ ਇੰਦਰ ਦੇ ਖਾਣ ਲਈ ਦੇ ਦੇਂਦੀਆਂ ਤੇ ਪੁਛਦੀਆਂ ਰਹਿੰਦੀਆਂ, ਇੰਦਰ ਕਿਹੋ ਜੇਹੀ ਛਾਲ ਲਗਾਂਦਾ ਸੀ, ਤੇ ਉਹ ਉਨ੍ਹਾਂ ਦੇ ਪਿੰਡ ਬਾਜ਼ੀ ਕਦੋਂ ਪਾਵੇਗਾ। ਜਦੋਂ ਇੰਦਰ ਬਾਰਾਂ ਕੁ ਸਾਲ ਦਾ ਸੀ ਤਾਂ ਬਿਸ਼ਨੇ ਨੇ ਇਸ ਪਿੰਡ ਵਿਚ ਫਿਰ ਆਪਣੀ ਵਿਰਤ ਅਨੁਸਾਰ ਇਕ ਬਾਜ਼ੀ ਪੁਆਈ ਸੀ, ਜਿਸ ਵਿਚ ਇੰਦਰ ਨੇ ਛੋਟੀਆਂ ਜੇਹੀਆਂ ਛਾਲਾਂ ਲਾਈਆਂ ਤੇ ਹੋਰ ਬਚਿਆਂ ਵਾਲੇ ਕਰਤਬ, ਪੁਠਾ ਖੜਾ ਹੋ ਕੇ ਬਾਹਾਂ ਉਤੇ ਤੁਰਨ ਆਦਿ ਦੇ ਦਿਖਾਏ ਸਨ। ਪਰ ਪ੍ਰੀਤਮ ਕੌਰ ਤੇ ਉਸ ਦੀ ਸੱਸ ਨੂੰ ਤਾਂ ਕੀ ਸਾਰੇ ਪਿੰਡ ਨੂੰ ਜਾਣੋਂ ਇਸ ਬਾਜ਼ੀ ਦਾ ਪੂਰਾ ਸੁਆਦ ਨਹੀਂ ਆਇਆ ਸੀ, ਇਕ ਫਿਕ ਜੇਹੀ ਵਿਆਪੀ ਰਹੀ ਸੀ। ਉਂਜ ਭਾਵੇਂ ਬਿਸ਼ਨੇ ਨੂੰ ਆਪਣੀ ਗੁਜ਼ਰਾਨ ਲਈ ਕੁਝ ਨਾ ਕੁਝ ਉਸ ਤੋਂ ਪ੍ਰਾਪਤ ਹੋ ਹੀ ਗਿਆ ਸੀ।

ਇੰਦਰ ਅਠਾਰਾਂ ਸਾਲ ਦਾ ਹੋਇਆ ਤਾਂ ਜਿਵੇਂ ਪ੍ਰੀਤਮ ਕੌਰ, ਉਸ ਦੀ ਸੱਸ ਤੇ ਰਲੀ ਦੇ ਤਰਸਦੇ ਹਿਰਦਿਆਂ ਨੂੰ ਸਹਾਰਾ ਹੋਇਆ ਜਦੋਂ ਬਿਸ਼ਨੇ ਨੇ ਪਿੰਡ ਵਿਚ ਬਾਜ਼ੀ ਪਵਾਣੀ ਮਿਥ ਲਈ।

ਸਾਉਣ ਦੇ ਮਹੀਨੇ ਪਿੰਡ ਵਿਚ ਬਾਜ਼ੀ ਪਈ। ਐਤਕੀਂ ਬਿਸ਼ਨੇ ਨੇ ਇਸ ਨੂੰ ਸਫਲ ਬਨਾਉਣ ਵਿਚ ਉਚੇਚੇ ਉਪਰਾਲੇ ਕੀਤੇ। ਆਪਣੀ ਬਰਾਦਰੀ ਦੇ ਵਧੀਆ ਤੋਂ ਵਧੀਆ ਬਾਜ਼ੀਗਰ ਬੁਲਾਏ। ਇੰਦਰ ਵੀ ਬਾਜ਼ੀ ਵਿਚ ਪ੍ਰਵੀਨ ਸਿਧ ਹੋ ਰਿਹਾ ਸੀ। ਸਭ ਨੂੰ ਪੱਕੀ ਆਸ ਸੀ ਕਿ ਇਸ ਸਾਲ ਦੀ ਬਾਜ਼ੀ ਇਕ ਵਿਸ਼ੇਸ਼ ਅਵਸਰ ਹੋਵੇਗੀ। ਹੋਰ ਬਾਜ਼ੀਗਰ ਵੀ ਘਟ ਨਹੀਂ ਕਰਨਗੇ, ਪਰ ਇੰਦਰ ਆਪਣੇ ਪਿਉ ਦੇ ਪੂਰਨੇ ਪੂਰੇ ਹੀ ਨਹੀਂ ਕਰੇਗਾ ਸਗੋਂ ਕੁਝ ਵਾਧਾ ਕਰਕੇ ਦਿਖਾਵੇਗਾ। ਜੇ ਪੁੱਤ ਪਿਉ ਦੇ ਪਾਏ ਪੂਰਨਿਆਂ ਤੋਂ ਕੁਝ ਅਗੇ ਨਾ ਵਧੇ ਤਾਂ ਦੁਨੀਆਂ ਦਾ ਗੁਜ਼ਾਰਾ ਨਹੀਂ ਹੋ ਸਕਦਾ। ਭਾਵੇਂ ਪਿੰਡਾਂ ਦੇ ਲੋਕਾਂ ਤੇ ਭਾਰਤ ਵਿਚ ਤਾਂ ਸਾਰੇ ਪਿੰਡਾਂ ਸ਼ਹਿਰਾਂ ਦੇ ਲੋਕਾਂ ਦੇ ਮਤ ਅਨੁਸਾਰ ਕਲਜੁਗ ਵਿਚ ਦੁਨੀਆਂ ਦਿਨੋਂ ਦਿਨ ਹੇਠਾਂ ਨਿਘਰਦੀ ਜਾ ਰਹੀ ਸੀ, ਮਝ ਦਾ ਘਿਉ ਦੁਧ ਤਾਂ ਮਿਲਨੋਂ ਰਹਿ ਹੀ ਗਿਆ ਸੀ, ਲੋਕਾਂ ਵਿਚ ਸਰੀਰ ਦਾ ਬਲ ਦਿਨੋਂ ਦਿਨ ਘਟ ਕੀਤਾ ਸੀ; ਤਾਂ ਵੀ ਪਿੰਡ ਵਿਚ ਸਭ ਨੂੰ ਭਰੋਸਾ ਸੀ ਕਿ ਇੰਦਰ ਕਿਸ਼ਨੇ ਤੋਂ ਵਧ ਚੜ੍ਹ ਕੇ ਅਖਾੜੇ ਵਿਚ ਨਿਤਰੇਗਾ।

ਬਾਜ਼ੀ ਪਈ, ਬੜੀ ਧੂਮ ਧਾਮ ਨਾਲ ਪਈ। ਬਾਜ਼ੀ ਪਾਣ ਵਾਲਿਆਂ ਵਿਚ ਕਈ ਉਹ ਸਨ,

ਜੋ ਕਿਸ਼ਨੇ ਵਾਲੀ ਬਾਜ਼ੀ ਵਿਚ ਭਾਗੀ ਹੋਏ ਸਨ, ਪਰ ਹੁਣ ਬੁਢੇ ਹੋਕੇ ਦਰਸ਼ਕ ਹੀ ਰਹਿ ਗਏ ਸਨ, ਜਾਂ 'ਕਸਰ ਰਹਿ ਗਈ' ਕਹਿ ਕੇ ਪ੍ਰੇਰਣਾ ਦੇਣ ਵਾਲੇ। ਦਰਸ਼ਕਾਂ ਵਿਚ ਬਹੁਤ ਅਜੇਹੇ ਸਨ, ਜੋ ਪਹਿਲੀ ਬਾਜ਼ੀ ਸਮੇਂ ਜਵਾਨ ਸਨ ਤੇ ਹੁਣ ਬੁਢੇ ਹੋ ਗਏ ਸਨ, ਜਾਂ ਬੱਚੇ ਸਨ ਤੇ ਹੁਣ ਜਵਾਨ ਹੋ ਗਏ ਸਨ। ਪਰ ਬਹੁਤੇ ਨਵੇਂ ਸਨ, ਤੇ ਇਸ ਕਰਕੇ ਇਹ ਬਾਜ਼ੀ ਭਾਵੇਂ ਕਿਸ਼ਨੇ ਦੀ ਬਾਜ਼ੀ ਦੀ ਲੀਹ ਉਤੇ ਹੀ ਸੀ, ਆਪਣੇ ਰੰਗ ਢੰਗ ਤੇ ਠਾਠ ਬਾਠ ਵਿਚ ਨਵੀਂ ਸੀ।

ਬਾਜ਼ੀ ਦਾ ਲਾੜਾ ਇੰਦਰ ਸੀ, ਇਸ ਲਈ ਨਹੀਂ ਕਿ ਉਹ ਬਾਜ਼ੀ ਪਵਾਣ ਵਾਲੇ ਘਰ ਦਾ ਪੁੱਤਰ ਸੀ, ਸਗੋਂ ਇਸ ਲਈ ਕਿ ਸਭ ਨੂੰ ਪਤਾ ਸੀ ਕਿ ਉਹ ਬਾਜ਼ੀਗਰਾਂ ਵਿਚ ਪਹਿਲੇ ਨੰਬਰ ਉਤੇ ਰਹੇਗਾ। ਉਸ ਨੇ ਗੋਟੇਦਾਰ ਜਾਂਘੀਆ ਪਾਇਆ ਹੋਇਆ ਸੀ, ਡੌਲਿਆਂ ਉਤੇ ਫੁਲਦਾਰ ਗਾਨੇ ਬਨ੍ਹੇ ਹੋਏ ਸਨ, ਲੱਕ ਛੋਟੇ ਘੁੰਘਰੂਆਂ ਦੀ ਤੜਾਗੀ ਸੀ। ਗੋਰਾ ਰੰਗ, ਪਤਲਾ ਸੂਤਵਾਂ ਸਰੀਰ ਜਿਸ ਦੇ ਪਠੇ ਤੇ ਮਛਲੀਆਂ ਸਭ ਜਾਣੋਂ ਟਪੂਸੀਆਂ ਮਾਰਦੇ ਸਨ। ਜਦੋਂ ਉਹ ਪਟੜੀ ਦੀ ਛਾਲ ਮਾਰਨ ਨੱਸ ਕੇ ਆਉਂਦਾ ਤਾਂ ਪਹਿਲਾਂ ਇਕ ਦੋ ਵਾਰੀ ਐਲੀ ਐਲੀ ਕਰਦਾ, ਜਿਸ ਦਾ ਭਾਵ ਉਸ ਲਈ ਇਕ ਲਲਕਾਰ ਤੋਂ ਛੁਟ ਕੁਝ ਨਹੀਂ ਸੀ। ਤੇਹਰ ਦੀ ਛਾਲ ਵਿਚ ਓਹ ਸਭ ਤੋਂ ਵਧ ਰਿਹਾ, ਤੇ ਸ਼ਾਇਦ ਆਪਣੇ ਪਿਉ ਕਿਸ਼ਨੇ ਨਾਲੋਂ ਵੀ ਵਧ ਰਿਹਾ ਹੋਵੇ—ਕਿਹੜਾ ਕਿਸੇ ਨੇ ਕੋਈ ਅਭਿਲੇਖ ਰਖਿਆ ਹੋਇਆ ਸੀ। ਉਚੀ ਛਾਲ ਵਿਚ ਬੁਢੇ ਦਰਸ਼ਕ ਜਿਨ੍ਹਾਂ ਨੇ ਕਿਸ਼ਨੇ ਦੀ ਬਾਜ਼ੀ ਆਪਣੀ ਜਵਾਨੀ ਵਿਚ ਦੇਖੀ ਸੀ, ਸਾਰੇ ਇਕ ਬੋਲ ਹੋ ਕੇ ਆਖਦੇ ਸਨ ਕਿ ਇੰਦਰ ਆਪਣੇ ਪਿਉਂ ਤੋਂ ਵਧ ਗਿਆ ਸੀ। ਵੇਲ ਦੀ ਥਾਲੀ ਫੇਰੀ ਜਾਂਦੀ ਤਾਂ ਇਹ ਪਿਛਲੇ ਸਾਰੇ ਸਮਿਆਂ ਨਾਲੋਂ ਵਧ ਭਾਰੀ ਹੋਈ ਮੁੜਦੀ। ਪਿੰਡ ਦੀਆਂ ਇਸਤ੍ਰੀਆਂ ਤਕ ਨੇ, ਜੋ ਲਾਗੇ ਕੋਠਿਆਂ ਉਤੇ ਜੁੜੀਆਂ ਹੋਈਆਂ ਸਨ, ਇਸ ਵਿਚ ਰੁਪਏ ਪਾਏ। ਜਦੋਂ ਇੰਦਰ ਉਚੀ ਛਾਲ ਲਗਾ ਹਟਿਆ ਤਾਂ ਪ੍ਰੀਤਮ ਕੌਰ ਚਲ ਕੇ ਅਖਾੜੇ ਵਿਚ ਆਈ ਤੇ ਇੰਦਰ ਦੀ ਮੁਠੀ ਵਿਚ ਇਕਵੰਜਾ ਰੁਪਏ, ਪੰਜ ਦਸਾਂ ਦਸਾਂ ਦੇ ਤੇ ਇਕ ਰੁਪਏ ਦਾ ਨੋਟ, ਪਕੜਾਏ। ਵੇਲ ਤਾਰਾ ਸਿੰਘ ਦੀ ਅਲਾਪੀ ਗਈ। ਸਾਰੇ ਪਿੰਡ ਨੇ ਇੰਦਰ ਦੀ ਬਾਜ਼ੀ ਵਿਚ ਉਹ ਖੁਸ਼ੀ ਤੇ ਹਿਤ ਦਿਖਾਇਆ, ਜਿਵੇਂ ਕਿਸੇ ਰਾਜੇ ਦੇ ਪੁਤਰ ਦਾ ਵਿਆਹ ਹੋਵੇ।

ਦੂਜੇ ਦਿਨ ਰਲੀ ਇੰਦਰ ਨੂੰ ਨਾਲ ਲੈ ਕੇ ਪ੍ਰੀਤਮ ਕੌਰ ਦੇ ਘਰ ਆਈ। ਪ੍ਰੀਤਮ ਕੌਰ ਨੇ ਇੰਦਰ ਨੂੰ ਪਿਆਰ ਦਿਤਾ, ਦੁਧ ਦਾ ਗਲਾਸ ਪਿਲਾਇਆ ਤੇ ਅੰਤ ਵਿਚ ਰਲੀ ਨੂੰ ਕਹਿਣ ਲਗੀ।

'ਰਲੀਏ, ਵਧਾਈਆਂ ਤੈਨੂੰ ਬਹੁਤ ਬਹੁਤ। ਤੇ ਨਾਲ ਮੈਨੂੰ ਵੀ। ਤੇਰਾ ਦੂਜਾ ਪੁੱਤਰ ਵੀ ਫੌਜ ਵਿਚ ਲਫਟੈਣ ਬਣ ਗਿਆ। ਅੱਜ ਸਵੇਰੇ ਈ ਤਾਰ ਆਈ ਐ।'

'ਆਹੋ, ਸਰਦਾਰਨੀ, ਮੇਰੇ ਦੂਜੇ ਪੁੱਤਰ ਨੇ ਹੋਰ ਕੋਈ ਘਟ ਰਹਿਣਾ ਸੀ। ਅੱਜ ਜੇ ਮੇਰੇ ਪੁੱਤ ਵਰਗੇ ਲਫਟੈਣ ਨਾ ਬਨਣਗੇ ਤਾਂ ਹੋਰ ਫ਼ੌਜ ਅਸੀਂ ਕਿਤੇ ਅਸਮਾਨੋਂ ਲਿਆ ਕੇ ਬਣੌਣੀ ਐਂ। ਬਹੁਤ ਬਹੁਤ ਵਧਾਈਆਂ, ਸਰਦਾਰਨੀ, ਤੈਨੂੰ। ਮੇਰੀ ਸੱਸ ਕਿਥੇ ਐ? ਮੈਂ ਉਹਨੂੰ ਬੀ ਬਧਾਈ ਦੇਵਾਂ।'

'ਉਹ ਸਵੇਰੇ ਮੁਰੱਬੇ ਚਲੀ ਗਈ ਸੀ। ਹਾਲੇ ਆਈ ਨੀ, ਆਉਣ ਵਾਲੀ ਓ ਹੋਣੀ ਐ। ਓਹਨੂੰ ਵੀ ਹਾਲੇ ਪਤਾ ਨੀ। ਤਾਰ ਉਹਦੇ ਪਿਛੋਂ ਹੀ ਆਈ ਐ।'

'ਤਾਂ ਤਾਂ ਫੇਰ ਮੈਂ ਓਹਨੂੰ ਬਧਾਈ ਦੇ ਕੇ ਈ ਜਾਊਂਗੀ।'

'ਨਾਲੇ ਕੁਛ ਲੈ ਕੇ' ਪ੍ਰੀਤਮ ਕੌਰ ਨੇ ਹੱਸ ਕੇ ਕਿਹਾ।

ਪ੍ਰੀਤਮ ਕੌਰ ਤੇ ਰਲੀ ਦੋਵੇਂ ਹੁਣ ਆਪਣੇ ਆਪ ਨੂੰ ਬੜ ਸੁਹਾਗਣਾਂ ਪ੍ਰਤੀਤ ਕਰ ਰਹੀਆਂ ਸਨ।

— ੦ —

# ਇ ਕਾ ਈ

**● ਸੁਖਬੀਰ**

ਕਮਰੇ ਵਿਚ ਕੋਈ ਵੀ ਚੀਜ਼ ਅਜਿਹੀ ਨਹੀਂ ਸੀ, ਜੋ ਉਸ ਦੀ ਨਜ਼ਰ ਨੂੰ ਖਾਸ ਤੌਰ 'ਤੇ ਆਪਣੀ ਵਲ ਖਿਚਦੀ। ਉਹੋ ਜਾਣਿਆ-ਪਛਾਣਿਆ ਕਮਰਾ। ਕਮਰਾ, ਜੋ ਚੌਰਸ ਨਹੀਂ ਸੀ। ਉਸ ਦੀ ਇਕ ਨੁੱਕਰ ਇਕ ਪਾਸੇ ਵਲ ਨੂੰ ਵਧੀ ਹੋਈ ਸੀ। ਸ਼ੁਰੂ ਵਿਚ ਉਹ ਕਮਰਾ ਵੇਖ ਕੇ ਉਸ ਨੂੰ ਬੜਾ ਅਜੀਬ ਲੱਗਾ ਸੀ। ਉਸ ਦਾ ਚੌਰਸ ਨਾ ਹੋਣਾ ਉਸ ਦੀ ਨਜ਼ਰ ਨੂੰ ਅਖਰਿਆ ਸੀ। ਉਸ ਨੂੰ ਵੇਖ ਕੇ ਹਰ ਵੇਲੇ ਕਾਣ ਸੂਤੀ ਮੰਜੀ ਦਾ ਖਿਆਲ ਆਉਂਦਾ ਸੀ। ਤੇ ਜਿਵੇਂ ਕਾਣਸੂਤੀ ਮੰਜੀ ਤੇ ਸੌਣਾ ਬੜਾ ਬੇਢੰਗਾ ਜਿਹਾ ਲਗਦਾ ਹੈ, ਉਸ ਕਮਰੇ ਵਿਚ ਬੈਠ ਕੇ ਜਾਂ ਫਰਸ਼ ਤੇ ਵਿਛੇ ਬਿਸਤਰੇ ਉਤੇ ਲੰਮੇ ਪੈ ਕੇ ਵੀ ਬੇਢੰਗਾ ਜਿਹਾ ਲਗਦਾ ਸੀ। ਇਕ ਅਹਿਸਾਸ ਕਿ ਕੋਈ ਚੀਜ਼ ਆਪਣਾ ਢਾਂਚਾ ਵਗਾੜ ਬੈਠੀ ਹੈ।

ਇਹ ਅਹਿਸਾਸ ਕੁਝ ਹੀ ਚਿਰ ਰਿਹਾ ਸੀ।

ਫੇਰ ਹੌਲੀ ਹੌਲੀ ਉਸ ਨੂੰ ਜਿਵੇਂ ਆਦਤ ਪੈ ਗਈ ਸੀ। ਉਸ ਨੂੰ ਲਗਾ ਸੀ ਕਿ ਕਮਰਾ ਇਹੋ ਜਿਹੀ ਸ਼ਕਲ ਦਾ ਵੀ ਹੋ ਸਕਦਾ ਹੈ। ਇਸ ਸ਼ਹਿਰ ਵਿਚ ਕਈ ਇਮਾਰਤਾਂ ਸਨ —ਤਿਨੁੱਕਰੇ ਜਾਂ ਅਚੌਰਸ ਪਲਾਟਾਂ ਉਤੇ ਬਣੀਆਂ ਹੋਈਆਂ—ਜਿਨ੍ਹਾਂ ਵਿਚ ਕੁਝ ਕਮਰੇ ਇਹੋ ਜਹੇ ਵੀ ਸਨ।

ਹਾਂ, ਕਮਰੇ ਦੀ ਕਿਸੇ ਚੀਜ਼ ਨੇ ਵੀ ਉਸ ਦਾ ਧਿਆਨ ਅਪਣੀ ਵਲ ਨਾ ਖਿਚਿਆ। ਉਹੋ ਨਿੱਤ ਦਿਨ ਦਿਖਣ ਵਾਲੀਆਂ ਚੀਜ਼ਾਂ ਸਨ ਉਸ ਵਿਚ—ਕਿੱਲੀਆਂ ਤੇ ਬੜੀ ਸਫ਼ਾਈ ਨਾਲ ਟੰਗੇ ਹੋਏ ਕਪੜੇ, ਥਲੇ ਵਾਂਸਾਂ ਦੇ ਛੋਟੇ ਜਹੇ ਰੈਕ ਵਿਚ ਬੜੀ ਸਫਾਈ ਨਾਲ ਚਿਣ ਕੇ ਰਖੀਆਂ ਹੋਈਆਂ ਕਿਤਾਬਾਂ, ਰਸਾਲੇ ਤੇ ਅਖਬਾਰਾਂ, ਇਕ ਨੁਕਰ ਵਿਚ-ਉਸੇ ਇਕ ਪਾਸੇ ਨੂੰ ਵਧੀ ਹੋਈ ਨੁਕਰ ਵਿਚ-ਪਏ ਕੁਝ ਭਾਂਡੇ, ਡੱਬੇ, ਤੇ ਇਕ ਸਟੋਵ : ਇਕ ਸਾਫ਼ ਸੁਥਰੀ ਛੋਟੀ ਜਿਹੀ ਰਸੋਈ; ਤੇ ਏਸੇ ਤਰ੍ਹਾਂ

ਦੀਆਂ ਕੁਝ ਹੋਰ ਚੀਜ਼ਾਂ। ਉਹ ਬਿਸਤਰੇ 'ਤੇ ਬੈਠਾ ਹੋਇਆ ਸੀ ਤੇ ਸਾਹਮਣੇ ਸੁੰਞ ਜਹੀ ਵਿਚ ਵੇਖ ਰਿਹਾ ਸੀ। ਉਸ ਸੁਞ ਵਿਚ ਇਕ ਨਿੰਮ੍ਹੀ ਜਹੀ ਧੁੰਧ ਸੀ। ਜਾਂ ਕੀ ਇਹ ਉਸ ਦੀਆਂ ਅੱਖਾਂ ਦੀ ਧੁੰਧ ਸੀ। ਹਾਂ, ਉਸ ਦੀਆਂ ਅੱਖਾਂ ਦੀ ਹੀ ਧੁੰਧ ਸੀ। ਤੇ ਉਹ ਧੁੰਧ ਉਸ ਦੇ ਦਿਮਾਗ ਵਿਚ ਵੀ ਸੀ।

ਕੁਝ ਚਿਰ ਪਹਿਲਾਂ ਉਹ ਧੁੰਧ ਬੜੀ ਸੰਘਣੀ ਸੀ। ਤੇ ਬੋਝਲ। ਰਾਹੀ ਮਿਲ ਗਿਆ ਸੀ ਤੇ ਉਸ ਨੂੰ ਜ਼ਬਰਦਸਤੀ ਖਿਚ ਕੇ ਸ਼ਰਾਬ ਦੇ ਅੱਡੇ ਤੇ ਲੈ ਗਿਆ ਸੀ। ਰਾਹੀ ਨੂੰ ਸ਼ਰਾਬ ਪੀਂਦਿਆਂ ਸਾਥ ਚਾਹੀਦਾ ਸੀ। ਬਿਨਾਂ ਸਾਥ ਦੇ ਉਹ ਸ਼ਰਾਬ ਨਹੀਂ ਪੀ ਸਕਦਾ। ਉੱਕਾ ਹੀ ਨਹੀਂ ਪੀ ਸਕਦਾ। ਤੇ ਸ਼ਰਾਬ ਪੀਣ ਮਗਰੋਂ ਰਾਹੀ ਨੇ ਉਸ ਦਾ ਵਧੇਰੇ ਚਿਰ ਸਾਥ ਨਹੀਂ ਸੀ ਦਿੱਤਾ। ਕੁਝ ਚਿਰ ਘੁੰਮਣ ਪਿਛੋਂ ਇਕ ਥਾਂ ਰੁਕ ਕੇ ਉਸ ਨੇ ਪੁਛਿਆ ਸੀ, "ਹੁਣ ਕੀ ਪਰੋਗਰਾਮ ਏ?"

"ਕੋਈ ਨਹੀਂ" ਉਸਨੇ ਕਿਹਾ ਸੀ।

"ਚੰਗਾ ਤਾਂ ਮੈਂ ਚਲਦਾ ਹਾਂ। ਇਕ ਜ਼ਰੂਰੀ ਕੰਮ ਏ। ਫੇਰ ਕਦ ਹੋਏਗੀ ਮੁਲਾਕਾਤ?"

"ਵੇਖੋ" ਉਸ ਦੇ ਮੂੰਹੋਂ ਨਿਕਲਿਆ ਸੀ।

ਰਾਹੀ ਟੈਕਸੀ ਫੜ ਕੇ ਚਲਾ ਗਿਆ ਸੀ।

ਰਾਹੀ ਦੇ ਜਾਣ ਤੇ ਉਹ ਕੁਝ ਚਿਰ ਉਥੇ ਹੀ ਖੜੋਤਾ ਰਹਿ ਗਿਆ ਸੀ। ਉਸ ਨੂੰ ਸੁਝਿਆ ਵੀ ਨਹੀਂ ਸੀ ਕਿ ਕਿਥੇ ਜਾਏ, ਕੀ ਕਰੇ। ਉਸ ਨੂੰ ਅੰਤਾਂ ਦੀ ਇਕੱਲ ਮਹਿਸੂਸ ਹੋਈ ਸੀ। ਤੇ ਇਕ ਡਰ। ਉਸਨੂੰ ਲੱਗਾ ਸੀ, ਉਹ ਜਿਵੇਂ ਕਿਸੇ ਉਜਾੜ ਬੀਆਬਾਨ ਵਿਚ ਖੜੋਤ ਸੀ। ਅਖੀਰ ਉਸ ਦੇ ਕਦਮ ਅਚੇਤ ਹੀ ਆਪਣੇ ਕਮਰੇ ਵਲ ਤੁਰ ਪਏ ਸਨ। ਉਸ ਨੇ ਉਥੋਂ ਬੱਸ ਨਹੀਂ ਸੀ ਫੜੀ। ਦਿਮਾਗ ਦੀ ਬੋਝਲ ਹਾਲਤ ਅਤੇ ਬੇਧਿਆਨੀ ਜਹੀ ਵਿਚ ਹੀ ਉਹ ਤੁਰਦਾ ਰਿਹਾ ਸੀ, ਤੇ ਅਪਣੇ ਕਮਰੇ ਸਾਹਮਣੇ ਪੁੱਜ ਗਿਆ ਸੀ। ਕਮਰੇ ਵਿਚ ਜਾ ਕੇ ਉਸ ਦਾ ਡਰ ਘਟਿਆ ਸੀ। ਪਰ ਇਕੱਲ ਨਹੀਂ ਸੀ ਘਟੀ। ਉਹ ਹੋਰ ਵਧ ਗਈ ਸੀ।

ਕਿਹੋ ਜਹੀ ਇਕੱਲ ਸੀ ਉਹ! ਸੁੰਞੀ ਤੇ ਸਖਣੀ।

ਕੁਝ ਚਿਰ ਉਹ ਉਸ ਇਕੱਲ ਵਿਚ ਘਿਰਿਆ ਰਿਹਾ ਸੀ।

ਪਰ ਹੁਣ ਇਕੱਲ ਨਹੀਂ ਸੀ ਰਹੀ। ਬਸ ਇਕ ਸੁਞ ਜਹੀ ਦਾ ਅਹਿਸਾਸ ਸੀ—— ਸੁੰਞ, ਜੋ ਉਸ ਦੇ ਬਾਹਰ ਪਸਰੀ ਹੋਈ ਸੀ, ਜੋ ਉਸ ਦੇ ਅੰਦਰ ਭਰੀ ਹੋਈ ਸੀ।

ਕਮਰੇ ਵਿਚ ਕੋਈ ਵੀ ਚੀਜ਼ ਅਜਿਹੀ ਨਹੀਂ ਸੀ, ਜੋ ਉਸ ਦੀ ਨਜ਼ਰ ਨੂੰ ਖਾਸ ਤੌਰ ਤੇ ਅਪਣੀ ਵਲ ਖਿਚਦੀ।

ਰਾਤ ਚੋਖੀ ਬੀਤ ਚੁਕੀ ਸੀ, ਪਰ ਉਸ ਦੀਆ ਅੱਖਾਂ ਵਿਚ ਨੀਂਦ ਨਹੀਂ ਸੀ।

ਉਹ ਉਸੇ ਤਰ੍ਹਾਂ ਸਾਹਮਣੇ ਸੁੰਞ ਜਹੀ ਵਿਚ ਵੇਖਦਾ ਰਿਹਾ। ਕੁਝ ਚਿਰ ਪਿਛੋਂ ਉਸ ਸੁੰਞ ਵਿਚ ਉਸ ਨੂੰ ਸਾਹਮਣਲੀ ਕੰਧ ਦਿਖੀ। ਮੈਲੀ ਤੇ ਭੁੱਗੀ ਕੰਧ। ਸਫੇਦੀ ਉੜੀ ਹੋਈ। ਕੁਝ ਥਾਵਾਂ ਤੋਂ ਲੇਪ ਲੱਥੇ ਹੋਏ। ਘਸਮੈਲੇ ਰੰਗ ਦੇ ਛੋਟੇ ਵੱਡੇ ਧੱਬੇ। ਤੇ ਉਹਨਾਂ ਧੱਬਿਆਂ ਦੇ ਇਕ ਪਾਸੇ, ਜਿਥੇ ਕੰਧ ਦਾ ਹਿੱਸਾ ਰਤਾ ਸਾਫ ਤੇ ਸਪਾਟ ਸੀ, ਇਕ ਟੰਗਿਆ ਹੋਇਆ ਚਿੱਤਰ।

ਉਹ ਚਿੱਤਰ, ਪਹਿਲਾਂ ਤਾਂ ਉਸ ਨੂੰ ਹੋਰਨਾਂ ਧੱਬਿਆਂ ਵਾਂਗ ਹੀ ਇਕ ਧੱਬਾ ਜਿਹਾ ਜਾਪਿਆ। ਪਰ ਜਦ ਉਸ ਦੀ ਨਜ਼ਰ ਉਸ ਤੇ ਟਿਕੀ ਹੀ ਰਹੀ ਤਾਂ ਉਹ ਧੱਬਾ ਨਾ ਰਿਹਾ। ਉਸ ਵਿਚੋਂ ਇਕ

ਸ਼ਕਲ ਉਭਰਨ ਲਗੀ। ਉਹ ਸ਼ਕਲ ਜਿਵੇਂ ਹਿੱਲ ਰਹੀ ਸੀ। ਉਸ ਦੀਆਂ ਲੀਕਾਂ ਅਤੇ ਰੰਗ ਹਿਲਦੇ ਹੋਏ ਆਪ ਸ ਵਿਚ ਜੁੜ ਰਹੇ ਸਨ।

ਹੁਣ ਉਹ ਇਕ ਟਕ ਚਿੱਤਰ ਨੂੰ ਦੇਖ ਰਿਹਾ ਸੀ। ਚਿੱਤਰ ਨੇ ਜਿਵੇਂ ਉਸ ਦੀ ਨਜ਼ਰ ਨੂੰ ਪੂਰੀ ਤਰ੍ਹਾਂ ਫੜ ਲਿਆ ਹੋਇਆ ਸੀ। ਪਰ ਉਹ ਖ਼ੁਦ ਹਾਲੀ ਤਕ ਚਿੱਤਰ ਨੂੰ ਪੂਰੀ ਤਰ੍ਹਾਂ ਫੜ ਨਹੀਂ ਸੀ ਪਾ ਰਿਹਾ।

ਉਹ ਜਦ ਵੀ ਉਸ ਚਿੱਤਰ ਨੂੰ ਦੇਖਦਾ, ਉਹ ਕੁਝ ਚਿਰ ਉਸ ਦੀ ਪਕੜ ਵਿਚ ਨਾ ਆਉਂਦਾ। ਉਸ ਦੇ ਆਪਸ ਵਿਚ ਉਲਝੇ ਹੋਏ ਰੰਗ ਡਲ੍ਹਕਦੇ ਰਹਿੰਦੇ, ਆਪਸ ਵਿਚ ਪਲਚੀਆਂ ਹੋਈਆਂ ਲੀਕਾਂ ਥਿਰਕਦੀਆਂ ਰਹਿੰਦੀਆਂ। ਇਕ ਚਿਹਰਾ ਰਹਿ ਰਹਿ ਕੇ ਬਦਲਦਾ ਹੋਇਆ ਨਵੀਂ ਸ਼ਕਲ ਅਖਤਿ-ਆਰ ਕਰਦਾ ਰਹਿੰਦਾ। ਅਖੀਰ ਉਹ ਸ਼ਕਲ ਇਕ ਥਾਂ ਖੜੋ ਜਾਂਦੀ, ਤੇ ਉਸ ਦੀ ਨਜ਼ਰ ਦੀ ਪਕੜ ਵਿਚ ਆ ਜਾਂਦੀ।

ਇਹ ਚਿੱਤਰ ਉਸ ਨੂੰ ਮੁਕਲ ਘੋਸ਼ ਨੇ ਦਿੱਤਾ ਸੀ।

ਮੁਕਲ! ਉਸ ਨੂੰ ਮੁਕਲ ਘੋਸ਼ ਦਾ ਖਿਆਲ ਆਇਆ। ਤੇ ਆਪਣੀ ਉਸ ਇਕੱਲ ਨੂੰ ਮਹਿਸੂਸ ਕਰਦਿਆਂ ਉਸ ਨੇ ਸੋਚਿਆ, ਕਿਉਂ ਨਾ ਉਹ ਮੁਕਲ ਵਲ ਹੀ ਚਲਾ ਗਿਆ? ਰਾਹੀ ਦੇ ਜਾਣ ਪਿਛੋਂ ਉਹ ਮੁਕਲ ਵਲ ਚਲਾ ਗਿਆ ਹੁੰਦਾ ਤਾਂ ਚੰਗਾ ਸੀ। ਪਰ ਉਸ ਵੇਲੇ ਖਿਆਲ ਹੀ ਨਾ ਆਇਆ। ਖ਼ੈਰ, ਹੁਣ ਵੀ ਜਾਇਆ ਜਾ ਸਕਦਾ ਏ। ਹੁਣ? ਨਹੀਂ ਹੁਣ ਰਾਤ ਬਹੁਤ ਹੋ ਚੁਕੀ ਏ। ਤੇ ਮੁਕਲ ਏਥੋਂ ਬਹੁਤ ਦੂਰ ਏ। ਘੱਟੋ ਘਟ ਇਕ ਘੰਟਾ ਲਗ ਜਾਣਾ ਏ ਉਸ ਤਕ ਪੁੱਜਣ ਵਿਚ।

ਮੁਕਲ, ਉਸ ਨੇ ਫੇਰ ਸੋਚਿਆ ਤੇ ਚਿੱਤਰ ਵਿਚ ਉਸ ਦੀ ਸ਼ਕਲ ਵੇਖਣ ਲੱਗਾ। ਉਹ ਚਿੱਤਰ ਮੁਕਲ ਦਾ ਸੈਲਫ-ਪੋਰਟਰੇਟ ਸੀ। ਬੜਾ ਸ਼ੌਕ ਸੀ ਉਸ ਨੂੰ ਆਪਣੇ ਪੋਰਟਰੇਟ ਬਣਾਉਣ ਦਾ। ਆਪਣੇ ਅਨਗਿਣਤ ਪੋਰਟਰੇਟ ਉਹ ਬਣਾ ਚੁੱਕਾ ਸੀ। ਜਿਵੇਂ ਆਦਮੀ ਖ਼ਾਲੀ ਕਾਗਜ਼ ਸਾਹਮਣੇ ਵੇਖ ਕੇ ਉਸ ਤੇ ਲਿਖਣ ਲਗੇ ਤੇ ਮੁੜ ਮੁੜ ਆਪਣਾ ਨਾਂ ਲਿਖੇ, ਕੁਝ ਏਸੇ ਤਰ੍ਹਾਂ ਮੁਕਲ ਸੈਲਫ-ਪੋਰਟਰੇਟ ਬਣਾ-ਇਆ ਕਰਦਾ ਸੀ। ਪਰ ਏਨੇ ਸੈਲਫ-ਪੋਰਟਰੇਟ ਬਣਾਉਣ ਤੇ ਵੀ ਉਸ ਦੀ ਤ੍ਰਿਪਤੀ ਨਹੀਂ ਸੀ ਹੋਈ। ਉਹ ਹਮੇਸ਼ਾ ਕਹਿੰਦਾ, "ਇਹਨਾਂ ਸੈਲਫ-ਪੋਰਟਰੇਟਾਂ ਵਿਚ ਮੈਂ ਆਪਣੇ ਆਪ ਨੂੰ ਪਛਾਨਣ ਦਾ ਜਤਨ ਕਰ ਰਿਹਾ ਹਾਂ। ਆਪਣੇ ਆਪ ਨੂੰ 'ਡਿਸਕਵਰ' ਕਰਨ ਦਾ ਜਤਨ ਕਰ ਰਿਹਾ ਹਾਂ। ਪਰ ਹਾਲੀ ਤੀਕ ਮੈਂ ਆਪਣੇ ਆਪ ਨੂੰ ਫੜ ਨਹੀਂ ਸੀ ਸਕਿਆ ਹਾਂ।"

ਮੁਕਲ ਨਾਲ ਉਸ ਦੀ ਮੁਲਾਕਾਤ ਹੋਈ ਸੀ ਤਾਂ ਉਸ ਪਹਿਲੀ ਮੁਲਾਕਾਤ ਵਿਚ ਹੀ ਉਸ ਵਲ ਖਿੱਚਿਆ ਗਿਆ ਸੀ। ਬੜੀ ਦਿਲਚਸਪ ਸ਼ਖ਼ਸੀਅਤ ਸੀ ਉਸ ਦੀ। ਉਸ ਦਾ ਚਿਹਰਾ ਵੀ ਦਿਲਚਸਪ ਸੀ ਤੇ ਉਸ ਦੀਆਂ ਗਲਾਂ ਵੀ। ਸੌ ਫੀ ਸਦੀ 'ਆਰਟਿਸਟ' ਜਾਪਦਾ ਸੀ। ਇਕ ਹੋਸਟਲ ਵਿਚ ਰਹਿੰਦਾ ਸੀ। ਹੋਸਟਲ ਦੇ ਸਿਰੇ ਵਾਲੇ ਛੋਟੇ ਜਹੇ ਕਮਰੇ ਵਿਚ। ਉਹੀ ਉਸ ਦਾ ਸਟੂਡੀਓ ਸੀ। ਖਿੰਡਰੇ ਹੋਏ ਚਿੱਤਰਾਂ ਨਾਲ ਭਰਿਆ ਹੋਇਆ। ਕਈ ਸ਼ੈਲੀਆਂ ਦੇ ਚਿੱਤਰ ਸਨ ਉਹ। ਉਹਨਾਂ ਚਿਤਰਾਂ ਵਿਚ ਵੀ ਮੁਕਲ ਆਪਣੇ ਆਪ ਨੂੰ 'ਲੱਭਣ' ਦਾ ਜਤਨ ਕਰ ਰਿਹਾ ਸੀ। ਉਹਨਾਂ ਦਾ 'ਸਫ਼ਰ ਗਾਹੁੰਦਾ ਹੋਇਆ' ਕਿਸੇ ਮੰਜ਼ਿਲ 'ਤੇ ਪੁਜਣਾ ਚਾਹ ਰਿਹਾ ਸੀ। "ਪਰ ਮੰਜ਼ਿਲ ਹੈ ਕਿਥੇ?" ਉਹ ਕਹਿੰਦਾ। "ਮੰਜ਼ਿਲ ਕਿਤੇ ਨਹੀਂ ਹੈ। ਬਸ ਸਫ਼ਰ ਹੀ ਸਫ਼ਰ ਹੈ।"

ਚਿਤਰਾਂ ਦਾ ਸਫ਼ਰ ! ਉਸ ਨੇ ਸੋਚਿਆ । ਤੇ ਉਹਨਾਂ ਚਿਤਰਾਂ ਵਿਚ ਸੈਲਫ-ਪੋਰਟਰੇਟਾਂ ਦਾ ਸਫ਼ਰ । ਮੁਕਲ ਰਾਤ ਦਿਨ ਉਹ ਸਫ਼ਰ ਤੈਅ ਕਰ ਰਿਹਾ ਸੀ ।

ਮੁਕਲ ਸਫ਼ਰ ਤੈਅ ਕਰ ਰਿਹਾ ਸੀ, ਪਰ ਮੰਜ਼ਿਲ ਤੇ ਨਹੀਂ ਸੀ ਪੁੱਜਣਾ ਚਾਹ ਰਿਹਾ ; ਕਿਉਂਕਿ-ਉਸ ਦੇ ਆਪਣੇ ਲਫ਼ਜ਼ਾਂ ਵਿਚ--"ਜਿਸ ਦਿਨ ਮੈਂ ਮੰਜ਼ਿਲ ਤੇ ਪੁੱਜ ਗਿਆ, ਉਸ ਦਿਨ ਖ਼ੁਦਕਸ਼ੀ ਕਰ ਲਵਾਂਗਾ । ਮੰਜ਼ਲ 'ਤੇ ਪੁੱਜ ਕੇ ਜੀਣ ਦਾ ਕੀ ਫ਼ਾਇਦਾ ? ਤੇ ਕਿਉਂਕਿ ਮੈਂ ਖ਼ੁਦਕਸ਼ੀ ਤੋਂ ਡਰਦਾ ਹਾਂ, ਇਸ ਲਈ ਮੰਜ਼ਿਲ 'ਤੇ ਪੁਜਣੋਂ ਵੀ ਡਰਦਾ ਹਾਂ । ਉਂਝ ਇਹ ਵੀ ਇਕ ਹਕੀਕਤ ਏ ਕਿ ਮੰਜ਼ਿਲ ਕਿਤੇ ਨਹੀਂ ਏ । ਬਸ ਸਫ਼ਰ ਹੀ ਸਫ਼ਰ ਏ ।"

ਮੁਕਲ ਨੂੰ ਵੀ ਪਹਿਲੀ ਮੁਕਾਲਤ ਵਿਚ ਹੀ ਉਹ ਚੰਗਾ ਲੱਗਾ ਸੀ ਤੇ ਉਸ ਨੂੰ ਉਹ ਆਪਣੇ ਕਮਰੇ 'ਤੇ ਲੈ ਗਿਆ ਸੀ ।

ਉਥੇ ਮੁਕਲ ਦੇ ਬਹੁਤ ਸਾਰੇ ਸੈਲਫ-ਪੋਰਟਰੇਟ ਵੇਖ ਕੇ ਉਸ ਨੂੰ ਹੈਰਾਨੀ ਹੋਈ ਸੀ । ਕਈ ਸ਼ੈਲੀਆਂ ਦੇ ਪੂਰੇ ਅਧੂਰੇ ਸੈਲਫ-ਪੋਰਟਰੇਟ, ਜੋ ਆਪਸ ਵਿਚ ਇਕ ਦੂਜੇ ਨਾਲ ਉਨੇ ਕੁ ਹੀ ਮਿਲਦੇ ਸਨ, ਜਿੰਨੇ ਉਹ ਮੁਕਲ ਦੇ ਚਿਹਰੇ ਨਾਲ ਮਿਲਦੇ ਸਨ । ਮੁਕਲ ਨੇ ਦਸਿਆ ਸੀ, "ਇਹਨਾਂ ਵਿਚ ਮੈਂ ਉਸ ਅਸਲੀਅਤ ਨੂੰ ਫੜਨ ਦਾ ਜਤਨ ਕੀਤਾ ਹੈ, ਜੋ ਮੇਰੇ ਚਿਹਰੇ ਦੇ ਨਕਸ਼ਾਂ ਵਿਚ ਨਹੀਂ ਬਲਕਿ ਨਕਸ਼ਾਂ ਦੇ ਉਸ ਪਾਰ ਹੈ ।"

ਫੇਰ ਉਹ ਮੁਕਲ ਦੇ ਕਮਰੇ 'ਤੇ ਆਉਣ ਜਾਣ ਲਗ ਪਿਆ ਸੀ ।

ਇਕ ਵਾਰ ਉਹ ਗਿਆ ਸੀ ਤਾਂ ਮੁਕਲ ਆਪਣਾ ਪੋਰਟਰੇਟ ਬਣਾ ਕੇ ਹਟਿਆ ਹੀ ਸੀ । ਉਸ ਵਿਚ ਝੁੰਝਲਾਹਟ ਸੀ, ਕਿਉਂਕਿ ਉਹ ਆਪਣੇ ਨਕਸ਼ਾਂ ਦੇ 'ਉਸ ਪਾਰ ਦੀ ਅਸਲੀਅਤ' ਨੂੰ ਫੜ ਨਹੀਂ ਸੀ ਸਕਿਆ ।

ਪਰ ਉਸ ਸੈਲਫ-ਪੋਰਟਰੇਟ ਨੇ ਉਸ ਦਾ ਧਿਆਨ ਖਾਸ ਤੌਰ ਤੇ ਖਿੱਚਿਆ ਸੀ । ਉਸ ਵਿਚ ਉਸ ਨੂੰ ਜਿਵੇਂ ਮੁਕਲ ਦੀ ਨਹੀਂ, ਆਪਣੀ ਖ਼ੁਦ ਦੀ ਸ਼ਕਲ ਦਿਖੀ ਸੀ । ਇਕ ਚਿਹਰਾ, ਜਿਸ ਵਿਚ ਉਸ ਦੇ ਚਿਹਰੇ ਦੇ ਟੋਟੇ ਆਪਸ ਵਿਚ ਜੁੜੇ ਹੋਏ ਸਨ ।

"ਗੱਲ ਬਣਦੀ ਬਣਦੀ ਰਹਿ ਗਈ ਏ", ਮੁਕਲ ਨੇ ਉਸ ਦਾ ਜ਼ਿਕਰ ਕਰਦਿਆਂ ਕਿਹਾ ਸੀ ।

ਉਸ ਨੇ ਅੱਖਾਂ 'ਚ ਸਵਾਲ ਭਰ ਕੇ ਮੁਕਲ ਵਲ ਵੇਖਿਆ ਸੀ ।

"ਯਾਨੀ ਕਿ ਗੱਲ ਨਹੀਂ ਬਣੀ" ਮੁਕਲ ਨੇ ਕਿਹਾ ਸੀ ਤੇ ਹੱਸਿਆ ਸੀ, ਜਿਵੇਂ ਉਸ ਨੂੰ ਖ਼ੁਸ਼ੀ ਸੀ ਕਿ ਉਹ ਮੰਜ਼ਿਲ ਤੇ ਨਹੀਂ ਸੀ ਪੁੱਜਾ ।

"ਬੜੀ ਅਜੀਬ ਗੱਲ ਏ, ਮੁਕਲ", ਅਖੀਰ ਉਸ ਨੇ ਕਿਹਾ ਸੀ, "ਕਿ ਇਸ ਵਿਚ ਤੇਰੀ ਹੀ ਨਹੀਂ, ਮੈਨੂੰ ਅਪਣੀ ਸ਼ਕਲ ਵੀ ਦਿਖਦੀ ਏ । ਜਿਵੇਂ ਇਹ ਤੂੰ ਮੇਰਾ ਹੀ ਪੋਰਟਰੇਟ ਬਣਾਇਆ ਹੋਵੇ ।"

"ਸੱਚ ?" ਮੁਕਲ ਦੇ ਮੂੰਹੋਂ ਨਿਕਲਿਆ ਸੀ ਤੇ ਉਸ ਨੇ ਗਹੁ ਨਾਲ ਚਿੱਤਰ ਨੂੰ ਵੇਖਿਆ ਸੀ ।

"ਕਿਉਂ, ਨਹੀਂ ਦਿਖਦੀ ?" ਉਸ ਨੇ ਪੁਛਿਆ ਸੀ ।

ਕੁਝ ਚਿਰ ਵੇਖਦੇ ਰਹਿਣ ਪਿਛੋਂ ਮੁਕਲ ਨੇ ਕਿਹਾ ਸੀ, "ਸ਼ਾਇਦ । ਇਸ ਦੇ ਬਣਾਉਂਦਿਆਂ ਸ਼ਾਇਦ ਮੇਰਾ ਅਚੇਤ ਮਨ ਤੈਨੂੰ ਵੇਖ ਰਿਹਾ ਹੋਵੇਗਾ । ਜਾਂ—ਜਾਂ ਇਹ ਵੀ ਹੋ ਸਕਦਾ ਏ ਕਿ ਮੈਂ ਆਪਣੇ ਚਿਹਰੇ ਦੀਆਂ ਕੁਝ ਚੀਜ਼ਾਂ ਨੂੰ 'ਜਨਰਲਾਈਜ਼' ਕਰਨ ਦਾ ਜਤਨ ਕੀਤਾ ਹੈ । ਯਾਨੀ ਕਿ ਕਿਸੇ

ਹੱਦ ਤਕ ਇਹ ਦੱਸਣ ਦਾ ਜਤਨ ਕੀਤਾ ਹੈ ਕਿ ਇਹ ਚਿਹਰਾ ਮੇਰਾ ਹੀ ਨਹੀਂ, ਅਜ ਦੇ ਇਸ ਦੌਰ ਚੋਂ ਲੰਘ ਰਹੇ ਇਕ ਆਮ ਆਦਮੀ ਦਾ ਚਿਹਰਾ ਵੀ ਹੈ।"

ਅੱਗੋਂ ਉਸ ਨੇ ਕਿਹਾ ਸੀ, "ਜਿਉਂ ਜਿਉਂ ਮੈਂ ਇਸ ਨੂੰ ਵੇਖਦਾ ਹਾਂ, ਇਸ ਵਿਚ ਮੈਨੂੰ ਆਪਣੀ ਸ਼ਕਲ ਉਭਰਦੀ ਹੋਈ ਦਿਖ ਰਹੀ ਏ। ਇਸ ਨੂੰ ਹਮੇਸ਼ਾਂ ਵੇਖਦੇ ਰਹਿਣ 'ਤੇ ਦਿਲ ਕਰਦਾ ਏ।"

"ਤਾਂ ਫੇਰ ਤੂੰ ਇਹ ਰਖ ਲੈ ਤੇ ਹਮੇਸ਼ਾ ਵੇਖਿਆ ਕਰ।" ਮੁਕਲ ਮੁਸਕਰਾਇਆ ਸੀ।

"ਮੇਰਾ ਇਹ ਮਤਲਬ ਨਹੀਂ ਸੀ।" ਉਸ ਨੂੰ ਕੁਝ ਝਿਜਕ ਹੋਈ ਸੀ।

"ਪਰ ਮੇਰਾ ਇਹ ਮਤਲਬ ਹੈ।" ਮੁਕਲ ਹੱਸਿਆ ਸੀ। ਤੇ ਉਸ ਨੇ ਉਹ ਚਿੱਤਰ ਉਸ ਨੂੰ ਦੇ ਦਿੱਤਾ ਸੀ।

ਉਸ ਨੇ ਚਿੱਤਰ ਫਰੇਮ ਕਰਾ ਲਿਆ ਸੀ ਤੇ ਘਰ ਲਿਆ ਕੇ ਕੰਧ 'ਤੇ ਟੰਗ ਦਿੱਤਾ ਸੀ।

ਇਹ ਉਸ ਚਿੱਤਰ ਸਦਕਾ ਹੀ ਸੀ ਕਿ ਉਸ ਦਾ ਨਿਗੂਣਾ ਜਿਹਾ ਕਮਰਾ ਇਕ ਵਾਰਗੀ ਬੜਾ ਅਹਿਮ ਬਣ ਗਿਆ ਸੀ। ਉਂਝ ਉਸ ਨੂੰ ਇਹ ਵੀ ਲੱਗਾ ਸੀ ਕਿ ਉਹ ਚਿੱਤਰ ਉਹੋ ਜਹੇ ਕਮਰੇ ਵਿਚ ਟੰਗਿਆ ਜਾਣ ਵਾਲਾ ਨਹੀਂ ਹੈ। ਉਹ ਤਾਂ ਕਿਸੇ ਬਹੁਤ ਸੁਹਣੇ ਕਮਰੇ ਦਾ ਸ਼ਿੰਗਾਰ ਹੋਣਾ ਚਾਹੀਦਾ ਹੈ। ਪਰ ਕੁਝ ਚਿਰ ਪਿਛੋਂ ਉਹ ਉਸਨੂੰ ਕਮਰੇ ਦਾ ਇਕ ਹਿੱਸਾ ਜਾਪਣ ਲਗ ਪਿਆ ਸੀ, ਜਿਵੇਂ ਉਹ ਆਪ ਕਮਰੇ ਦਾ ਇਕ ਹਿੱਸਾ ਬਣਿਆ ਹੋਇਆ ਸੀ। ਬਸ ਫਰਕ ਸੀ ਤਾਂ ਏਨਾ ਕਿ ਉਹ ਚਿੱਤਰ ਕਮਰੇ ਦੀਆਂ ਹੋਰਨਾਂ ਚੀਜ਼ਾਂ ਵਾਂਗ ਸਾਧਾਰਨ ਜਿਹਾ ਨਹੀਂ ਸੀ ਜਾਪਦਾ।

ਉਹ ਕਮਰੇ ਵਿਚ ਬੈਠਾ ਹੁੰਦਾ ਤਾਂ ਕਈ ਵਾਰ ਕਿੰਨਾ ਕਿੰਨਾ ਚਿਰ ਚਿੱਤਰ ਨੂੰ ਵੇਖਦਾ ਰਹਿੰਦਾ। ਉਸ ਵਿਚ ਆਪਣੇ ਆਪ ਨੂੰ ਲਭਣ ਦਾ, ਫੜਨ ਦਾ ਜਤਨ ਕਰਦਾ ਰਹਿੰਦਾ। ਕਿਸੇ ਵੇਲੇ ਉਸ ਵਿਚ ਮੁਕਲ ਦੀ ਸ਼ਕਲ ਦਾ ਭੁਲੇਖਾ ਪੈਂਦਾ, ਪਰ ਤਦੇ ਉਹ ਸ਼ਕਲ ਖਿੰਡਰ ਜਾਂਦੀ ਤੇ ਉਸ ਦੀ ਆਪਣੀ ਸ਼ਕਲ ਬਣਨ ਲਗਦੀ।

ਇਕ ਵਾਰ ਭੁਗੀ ਕੰਧ ਵਿਚ ਲੱਗਾ ਕਿੱਲ ਉਖੱੜ ਜਾਣ 'ਤੇ ਚਿੱਤਰ ਥੱਲੇ ਡਿਗ ਪਿਆ ਸੀ ਤਾਂ ਉਸ ਦਾ ਕੱਚ ਟੁੱਟ ਗਿਆ ਸੀ। ਉਸ ਵਿਚ ਦੋ ਵਿੰਗੀਆਂ ਤ੍ਰੇੜਾਂ ਪੈ ਗਈਆਂ ਸਨ। ਕੱਚ ਦੇ ਤਿੰਨ ਟੋਟੇ ਹੋ ਗਏ ਸਨ। ਪਰ ਉਹ ਟੋਟੇ ਫਰੇਮ ਵਿਚੋਂ ਨਿਕਲੇ ਨਹੀਂ ਸਨ।

ਉਸ ਨੇ ਇਕ ਹੋਰ ਥਾਂ ਕਿੱਲ ਗੱਡ ਕੇ ਚਿੱਤਰ ਟੰਗ ਦਿੱਤਾ ਸੀ।

ਫੇਰ ਜਦ ਉਸ ਨੂੰ ਵੇਖਿਆ ਸੀ ਤਾਂ ਉਸ ਨੂੰ ਕੱਚ ਦੇ ਨਹੀਂ ਚਿੱਤਰ ਵਿਚਲੇ ਚਿਹਰੇ ਦੇ ਤਿੰਨ ਟੋਟੇ ਹੋ ਗਏ ਜਾਪੇ ਸਨ। ਉਹ ਚਿਹਰਾ, ਜੋ ਕਈ ਟੋਟਿਆਂ ਵਿਚ ਜੁੜਿਆ ਹੋਇਆ ਸੀ, ਮੁੜ ਤਿੰਨਾਂ ਟੋਟਿਆਂ ਵਿਚ ਟੁੱਟ ਗਿਆ ਸੀ।

ਤਦ, ਇਕ ਟਕ ਵੇਖਦਿਆਂ ਉਸ ਨੂੰ ਚਿੱਤਰ ਵਿਚ ਆਪਣੀ ਸ਼ਕਲ ਵਧੇਰੇ ਸਾਫ ਸਾਫ ਤੌਰ 'ਤੇ ਦਿਖਣ ਲੱਗੀ ਸੀ। ਹੁਣ ਉਸ ਦਾ ਚਿਹਰਾ ਕਈ ਟੋਟਿਆਂ ਦੀ ਥਾਂ ਸਿਰਫ ਤਿੰਨਾਂ ਟੋਟਿਆਂ ਵਿਚ ਟੁੱਟਾ ਹੋਇਆ ਸੀ। ਚਿਹਰੇ ਦੇ ਤਿੰਨ ਟੋਟੇ! ਉਸ ਨੇ ਸੋਚਿਆ ਸੀ। ਜਾਂ ਤਿੰਨਾਂ ਟੋਟਿਆਂ ਵਾਲਾ ਚਿਹਰਾ... ਇਹਨਾਂ 'ਚੋਂ ਇਕ ਟੋਟਾ ਏ, ਜੋ ਵਰਤਮਾਨ ਏ। ਇਕ ਟੋਟਾ ਭੂਤਕਾਲ ਏ। ਤੇ ਤੀਜਾ, ਭਵਿੱਖ। "ਵਾਹ!" ਉਸ ਦੇ ਮੂੰਹੋਂ ਨਿਕਲਿਆ ਸੀ। ਇਹ ਤਾਂ ਇਕ ਨਵਾਂ ਵਿਸ਼ਲੇਸ਼ਣ ਹੋ ਗਿਆ ਇਸ ਪੋਰਟਰੇਟ ਦਾ। ਕਿੰਨਾ ਸੁਹਣਾ ਖਿਆਲ ਸੁੱਝਾ ਏ। ਮੁਕਲ ਨੂੰ ਦਸਣਾ ਚਾਹੀਦਾ ਏ। ਫੇਰ ਸ਼ਾਇਦ ਉਹ ਏਸੇ ਨੁਕਤੇ ਤੋਂ ਕੋਈ ਸੈਲਫ-ਪੋਰਟਰੇਟ ਬਣਾਏ। ਬੜਾ ਖੁਸ਼ ਹੋਵੇਗਾ ਉਹ ਖਿਆਲ ਸੁਣ ਕੇ। ਸਮੇਂ ਦੇ

ਤਿਨਾਂ ਖੰਡਾਂ ਵਿਚ ਵੰਡਿਆ ਹੋਇਆ ਚਿਹਰਾ। ਟੁੱਟਾ ਹੋਇਆ, ਪਰ ਜੁੜਿਆ ਹੋਇਆ। ਜ਼ਿੰਦਗੀ ਦੀ ਚੌਖਟ ਵਿਚ ਜੜਿਆ ਹੋਣ ਕਰਕੇ ਜੁੜਿਆ ਹੋਇਆ।

ਉਸ ਵੇਲੇ ਚਿੱਤਰ ਨੂੰ ਵੇਖਦਿਆਂ ਉਸ ਨੂੰ ਖਿਅਲ ਆਇਆ ਕਿ ਕਿਤੇ ਉਸ ਦਾ ਚਿਹਰਾ ਸੁੱਚੀਂ ਮੁੱਚੀਂ ਇੰਝ ਟੁੱਟਾ ਹੋਇਆ ਨਾ ਹੋਵੇ। ਉਸ ਨੇ ਦੋਵੇਂ ਹੱਥ ਚਿਹਰੇ 'ਤੇ ਫੇਰੇ। ਪਰ ਕੁਝ ਪਤਾ ਨਾ ਲੱਗਾ। ਤਦ ਉਸ ਨੇ ਸ਼ੀਸਾ ਚੁਕਿਆ ਤੇ ਉਸ ਵਿਚ ਵੇਖਣ ਲੱਗਾ। ਸ਼ੀਸ਼ੇ ਦਾ ਪਾਣੀ ਕੁਝ ਥਾਵਾਂ ਤੋਂ ਲੱਥਾ ਹੋਇਆ ਸੀ। ਉਂਞ ਵੀ ਸਾਫ ਨਹੀਂ ਸੀ ; ਸ਼ਰਾਬ ਦੇ ਨਸ਼ੇ ਕਰਕੇ ਉਸ ਦੀ ਨਜ਼ਰ ਵੀ ਸਾਫ ਨਹੀਂ ਸੀ। ਉਸ ਨੂੰ ਅਪਣਾ ਚਿਹਰਾ ਸਾਫ ਤੌਰ ਤੇ ਨਾ ਵਿਖਿਆ। ਉਸ ਨੇ ਸ਼ੀਸ਼ਾ ਰੱਖ ਦਿੱਤਾ। ਤੇ ਸੋਚਿਆ, ਹੁਣ ਉਹ ਨਵਾਂ ਹੀ ਲਿਆਉਣਾ ਪਏਗਾ । ਪਹਿਲਾਂ ਵੀ ਕਈ ਵਾਰ ਲਿਆਉਣ ਬਾਰੇ ਸੋਚਿਆ ਏ। ਪਰ ਹੁਣ ਤਾਂ ਨਵਾਂ ਲਿਆਉਣਾ ਹੀ ਪਏਗਾ। ਉਂਞ ਹੋਰ ਵੀ ਕਿੰਨੀਆਂ ਚੀਜ਼ਾਂ ਹਨ, ਜੋ ਨਵੀਆਂ ਲਿਆਉਣ ਵਾਲੀਆਂ ਹਨ : ਤੌਲੀਆ ਜੋ ਖੋਦਾ ਹੋ ਕੇ ਥਾਂ ਥਾਂ ਤੋਂ ਪਾਟ ਚੁੱਕਾ ਏ, ਬੂਟ ਜਿਨ੍ਹਾਂ ਦੀ ਹੁਣ ਹੋਰ ਮੁਰੰਮਤ ਨਹੀਂ ਹੋ ਸਕਦੀ, ਬਿਸਤਰੇ ਦੀ ਇਕੋ ਇਕ ਰਹਿ ਗਈ ਅੱਧੋ ਰਾਣੀ ਚਾਦਰ, ਜੋ—ਤੇ ਹਾਂ, ਬੇਦੀ ਦਾ ਨਾਵਲ, "ਇਕ ਚਾਦਰ ਅੱਧੋਰਾਣੀ"। ਕਿੰਨਾ ਦਿਲ ਕਰਦਾ ਏ ਉਹ ਨਾਵਲ ਪੜ੍ਹਨ ਤੇ ! ਇਕ ਵਾਰ ਲੇਖਕਾਂ ਦੀ ਮੀਟਿੰਗ ਵਿਚ ਉਹ ਬੇਦੀ ਦੇ ਮੂੰਹੋਂ ਸੁਣਿਆ ਸੀ। ਪਰ ਬੇਦੀ ਨੇ ਸੁਣਾਉਂਦਿਆ ਕਈ ਵਾਰ ਰੋ ਰੋ ਕੇ ਨਾਵਲ ਦਾ ਸਵਾਦ ਖਰਾਬ ਕਰ ਦਿੱਤਾ ਸੀ। ਰੋਣਾ ਤਾਂ ਸੁਣਨ ਵਾਲਿਆਂ ਨੂੰ ਚਾਹੀਦਾ ਸੀ ! ਬੇਦੀ ਭਲਾ ਕਿਉਂ ਰੋਇਆ ? ਅਜੀਬ ਗੱਲ ਨਹੀਂ ਏ ਕਿ ਏਨੇ ਜ਼ਬਤ ਨਾਲ ਲਿਖਣ ਵਾਲਾ ਆਦਮੀ, ਸੁਨਾਉਣ ਲੱਗਾ ਆਪ ਰੋ ਪੈਂਦਾ ਏ ! ਲਿਖਦਿਆਂ ਵੀ ਜ਼ਰੂਰ ਰੋ ਰੋ ਕੇ ਲਿਖਦਾ ਹੋਵੇਗਾ। ਪਰ ਉਸ ਦੀ ਲਿਖਤ ਵਿਚ ਇਹ ਰੋਣਾ ਕਿਤੇ ਬਹੁਤ ਥੱਲੇ ਲੁਕਿਆ ਹੋਇਆ ਹੁੰਦਾ ਏ। ਮਜਾਲ ਏ ਕਿ ਉਸ ਦਾ ਇਕ ਫਿਕਰਾ ਵੀ ਸੈਂਟੀਮੈਂਟਲ ਜਾਪੇ। ਅਜਿਹੇ ਜ਼ਬਤ ਨਾਲ ਲਿਖਣਾ ਬੇਦੀ ਦਾ ਹੀ ਕੰਮ ਏ। ਤੇ ਅਜ ਕਲ ਸਿੱਖ ਉਸ ਦੇ ਪਿੱਛੇ ਪਏ ਹੋਏ ਨੇ। ਨਾਵਲ ਵਿਚ ਸਿੱਖਾਂ ਦੇ ਬਾਰਾਂ ਵੱਜਣ ਬਾਰੇ ਇਕ ਲਤੀਫਾ ਏ, ਜੋ ਸਿਖਾਂ ਦੇ ਹੱਕ ਵਿਚ ਜਾਂਦਾ ਏ। ਪਰ ਸਿੱਖਾਂ ਦੀ ਮੋਟੀ ਮੱਤ ਕਿ ਉਸ ਨੂੰ ਸਮਝ ਨਹੀਂ ਸਕੇ। ਤੇ ਬੇਦੀ 'ਤੇ ਮੁਕਦਮਾ ਕਰਨ ਨੂੰ ਫਿਰਦੇ ਨੇ। ਬਹੁਤਿਆਂ ਨੇ ਤਾਂ ਨਾਵਲ ਪੜ੍ਹਿਆ ਵੀ ਨਹੀਂ ਹੋਣਾ। ਕਿਸੇ ਦਿਨ ਚਲ ਕੇ ਬੇਦੀ ਕੋਲੋਂ ਸਿਖਾਂ ਦੀ ਇਸ ਮੋਟੀ ਮੱਤ ਬਾਰੇ ਕੋਈ ਲਤੀਫਾ ਸੁਣਨਾ ਚਾਹੀਦਾ ਏ। ਬੜਾ ਕਰਾਰਾ ਲਤੀਫਾ ਸਣਾਏਗਾ। ਬਸ ਖ਼ਜ਼ਾਨਾ ਏ ਲਤੀਫਿਆਂ ਦਾ। ਕਿਤੇ ਇਕ ਦਿਨ ਬੀਰਬਲ ਦੇ ਲਤੀਫਿਆਂ ਵਾਂਗ ਸਾਹਿੱਤ ਵਿਚ ਬੇਦੀ ਦੇ ਲਤੀਫੇ ਵੀ ਮਸ਼ਹੂਰ ਨਾ ਹੋ ਜਾਣ। ਦਰ ਅਸਲ ਬੇਦੀ ਦੇ ਅੰਦਰ ਕੋਈ ਬੜੀ ਡੂੰਘੀ ਤਲ਼ਖੀ ਲੁਕੀ ਹੋਈ ਹੈ, ਜਿਸ ਕਰਕੇ ਉਹ ਅਜਿਹਾ ਲਤੀਫੇਬਾਜ਼ ਏ। ਉਸ ਤਲਖੀ ਨੂੰ ਲਤੀਫਿਆਂ ਰਾਹੀਂ ਬਾਹਰ ਕੱਢ ਕੇ ਹੌਲਾ ਹੋ ਜਾਂਦਾ ਹੈ। ਪਰ ਲੇਖਕ ਦੇ ਤੌਰ 'ਤੇ ਕਿੰਨਾ ਗਹਿਰ ਗੰਭੀਰ ਏ ? ਉਸ ਦਾ ਆਰਟ—ਲੋ, ਇਹ ਬੇਦੀ ਵੀ ਕਿੱਧਰ ਲੈ ਤੁਰਿਆ ਏ !.........

ਉਹ ਬੇਦੀ ਅਤੇ ਆਪਣੇ ਆਪ 'ਤੇ ਹਲਕਾ ਜਿਹਾ ਮੁਸਕਰਾਇਆ। ਫੇਰ ਸੋਚਣ ਲਗਾ ਕਿ ਕੀ ਸੋਚ ਰਿਹਾ ਸੀ। ਉਸ ਨੂੰ ਚੇਤੇ ਨਾ ਆਇਆ। ਤਦ ਉਸ ਦੇ ਸਾਹਮਣੇ ਫੇਰ ਕੰਧ ਉਤਲਾ ਚਿੱਤਰ ਉਭਰਿਆ। ਤੇ ਉਸ ਦੇ ਇਕ ਟੋਟੇ ਨੂੰ ਉਹ ਨੀਝ ਨਾਲ ਵੇਖਣ ਲੱਗਾ। ਇਹ ਟੋਟਾ, ਉਸ ਨੇ ਮਨ ਵਿਚ ਕਿਹਾ, ਚਿਹਰੇ ਦੇ ਵਰਤਮਾਨ ਦਾ ਟੋਟਾ ਏ। ਵਰਤਮਾਨ ਦਾ ਚਿਹਰਾ। ਸੜਕਾਂ ਦੀ ਗਰਦਿਸ਼ ਦਾ ਚਿਹਰਾ। ਇਸ ਸ਼ਹਿਰ ਦੀ ਭੀੜ ਦਾ ਚਿਹਰਾ। ਬਿਨ ਅੱਖਾਂ ਵਾਲੀ

ਭੀੜ, ਜੋ ਸ਼ਹਿਰ ਵਿਚ ਖਿੰਡਰੀ ਹੋਈ ਏ, ਨੱਸ, ਭੱਜ ਰਹੀ ਏ, ਤੇ ਸ਼ਹਿਰ ਦੀਆਂ ਹੱਦਾਂ ਵਿਚ ਫਸੀ ਹੋਈ ਏ। ਇਹ ਸ਼ਹਿਰ,—ਜੋ ਵਰਤਮਾਨ ਏ। ਇਸ ਸ਼ਹਿਰ 'ਚੋਂ ਨਿਕਲਿਆ ਨਹੀਂ ਜਾ ਰਿਹਾ। ਜ਼ਿੰਦਗੀ ਇਸ ਸ਼ਹਿਰ ਵਿਚ ਫਸੀ ਹੋਈ ਏ। ਹਾਂ, ਇਹ ਵਰਤਮਾਨ ਦਾ ਚਿਹਰਾ ਇਸ ਸ਼ਹਿਰ ਵਿਚ ਫਸਿਆ ਹੋਇਆ ਚਿਹਰਾ ਏ। ਆਪਣੇ ਪਿੰਡ ਨਾਲੋਂ ਟੁੱਟਾ ਹੋਇਆ। ਖੇਤਾਂ ਨਾਲੋਂ ਤੇ ਪਿੰਡ ਦੇ ਘਰ ਨਾਲੋਂ ਨਿਖੜਿਆ ਹੋਇਆ.........

ਉਸ ਨੂੰ ਆਪਣਾ ਪਿੰਡ ਦਿਖਿਆ। ਬੜਾ ਦੂਰ। ਤੇ ਉਸ ਪਿੰਡ ਵਿਚ ਆਪਣਾ ਘਰ ਦਿਖਿਆ। ਤੇ ਆਪਣਾ ਪਰਵਾਰ। ਮਾਂ ਤੇ ਪਿਓ ਤੇ ਦੋਵੇਂ ਭੈਣਾਂ। ਛੋਟਾ ਭਰਾ। ਬੂਰੀ ਮੱਝ ਤੇ ਕਾਲੀ ਬਕਰੀ। ਤਿੰਨ, ਸਵਾ ਤਿੰਨ ਸਾਲ ਹੋ ਗਏ ਸਨ ਘਰ ਛੱਡਿਆਂ, ਘਰ ਵਾਲਿਆਂ ਤੋਂ ਵਿਛੜਿਆਂ। ਤੇ ਉਹ ਪਿੰਡ ਨਹੀਂ ਸੀ ਜਾ ਸਕਿਆ। ਸ਼ਹਿਰ ਵਿਚ ਫਸਿਆ ਹੋਇਆ ਸੀ ਤੇ ਨਿੱਕਲ ਨਹੀਂ ਸੀ ਪਾ ਰਿਹਾ। ਸੱਚਮੁੱਚ ਇਸ ਸ਼ਹਿਰ ਵਿਚ ਆਕੇ ਉਸਦਾ ਚਿਹਰਾ ਟੁੱਟ ਗਿਆ ਸੀ। ਫੇਰ ਵੀ ਉਹ ਜੁੜਿਆ ਹੋਇਆ ਸੀ। ਜ਼ਿੰਦਗੀ ਦੇ ਫਰੇਮ ਸਦਕਾ ਜੁੜਿਆ ਹੋਇਆ ਸੀ। ਚਿਹਰੇ ਦਾ ਟੁੱਟਣਾ, ਕਿੰਨੀ ਅਜੀਬ ਗੱਲ ਏ! ਉਸ ਨੂੰ ਚੇਤੇ ਆਇਆ, ਬਹੁਤ ਪਹਿਲਾਂ ਉਸ ਨੇ ਕਿਤੇ ਪੜ੍ਹਿਆ ਸੀ—ਹੋਟਲ ਵਿਚ ਬੈਠੇ ਹੋਏ ਇਕ ਆਦਮੀ ਬਾਰੇ ਕਿ ਉਹ ਇੰਝ ਉਦਾਸ ਬਣਿਆ ਹੋਇਆ ਬੈਠਾ ਸੀ ਕਿ ਉਸ ਦੇ ਚਿਹਰੇ ਨਾਲੋਂ ਉਸ ਦੀਆਂ ਨਜ਼ਰਾਂ ਟੁੱਟੀਆਂ ਹੋਈਆਂ ਸਨ, ਨਜ਼ਰਾਂ ਨਾਲੋਂ ਉਸ ਦੀਆਂ ਸੋਚਾਂ ਟੁੱਟੀਆਂ ਹੋਈਆਂ ਸਨ, ਤੇ ਤੇ ਸੋਚਾਂ ਨਾਲੋਂ.........। ਉਦੋਂ ਇਸ ਗੱਲ ਦੀ ਪੂਰੀ ਤਰ੍ਹਾਂ ਸਮਝ ਨਹੀਂ ਸੀ ਆਈ। ਪਰ ਏਥੇ ਆਕੇ, ਇਸ ਸ਼ਹਿਰ ਵਿਚ ਆ ਕੇ, ਉਸ ਨੂੰ ਇਹ ਗੱਲ ਏਨੀਂ ਚੰਗੀ ਤਰ੍ਹਾਂ ਸਮਝ ਆਈ ਸੀ ਕਿ ਉਸ ਚਿਹਰੇ ਨੂੰ ਉਹ ਕਈ ਵਾਰ ਆਪਣੇ ਖਿਆਲਾਂ ਵਿਚ ਵੇਖਿਆ ਕਰਦਾ ਸੀ। ਇਸ ਸ਼ਹਿਰ ਵਿਚ ਆਕੇ ਉਸ ਦਾ ਚਿਹਰਾ ਕਈ ਚਿਹਰੇ ਬਣਿਆ ਸੀ—ਕਲਰਕ ਦਾ ਚਿਹਰਾ ਤੇ ਕਿਸੇ ਬੇਕਾਰ ਆਦਮੀ ਦਾ ਚਿਹਰਾ, ਉਸ ਮੰਗਤੇ ਦਾ ਚਿਹਰਾ, ਜੋ ਉਹ ਬਣ ਨਹੀਂ ਸੀ ਸਕਿਆ, ਤੇ ਭੁੱਖ ਦਾ ਚਿਹਰਾ, ਤੇ ਫਿਲਮ ਡਾਇਰੈਕਟਰ ਦੇ ਚੌਥੇ ਅਸਿਸਟੈਂਟ ਦਾ ਚਿਹਰਾ, ਇਕ ਅਸਫਲ ਕਹਾਣੀਕਾਰ ਦਾ ਚਿਹਰਾ। .........ਇਹੋ ਜਹੇ ਹੋਰ ਵੀ ਕੁਝ ਚਿਹਰੇ।

ਹਾਂ, ਇਹੋ ਵੱਖ ਵੱਖ ਚਿਹਰੇ ਹਨ, ਉਸ ਨੇ ਸੋਚਿਆ, ਜਿਨ੍ਹਾਂ ਦੇ ਟੋਟਿਆਂ ਨੂੰ ਜੋੜ ਕੇ ਮੁਕਲ ਸੈਲਫ-ਪੋਰਟਰੇਟ ਬਣਾਉਂਦਾ ਏ। ਜਿਵੇਂ ਉਸ ਦੀ ਔਸ ਸੈਲਫ-ਪੋਰਟਰੇਟ ਵਿਚਲੇ ਕਈ ਟੋਟੇ—ਪਰ ਨਹੀਂ, ਹੁਣ ਤਾਂ ਉਹ ਸਿਰਫ ਤਿੰਨ ਹੀ ਟੋਟੇ ਹਨ। ਇਕ ਟੋਟਾ, ਜੋ ਵਰਤਮਾਨ ਏ। ਦੂਜਾ ਟੋਟਾ, ਜੋ ਭੂਤਕਾਲ ਏ—ਜ਼ਿੰਦਗੀ ਦੇ ਬੀਤੇ ਹੋਏ ਵਰ੍ਹਿਆਂ ਦਾ ਚਿਹਰਾ। ਜ਼ਿੰਦਗੀ ਦੇ ਬੀਤੇ ਹੋਏ ਵਰ੍ਹੇ.........

ਉਸ ਨੇ ਉਸ ਟੋਟੇ ਵਲ ਵੇਖਦਿਆਂ ਕਿਤੇ ਪਿਛਾਂਹ, ਵੇਖਿਆ—ਆਪਣੀ ਜ਼ਿੰਦਗੀ ਦੇ ਬੀਤੇ ਹੋਏ ਵਰ੍ਹਿਆ ਨੂੰ। ਉਹ ਧੁੰਧਲੇ ਜਹੇ ਜਾਪੇ। ਉਸ ਨੇ ਉਹਨਾਂ ਨੂੰ ਸਾਫ ਤੌਰ ਤੇ ਵੇਖਣਾ ਚਾਹਿਆ। ਆਪਣੇ ਦਿਮਾਗ 'ਤੇ ਜ਼ੋਰ ਪਾਇਆ। ਪਰ ਉਸ ਦੇ ਸਾਹਮਣੇ ਜੋ ਧੁੰਦ ਸੀ, ਉਸ ਵਿਚ ਉਹ ਵਰ੍ਹੇ ਸਾਫ ਤੌਰ 'ਤੇ ਵਖਾਲੀ ਨਾ ਦਿੱਤੇ। ਉਸ ਨੇ ਸੋਚਿਆ, ਭਲਾ ਉਹਨਾਂ ਵਰ੍ਹਿਆਂ ਵਿਚ ਉਸ ਦਾ ਚਿਹਰਾ ਕਿਹੋ ਜਿਹਾ ਸੀ? ਪਰ ਉਹ ਉਸ ਦੀ ਕਲਪਨਾ ਨਾ ਕਰ ਸਕਿਆ। ਤਦ ਉਸ ਨੇ ਆਪਣੀ ਕਿਸੇ ਪੁਰਾਣੀ ਫੋਟੋ ਨੂੰ ਸਾਹਮਣੇ ਲਿਆਉਣ ਦਾ ਜਤਨ ਕੀਤਾ। ਕਾਲਜ ਦੇ ਦਿਨਾਂ ਦੀ ਇਕ

ਫੋਟੋ ਉਸ ਦੇ ਸਾਹਮਣੇ ਆਈ, ਜੋ ਉਸ ਦੇ 'ਆਈਡੈਂਟਿਟੀ-ਕਾਰਡ' 'ਤੇ ਲੱਗੀ ਹੋਈ ਸੀ। ਉਸ ਦਾ ਉਹ ਕਾਲਜ ਦਾ ਪਹਿਲਾ ਸਾਲ ਸੀ। ਤੇ ਅੰਤਲਾ ਵੀ। ਅੱਗੋਂ ਕਾਲਜ ਦੀ ਪੜ੍ਹਾਈ ਉਸ ਤੋਂ ਛੁੱਟ ਗਈ ਸੀ। ਪਰ ਉਹ ਇਕ ਵਰ੍ਹਾ, ਉਸ ਦੀ ਜ਼ਿੰਦਗੀ ਦਾ ਕਿਹੋ ਜਿਹਾ ਵਰ੍ਹਾ ਸੀ! ਉਦੋਂ ਉਹ ਅਜ ਵਰਗਾ ਨਹੀਂ ਸੀ। ਉਦੋਂ ਦਾ ਚਿਹਰਾ—ਉਸ ਨੇ ਆਪਣੇ ਆਈਡੈਂਟਿਟੀ-ਕਾਰਡ ਵਾਲੇ ਚਿਹਰੇ ਨੂੰ ਸਾਹਮਣੇ ਲਿਆਂਦਾ। ਤੇ ਉਸ ਦੇ ਨਾਲ ਹੀ ਇਕ ਹੋਰ ਚਿਹਰਾ ਉਸ ਦੇ ਸਾਹਮਣੇ ਆਇਆ। ਤ੍ਰਿਪਤਾ, ਨਹੀਂ ਤ੍ਰਿਪਤੀ ਦਾ ਚਿਹਰਾ। 'ਤ੍ਰਿਪਤਾ' ਉਸ ਨੂੰ ਕੁਝ ਅਜੀਬ ਜਿਹਾ ਨਾਂ ਲਗਦਾ ਸੀ। ਉਹ ਉਸ ਬਾਰੇ ਜਦ ਵੀ ਸੋਚਦਾ, ਮਨ ਵਿਚ 'ਤ੍ਰਿਪਤੀ' ਕਹਿ ਕੇ ਹੀ ਸੋਚਦਾ। ਓਹ ਉਸ ਨੂੰ ਅੰਤਾਂ ਦੀ ਚੰਗੀ ਲਗਦੀ ਸੀ। ਰਾਤ ਦਿਨ ਉਹ ਉਸ ਬਾਰੇ ਸੋਚਦਾ ਰਹਿੰਦਾ ਸੀ। ਪਰ ਉਸ ਨਾਲ ਕਦੇ ਗੱਲ ਕਰਨ ਦਾ ਹੀਆ ਨਹੀਂ ਸੀ ਕਰ ਸਕਿਆ। ਬਸ ਇਹੋ ਸੋਚਦਾ ਸੀ ਕਿ ਕਦੇ ਮੌਕਾ ਲੱਗਾ ਤਾਂ ਆਪਣੇ ਆਪ ਗੱਲ ਹੋ ਜਾਏਗੀ। ਅਖੀਰ ਇਕ ਵਾਰ ਜਦ ਉਸ ਨੇ ਤ੍ਰਿਪਤੀ ਨੂੰ ਕਿਸੇ ਹੋਰ ਮੁੰਡੇ ਨਾਲ—ਉਸੇ ਜਗਮੋਹਨ ਨਾਲ, ਜੋ ਕਾਲਜ ਵਿਚ ਸਭ ਤੋਂ ਸ਼ੁਕੀਨ ਤੇ ਸਭ ਤੋਂ ਲੋਫਰ ਮੁੰਡਾ ਸੀ—ਪਾਰਕ ਦੀ ਇਕ ਨੁੱਕਰੇ ਹੱਸ ਹੱਸ ਕੇ ਗੱਲਾਂ ਕਰਦਿਆਂ ਵੇਖਿਆ ਸੀ ਤਾਂ ਉਸ ਨੂੰ ਲਗਾ ਸੀ ਕਿ ਤ੍ਰਿਪਤੀ ਕੱਚ ਦੀ ਇਕ ਬੁਤੀ ਸੀ, ਜੋ ਉਸੇ ਬਿੰਦ ਟੁੱਟ ਕੇ ਚੂਰ ਚੂਰ ਹੋ ਗਈ ਸੀ। ਤੇ ਉਸ ਦੀਆਂ ਅਣਗਿਣਤ ਕਿਰਚਾਂ ਉਸ ਦੀ ਜ਼ਿੰਦਗੀ ਵਿਚ ਖੁੱਭ ਗਈਆਂ ਸਨ। ਅੱਜ ਉਹਨਾਂ ਦੀ ਚੁਭਨ ਬਾਕੀ ਸੀ। ਤੇ ਉਦੋਂ ਉਸ ਨੂੰ ਆਪਣਾ ਚਿਹਰਾ ਏਨਾਂ ਨਿਗੂਣਾ ਜਾਪਿਆ ਸੀ ਕਿ ਉਸ ਨਮੋਸ਼ੀ ਨੂੰ ਸਿਰਫ ਉਹੀ ਮਹਿਸੂਸ ਕਰ ਸਕਦਾ ਸੀ। ਉਂਝ ਕਿੰਨੇ ਤਿਖੇ ਨੈਣ-ਨਕਸ਼ ਸਨ ਉਸ ਦੇ! ਗੋਰਾ ਰੰਗ। ਕੱਕੇ ਵਾਲ। ਨਿਰਾ ਆਪਣੀ ਮਾਂ ਦਾ ਚਿਹਰਾ ਜਾਪਦਾ ਸੀ। ਸੁਬਕ ਤੇ ਮਲੂਕ। ਕੁੜੀਆਂ ਵਰਗਾ ਚਿਹਰਾ। ਸਕੂਲ ਦੇ ਨਾਟਕਾਂ ਵਿਚ ਉਸ ਨੇ ਕਈ ਵਾਰ ਕੁੜੀ ਦਾ ਰੋਲ ਕੀਤਾ ਸੀ। ਫੇਰ ਉਸ ਦੇ ਦਾੜ੍ਹੀ ਆ ਗਈ ਸੀ। ਕੱਕੇ, ਮੁਲਾਇਮ, ਘੁੰਗਰਾਲੇ ਵਾਲ। ਤੇ ਉਸ ਦਾੜ੍ਹੀ ਸਦਕਾ ਉਸ ਦਾ ਚਿਹਰਾ ਹੋਰ ਦਾ ਹੋਰ ਬਣ ਗਿਆ ਸੀ। ਉਂਝ ਵੀ ਉਸ ਦਾ ਚਿਹਰਾ ਭਰ ਗਿਆ ਸੀ ਤੇ ਬੜਾ ਮਰਦਾਵਾਂ ਜਾਪਣ ਲਗ ਪਿਆ ਸੀ। ਪਰ ਇਸ ਸ਼ਹਿਰ ਵਿਚ ਆ ਕੇ ਉਸ ਨੇ ਦਾੜ੍ਹੀ ਤੇ ਵਾਲ ਕਟਵਾ ਸੁੱਟੇ ਸਨ। "ਏਥੇ ਤਾਂ ਆਪਣੇ ਆਪ ਨੂੰ ਹੀ ਸੰਭਾਲਣਾ ਔਖਾ ਸੀ, ਦਾੜ੍ਹੀ-ਵਾਲਾਂ ਨੂੰ ਕੌਣ ਸੰਭਾਲੇ।" ਫੇਰ ਇਕ ਵਾਰ ਹਾਲਾਤ ਅਜਿਹੇ ਬਣੇ ਸਨ ਕਿ ਦਾੜ੍ਹੀ ਵਧਣ ਲਗੀ ਸੀ ਤਾਂ ਵਧਦੀ ਰਹੀ ਸੀ। ਉਹ ਕਟਵਾ ਨਹੀਂ ਸੀ ਸਕਿਆ। ਬੇਕਾਰੀ ਦਾ ਉਹ ਬੜਾ ਔਖਾ ਦੌਰ ਸੀ। ਉਂਝ ਉਹਨੀਂ ਦਿਨੀਂ ਦਾੜ੍ਹੀ ਰਖਣ ਦਾ ਉਸ ਨੂੰ ਕੁਝ ਫਾਇਦਾ ਹੀ ਹੋਇਆ ਸੀ। ਹਰ੍ਹਬਾਂ ਅੰਦਰ ਵੜ ਜਾਣ ਤੇ ਉਸ ਦਾ ਚਿਹਰਾ, ਜੋ ਬੜਾ ਹੀ ਮਾੜੂਆ ਜਿਹਾ ਲਗਦਾ ਸੀ, ਦਾੜ੍ਹੀ ਸਦਕਾ ਕੁਝ ਰੋਬਦਾਰ ਬਣ ਗਿਆ ਸੀ, ਤੇ ਉਸ ਨੂੰ ਖੁਦ ਵੀ ਲਗਦਾ ਸੀ ਕਿ ਉਹ ਏਨਾਂ ਕਮਜ਼ੋਰ ਤਾਂ ਨਹੀਂ ਹੋਇਆ ਹੈ। ਫੇਰ ਇਕ ਵਾਰ ਜਦ ਉਹ ਚੌਥੇ ਅਸਿਸਟੈਂਟ ਡਾਇਰੈਕਟਰ ਦੇ ਤੌਰ 'ਤੇ ਸੱਤਰਾਂ ਰੁਪਇਆਂ ਦੀ ਨੌਕਰੀ ਕਰ ਰਿਹਾ ਸੀ ਤਾਂ ਫਿਲਮ ਵਿਚ ਇਕ ਛੋਟਾ ਜਿਹਾ ਰੋਲ ਮਿਲਣ ਤੇ ਉਸ ਨੂੰ ਦਾੜ੍ਹੀ ਕਟਵਾਉਣੀ ਪਈ ਸੀ। ਉਸ ਰੋਲ ਵਿਚ ਮਸਾਂ ਪੰਦਰਾਂ ਸਕਿੰਟਾਂ ਦਾ ਕੰਮ ਸੀ ਉਸ ਦਾ ਤੇ ਉਸ ਦੇ ਉਸ ਨੂੰ ਢਾਈ ਸੌ ਰੁਪਏ ਮਿਲੇ ਸਨ। ਮਗਰੋਂ ਉਸੇ ਪਾਤਰ ਦੇ ਰੂਪ ਵਿਚ, ਫਿਲਮ 'ਚ ਅਗੇ ਜਾ ਕੇ ਇਕ ਵਾਰ ਫੇਰ ਕੰਮ ਮਿਲਿਆ ਸੀ। ਡਾਇਰੈਕਟਰ ਨੇ ਉਸ ਦੇ ਕੰਮ ਦੀ ਬੜੀ ਤਾਰੀਫ ਕੀਤੀ ਸੀ।

ਤਦ ਉਸਨੂੰ ਆਸ ਬੱਝੀ ਸੀ ਕਿ ਫਿਲਮ ਚਲ ਗਈ ਤਾਂ ਉਸ ਰੋਲ ਸਦਕਾ ਉਸਨੂੰ ਹੋਰਨਾਂ ਫਿਲਮਾਂ 'ਚ ਵੀ ਕੰਮ ਮਿਲਣ ਲਗੇਗਾ। ਪਰ ਫਿਲਮ ਰਿਲੀਜ਼ ਹੋਣ 'ਤੇ ਉਸ ਵਿਚ ਉਸਦਾ ਰੋਲ ਕਿਤੇ ਨਹੀਂ ਸੀ। ਐਡਿਟਿੰਗ ਵੇਲੇ ਉਹ ਪਾਤਰ ਹੀ ਫਿਲਮ 'ਚੋਂ ਕੱਢ ਦਿੱਤਾ ਗਿਆ ਸੀ। ਉਂਝ ਫਿਲਮ ਚਲੀ ਵੀ ਨਹੀਂ ਸੀ। ਫਿਲਮ ਨਹੀਂ ਸੀ ਚੱਲੀ ਤਾਂ ਉਸਦਾ ਡਾਇਰੈਕਟਰ ਵੀ ਨਹੀਂ ਸੀ ਚੱਲਿਆ। ਅੱਗੋਂ ਉਸ ਨੂੰ ਕੋਈ ਫਿਲਮ ਨਹੀਂ ਸੀ ਮਿਲੀ। ਸੋ ਉਸਦੇ ਨਾਲ, ਚੌਥੇ ਅਸਿਸਟੈਂਟ ਦੇ ਰੂਪ ਵਿਚ ਉਸਦੀ ਨੌਕਰੀ ਵੀ ਜਾਂਦੀ ਰਹੀ ਸੀ।

ਤਦ, ਫ਼ੇਰ ਉਹੋ ਸੜਕਾਂ ਦੀ ਗਰਦਿਸ਼ ਸੀ।

ਇਕ ਗੱਲੋਂ ਉਹ ਖੁਸ਼ ਸੀ ਕਿ ਛੇਤੀ ਹੀ ਫਿਲਮ-ਲਾਈਨ 'ਚੋਂ ਛੁਟਕਾਰਾ ਮਿਲ ਗਿਆ ਸੀ। ਨਹੀਂ ਤਾਂ ਉਸ ਨੇ ਸਾਲਾਂ ਬੱਧੀ ਉਸ ਵਿਚ ਫਸੇ ਰਹਿਣਾ ਸੀ। ਵਰਤਮਾਨ ਵਿਚ ਫਸੇ ਹੋਏ, ਕਿਸੇ ਆਸ ਸਦਕਾ ਭਵਿੱਖ ਵਲ ਵੇਖਦੇ ਰਹਿਣਾ ਸੀ। ਫਿਲਮ ਲਾਈਨ ਵਿਚ ਰਹਿ ਕੇ ਭਵਿੱਖ ਕਿੱਡਾ ਸੁਨਿਹਰਾ ਤੇ ਸ਼ਾਨਦਾਰ ਵਖਾਈ ਦਿਆ ਕਰਦਾ ਏ। ਮ੍ਰਿਗਜਲ ਬਣਿਆ ਹੋਇਆ ਹੁੰਦਾ ਏ। ਸੋਨੇ ਦੇ ਪਾਣੀ ਵਾਲਾ ਮ੍ਰਿਗਜਲ। ਅਜਿਹਾ ਮ੍ਰਿਗਜਲ—

ਹੁਣ ਉਹ ਪਿਛਾਂਹ ਵਲ ਨਹੀਂ ਸੀ ਵੇਖ ਰਿਹਾ, ਅਗਾਂਹ ਵਲ ਵੇਖ ਰਿਹਾ ਸੀ। ਅਗਾਂਹ, ਆਪਣੇ ਭਵਿੱਖ ਵਲ। ਫਿਲਮੀ ਜ਼ਿੰਦਗੀ ਵਾਲੇ ਭਵਿੱਖ ਵਲ ਨਹੀਂ, ਆਪਣੀ ਹੁਣ ਦੀ ਜ਼ਿੰਦਗੀ ਦੇ ਭਵਿੱਖ ਵਲ।

ਪਰ ਉਸ ਨੂੰ ਭਵਿੱਖ ਹਨੇਰਾ ਦਿਖ ਰਿਹਾ ਸੀ।

ਭਵਿਖ ਦੇ ਉਸ ਹਨੇਰੇ ਵਿਚ ਉਸ ਨੇ ਆਪਣਾ ਚਿਹਰਾ ਵੇਖਣਾ ਚਾਹਿਆ। ਪਰ ਉਹ ਵਖਾਲੀ ਨਾ ਦਿੱਤਾ।

ਭਵਿੱਖ ਦਾ ਚਿਹਰਾ! ਉਸ ਨੇ ਸੋਚਿਆ ਤੇ ਸਾਹਮਣੇ ਚਿੱਤਰ ਵਲ ਵੇਖਿਆ। ਉਸ ਦੇ ਇਕ ਟੋਟੇ ਨੂੰ ਦੇਰ ਤਕ ਵੇਖਦਾ ਰਿਹਾ, ਪਰ ਉਸ ਵਿਚੋਂ ਵੀ ਆਪਣਾ ਭਵਿੱਖ ਦਾ ਚਿਹਰਾ ਨਾ ਵੇਖ ਸਕਿਆ।

ਸ਼ਾਇਦ ਕੁਝ ਬੰਦਿਆਂ ਦਾ ਭਵਿੱਖ ਹੁੰਦਾ ਹੀ ਨਹੀਂ, ਉਸ ਨੇ ਸੋਚਿਆ।

ਕੁਝ ਚਿਰ ਪਿੱਛੋਂ ਉਸ ਨੂੰ ਅੱਖਾਂ ਬੋਝਲ ਹੁੰਦੀਆਂ ਜਾਪੀਆਂ। ਉਹਨਾਂ ਵਿਚ ਨੀਂਦ ਸੀ ਤੇ ਥਕੇਵਾਂ। ਪਰ ਉਹ ਇਕ ਟਕ ਚਿੱਤਰ ਵਲ ਵੇਖਦਾ ਰਿਹਾ। ਉਸ ਦੀਆਂ ਅੱਖਾਂ ਮੀਟੀਆਂ ਜਾਣ ਲਗੀਆਂ। ਅਖੀਰ ਉਹ ਲੰਮਾ ਪੈ ਗਿਆ ਤੇ ਸੌਂ ਗਿਆ।

ਸੁੱਤੇ ਪਿਆ ਉਸ ਨੇ ਜਿਵੇਂ ਸੁਪਨੇ ਵਿਚ ਵੇਖਿਆ, ਚਿੱਤਰ ਦੇ ਟੁੱਟੇ ਹੋਟੇ ਕੱਚ ਦੀ ਥਾਂ ਨਵਾਂ ਸਾਬਿਤ ਕੱਚ ਲੱਗਾ ਹੋਇਆ ਸੀ, ਤੇ ਉਹ ਕਈ ਟੋਟਿਆਂ ਵਾਲਾ ਚਿਹਰਾ ਵੀ ਜਿਵੇਂ ਪੂਰਾ ਬਣ ਗਿਆ ਸੀ। ਮੁਕਲ ਦੇ ਬਣਾਏ ਚਿਹਰੇ ਨਾਲੋਂ ਇਕ ਬਿਲਕੁਲ ਹੀ ਵੱਖਰਾ ਚਿਹਰਾ ਜਾਪ ਰਿਹਾ ਸੀ। ਤੇ ਉਹ ਚਿਹਰਾ—ਉਸ ਨੇ ਝਟ ਪਛਾਣ ਲਿਆ—ਉਸ ਦੀ ਮਾਂ ਦਾ ਚਿਹਰਾ ਸੀ। ਬਿਲ-ਕੁਲ ਪੂਰਾ ਚਿਹਰਾ। ਪਰ ਤਦੇ ਉਸ ਨੇ ਵੇਖਿਆ, ਮਾਂ ਦੀਆਂ ਅੱਖਾਂ ਵਿਚ ਹੰਝੂ ਸਨ, ਤੇ ਉਸ ਦੇ ਬੁੱਲ੍ਹਾਂ 'ਤੇ ਜੋ ਸਦੀਵੀ ਮੁਸਕਰਾਹਟ ਹੁੰਦੀ ਸੀ, ਉਹ ਗਾਇਬ ਸੀ। ਉਸ ਮੁਸਕਰਾਹਟ ਤੋਂ ਬਿਨਾਂ, ਉਸ ਨੂੰ ਲੱਗਾ, ਉਹ ਚਿਹਰਾ ਉਸ ਦੀ ਮਾਂ ਦਾ ਨਹੀਂ ਸੀ। ਉਹ ਕੋਈ ਬੜਾ ਉਪਰਾ ਚਿਹਰਾ ਸੀ।

# ਰੁਕੀ ਹੋਈ ਕਹਾਣੀ

ਦਿਲਜੀਤ ਸਿੰਘ

ਕਈ ਵਰ੍ਹਿਆਂ ਦੇ ਬਾਅਦ ਮੂਰਤੀ ਸ਼ਾਮ ਦੇ ਧੁੱਖਿਆਲੇ ਧੁੰਦਲਕੇ 'ਚ ਦਿਸ ਪਈ। ਬਾਜ਼ਾਰ 'ਚ ਦੂਰ ਫਿਰ ਰਹੇ ਲੋਕਾਂ ਦੇ ਅਣਗਿਣਤ ਆਕਾਰ ਅਤੇ ਉਹਨਾਂ ਦੇ ਸੜਕ 'ਤੇ ਪੈ ਰਹੇ ਲੰਮੇ ਲੰਮੇ ਪਰਛਾਵੇਂ ਇਕ ਦੂਸਰੇ 'ਚ ਰਲ ਗਡ ਹੋ ਰਹੇ ਹਨ। ਮੂਰਤੀ ਵੀ ਇਹਨਾਂ 'ਚ ਦਿਸਣੋਂ ਹਟ ਜਾਂਦੀ ਹੈ। ਉਹ ਸਾਇਕਲ ਤੇ ਸੀ। ਨਹੀਂ ਤੇ ਮੈਂ ਉਹਨੂੰ ਬੁਲਾ ਹੀ ਲੈਂਦਾ। ਉਹਦੇ ਬਾਰੇ ਕੁਝ ਇਕ ਖ਼ਿਆਲ ਜ਼ਹਿਨ 'ਚ ਗੂੜ੍ਹੇ ਫਿਕੇ ਹੁੰਦੇ ਹਨ......ਤੇ ਉਸੇ ਤਰ੍ਹਾਂ ਗੁੰਮ ਹੋ ਜਾਂਦੇ ਹਨ ਜਿਸ ਤਰ੍ਹਾਂ ਹੁਣੇ ਉਹ ਆਪ ਹੋਈ ਸੀ।

ਪਰ ਰਾਤ ਵੇਲੇ ਜਦੋਂ ਮੈਂ ਘਰ ਮੁੜਨ ਲਗਦਾ ਹਾਂ ਜ਼ਹਿਨ 'ਚ ਮੂਰਤੀ ਦੀ ਹੋਂਦ ਦਾ ਅਹਿਸਾਸ ਹੁੰਦਾ ਹੈ। ਇੰਦਰ ਨੂੰ ਮੈਂ ਇਕ ਬਾਰ ਕਿਹਾ ਸੀ...ਮੂਰਤੀ ਦਾ ਖ਼ਿਆਲ ਮੈਨੂੰ ਉਦੋਂ ਆਂਦਾ ਹੈ ਜਦੋਂ ਉਹਦੇ ਬਾਰੇ ਕਹਾਣੀ ਲਿਖਣੀ ਹੋਏ ਜਾਂ ਉਹਦੇ ਨਾਲ ਸੰਗਤ ਕਰਨ ਲਈ ਜੀਅ ਕਰੇ।...ਇਹ ਗੱਲ ਹੁਣ ਕਿੰਨੀ ਪੁਰਾਣੀ ਹੋ ਗਈ ਹੈ। ਹੁਣ ਨਾ ਕਦੀ ਉਹਦੇ ਬਾਰੇ ਕਹਾਣੀ ਲਿਖਣ ਦਾ ਖ਼ਿਆਲ ਆਇਆ ਹੈ ਨਾ ਸੰਗਤ ਕਰਨ ਲਈ ਜੀਅ ਕੀਤਾ ਹੈ। ਉਹ ਮੇਰੇ ਭਾਣੇ ਹੈ ਹੀ ਨਹੀਂ। ਪਰ ਜੀਉਂਦੇ-ਜੀਅ ਕੋਈ ਕਿਸੇ ਨੂੰ ਕਿੰਜ ਮਾਰ ਸਕਦਾ ਹੈ। ਸੋਚਦਾ ਹਾਂ......ਮਨੁਖ ਜੀਉਂਦਾ ਹੋਵੇ ਸਹੀ ਕਦੀ ਨਾ ਕਦੀ ਮਿਲ ਹੀ ਜਾਂਦਾ ਹੈ। ਘਰ ਵਲ ਹੌਲ਼ੀ ਹੌਲ਼ੀ ਪੈਰ ਪੁਟਦਿਆਂ ਮੈਨੂੰ ਲੱਗਦਾ ਹੈ ਅਜ ਸ਼ਾਮ ਦਾ ਪਰਛਾਵੇਂ ਮਾਤਰ ਮੇਲ ਮੇਰੇ ਮਨ 'ਚ ਜਿਵੇਂ ਕਿਸੇ ਹੋਰ ਵਡੇ ਸੰਜੋਗੀ ਮੇਲ ਦਾ ਖ਼ਾਬ ਧੜਕਾ ਗਿਆ ਹੈ।

ਏਸ ਤਰ੍ਹਾਂ ਇਕ ਰਾਤ ਜਦੋਂ ਮੈਂ ਘਰ ਪੁਜਾ ਸਾਂ ਨਿਕੇ ਭਰਾ ਨੇ ਮੇਰੇ ਹਥਾਂ 'ਤੇ ਦਸਾਂ ਦਸਾਂ ਦੇ ਦੋ ਨੋਟ ਰਖ ਕੇ ਦਸਿਆ ਸੀ......ਨਾਲ ਦਾ ਕਮਰਾ ਇਕ ਜ਼ਨਾਨੀ ਨੂੰ ਕਰਾਏ ਤੇ ਦੇ ਦਿੱਤਾ ਹੈ। ਕੁਝ ਦਿਨਾਂ ਮਗਰੋਂ ਮੈਂ ਇੰਦਰ ਨੂੰ ਕਿਹਾ ਸੀ ਕਿ ਕੀ ਇਹ ਘਟ ਨਾਟਕੀ

ਗਲ ਹੈ ਕਿ ਕੋਈ ਕਲਮ ਕੱਲੀ ਔਰਤ ਏਸ ਤਰ੍ਹਾਂ ਆ ਕੇ ਰਹੇ ਜਿਸ ਦੇ ਅਗੇ ਪਿਛੇ ਤੋਂ ਅਣਜਾਣ ਹਰ ਕੋਈ ਉਤਸਕਤਾ ਭਰੀਆਂ ਨਜ਼ਰਾਂ ਨਾਲ ਉਹਨੂੰ ਆਂਦਿਆਂ ਜਾਂਦਿਆਂ ਨੂੰ ਦੇਖੀ ਜਾਏ......। ਉਸੇ ਰਾਤ ਆਂਢੀ-ਗੁਆਂਢੀ ਮੇਰੇ ਕਮਰੇ 'ਚ ਆਏ ਸਨ। ਏਨਾ ਨੇੜਿਉਂ ਮੈਂ ਪਹਿਲਾਂ ਉਹਨਾਂ ਨੂੰ ਕਦੀ ਨਹੀਂ ਸੀ ਦੇਖਿਆ। ਉਹ ਮੈਨੂੰ ਬੜੇ ਹੋਛੇ ਲਗੇ। ਮੈਨੂੰ ਘੜੀ ਘੜੀ ਸ਼ਰੀਫ ਆਦਮੀ ਕਹਿ ਕੇ ਆਸ ਕਰਨ ਲਗੇ ਕਿ ਸੁਬਾਹ ਸਵੇਰੇ ਹੀ ਮੈਂ ਏਸ ਔਰਤ ਨੂੰ ਘਰੋਂ ਕਢ ਦਿਆਂਗਾ। ਉਹਨਾਂ ਦੇ ਜਾਣ ਮਗਰੋਂ ਮੈਂ ਡਾਇਰੀ 'ਚ ਕਿੰਨਾ ਕੁਝ ਲਿਖਿਆ......ਉਸ ਔਰਤ ਬਾਰੇ ਜਿਸ ਨੂੰ ਮੈਂ ਹਾਲੇ ਤਕਿਆ ਵੀ ਨਹੀਂ ਸੀ।

ਭਾਵਕਤਾ ਭਰੇ ਏਸ ਊਲ-ਜਲੂਲ 'ਚੋਂ ਭਲਾ ਕਿਹੜੀ ਕਹਾਣੀ ਜਨਮ ਲੈ ਸਕਦੀ ਸੀ। ਇਹ ਸਾਰਾ ਨਾਟਕੀਪਣ, ਰੁਮਾਂਸ ਅਤੇ ਭਰਮ ਤਾਂ ਉਦੋਂ ਹੀ ਉੱਤਰ ਗਿਆ ਜਦੋਂ ਮੇਰੀ ਕੁਝ ਦਿਨਾਂ ਮਗਰੋਂ ਉਹਦੇ ਤੇ ਨਜ਼ਰ ਪਈ......ਮੱਧਰੇ ਜਹੇ ਕਦ ਦੀ ਗੋਲ ਮਟੋਲ ਔਰਤ ਜਿਸਦਾ ਮੂੰਹ ਨਾ ਮਥਾ। ਮੈਂ ਸੋਚਿਆ ਸੀ......ਗੁਆਂਢੀਆਂ ਦੇ ਸ਼ੰਕੇ ਵੀ ਦੂਰ ਹੋ ਗਏ ਹੋਣਗੇ।

ਪਰ ਕਿਥੇ...ਨਾ ਗੁਆਂਢੀਆਂ ਦੇ ਸ਼ੰਕੇ ਦੂਰ ਹੋਏ ਨਾ ਮੇਰੇ ਭਰਮ ਟੁਟੇ। ਸਗੋਂ ਉਹਦੇ ਮੂੰਹ-ਮੱਥੇ ਦਾ ਓਪਰਾਪਣ ਵੀ ਮੁਕ ਗਿਆ। ਕਦੀ ਕਦੀ ਲਗਦਾ ਸ਼ਾਇਦ ਏਸੇ ਕਰਕੇ ਮੈਂ ਕਹਾਣੀ ਲਿਖਣਾ ਚਾਹੁੰਦਾ ਹਾਂ......

ਓਸੇ ਰਾਤ ਦੀ ਇਕ ਹੋਰ ਗਲ ਤੋਂ ਮੈਂ ਇਕ ਵਾਰ ਕਹਾਣੀ ਲਿਖਣੀ ਸ਼ੁਰੂ ਕੀਤੀ ਸੀ। ਇਹ ਗਲ ਮੂਰਤੀ ਦੀ ਨਹੀਂ...--ਉਹਦੇ ਰੁਪਿਆਂ ਦੀ ਸੀ ਜਿਹੜੇ ਰਾਤ ਘਰ ਪੁਜਦਿਆਂ ਹੀ ਛੋਟੇ ਭਰਾ ਕੋਲੋਂ ਮੈਨੂੰ ਮਿਲੇ ਸਨ। ਉਸ ਦਿਨ ਸਵੇਰੇ ਸਵੇਰੇ ਸੁਰੈਣ ਸਿੰਘ ਮੇਰੇ ਕਮਰੇ 'ਚ ਆ ਵੜਿਆ ਸੀ। ਮੰਜੀ ਤੇ ਬੈਠਦਿਆਂ ਹੀ ਮੇਜ਼ ਤੋਂ ਉਸ ਮੇਰੀ ਐਨਕ ਚੁਕ ਲਈ ਤੇ ਪੁਛਣ ਲੱਗਾ, "ਇਹ ਕਿਨੇ ਕੁ ਦੀ ਹੋਵੇਗੀ ?"

"ਬਾਰਾਂ ਕੁ ਰੁਪਏ ਦੀ।" ਮੈਂ ਉਹਨੂੰ ਕਿਹਾ ਸੀ।

"ਤਾਂ ਰਾਤ ਤਕ ਜੇ ਦੁਧ ਦੇ ਪੈਸੇ ਨਾ ਦਿਤੇ, ਮੈਂ ਇਹ ਐਨਕ ਲੈ ਜਾਵਾਂਗਾ।"

ਕਹਿ ਕੇ ਉਹ ਤਾਂ ਚਲਾ ਗਿਆ ਸੀ ਪਰ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਸਾਰਾ ਦਿਨ ਮੈਂ ਡਰ ਡਰ ਕੇ ਲੰਘਾਇਆ। ਤਰਕਾਲਾਂ ਵੇਲੇ ਉਪਰਾਮ ਜਿਹਾ ਹੋ ਕੇ ਘਰ ਵਲ ਪਰਤ ਪਿਆ। ਸਾਰੇ ਰਾਹ ਸੋਚਦਾ ਗਿਆ......ਘਰ ਪੁਜਦਿਆਂ ਹੀ ਉਹ ਬੁਰਛਾ ਪਤਾ ਨਹੀਂ ਕੀ ਕਰ ਦਏਗਾ। ਸ਼ੁਕਰ ਏ ਮਾਂ ਘਰ ਨਹੀਂ,......ਨਹੀਂ ਤੇ ਉਹਦੇ ਮਨ ਤੇ ਕੀ ਗੁਜ਼ਰਦੀ। ਆਂਢੀਆਂ-ਗੁਆਂਢੀਆਂ 'ਚ ਮੇਰੀ ਕਿੰਨੀ ਸਾਖ ਏ ! ਹੁਣ ਮਿਟੀ ਪਲੀਤ ਹੋ ਜਾਏਗੀ। ਮੈਨੂੰ ਇਹ ਅਨਹੋਣੀ ਗੱਲ ਜਾਪ ਰਹੀ ਸੀ...ਕੀ ਕੋਈ ਮਨੁਖ ਮਨੁਖ ਨੂੰ ਇੰਜ ਕਹਿ ਸਕਦਾ ਹੈ ? ਏਨੀ ਛੇਤੀ ਵੀ ਲਿਹਾਜ਼ ਮੁਕ ਸਕਦਾ ਹੈ...!

ਤੇ ਉਸ ਰਾਤ ਮੂਰਤੀ ਦੇ ਰੁਪਿਆਂ ਦਾ ਮਿਲ ਜਾਣਾ ਮੇਰੀ ਜ਼ਿੰਦਗੀ ਦਾ ਇਕ ਖ਼ੂਬਸੂਰਤ ਮੌਕਾ ਮੇਲ ਸੀ। ਉਸ ਰਾਤ ਜਦੋਂ ਗੁਆਂਢੀਆ ਨੇ ਮੇਰੇ ਚੁਪ-ਰਹਿਣੇ ਸੁਭਾ ਦੀ ਪ੍ਰਸੰਸਾ ਕੀਤੀ ਅਤੇ ਘੜੀ ਘੜੀ "ਬੜੇ ਸ਼ਰੀਫ ਨੇ ਮਾਸਟਰ ਜੀ" ਕਹਿ ਕੇ ਸਬੰਧੋਨ ਕੀਤਾ ਤਾਂ ਮੈਨੂੰ ਕਿੰਨਾ ਸੁਆਦ ਆਇਆ ਸੀ। ਮੂਰਤੀ ਬਾਰੇ ਡਾਇਰੀ ਦਾ ਪੂਰਾ ਸਫ਼ਾ ਭਰ ਕੇ ਮੈਂ ਕਿੰਨੇ ਮਜ਼ੇ 'ਚ ਸੁਤਾ ਸਾਂ......।

ਏਸੇ ਮਜ਼ੇ ਦੀ ਭਾਵਨਾ ਨਾਲ ਮੈਂ ਕਿੰਨੀ ਵਾਰ ਕਹਾਣੀ ਲਿਖਣੀ ਚਾਹੀ। ਪਰ ਏਸ ਮਜ਼ੇ ਦਾ ਕਦੀ ਵੀ ਅੰਗ-ਨਖੇੜ ਨਾ ਕਰ ਸਕਿਆ। ਕਦੀ ਸਭ ਕੁਝ ਸੁੰਗੜ ਕੇ ਮੂਰਤੀ ਬਣ ਜਾਂਦਾ ਤੇ ਕਦੀ ਉਸ ਸਾਰੇ ਦਿਨ ਦਾ ਡਰ, ਮਨੁਖ ਦੇ ਅਚਾਨਕ ਬੇ-ਲਿਹਾਜ਼ੇ ਹੋ ਜਾਣ ਨੂੰ ਅਨਹੋਣਾ ਸਮਝਣ ਦਾ

ਖਿਆਲ ਅਤੇ ਗੁਆਂਢੀਆਂ 'ਚ ਮਿਟੀ ਪਲੀਤ ਹੋ ਜਾਣ ਦਾ ਸਹਿਮ ਜ਼ਹਿਨ ਵਿਚ ਘੁਮਣ ਲਗ ਪੈਂਦਾ।

ਅਜ ਇਹ ਸਭ ਕੁਝ ਕਿੰਨਾ ਹਾਸੋ ਹੀਣਾ ਲਗਦਾ ਹੈ।

ਉਦੋਂ ਮੈਂ ਘਰ ਦਾ ਭਾਰ ਅਜੇ ਨਵਾਂ ਨਵਾਂ ਚੁਕਿਆ ਸੀ ਨਾਂ। ਮਗਰੋਂ ਏਸ ਤਰ੍ਹਾਂ ਦੇ ਲੈਣਦੇਣ ਕਈ ਹੋਏ।

ਘਰ ਵਾਲੀ ਗਲੀ 'ਚ ਪੈਰ ਧਰਦਿਆਂ ਹੀ ਮੇਰੀ ਨਜ਼ਰ ਭਗਤ 'ਤੇ ਪੈਂਦੀ ਹੈ। ਮੈਂ ਡਰ ਜਾਂਦਾ ਹਾਂ......ਕਿੱਧਰੇ ਹੁਣ ਇਹ ਨਾ ਕਹੇ, "ਮਾਸਟਰ ਜੀ ਤੁਹਾਡੇ ਪੈਸੇ ਨਹੀਂ ਪੁਜੇ।" ਝਟ ਹੀ ਧਿਆਨ ਆਂਦਾ ਹੈ...—ਉਹ ਤਾਂ ਮੈਂ ਦੇ ਦਿਤੇ ਹਨ।

"ਸੁਣਾਓ ਮਾਸਟਰ ਜੀ ਕੀ ਹਾਲ ਏ ?" ਭਗਤ ਦੀ ਆਵਾਜ਼ 'ਚ ਨਿਮਰਤਾ ਹੈ।

"ਲਗੇ ਹਟੀ ਬੰਦ ਕਰਨ ?" ਮੈਂ ਹੁਣੇ ਹੁਣੇ ਮਹਿਸੂਸੇ ਛਿਣ ਭੰਗਰੀ ਡਰ ਨੂੰ ਲਾਂਹਦਿਆਂ ਆਦਰ ਭਰੇ ਲਹਿਜੇ 'ਚ ਪੁਛਦਾ ਹਾਂ।

ਇਹਨਾਂ ਖਿਆਲਾਂ 'ਚ ਰੁੜ੍ਹਦਾ ਮੈਂ ਘਰ ਪੁਜ ਜਾਂਦਾ ਹਾਂ। ਮਾਂ ਤੇ ਛੋਟਾ ਭਰਾ ਕਮਰੇ 'ਚ ਚਲੇ ਗਏ ਹਨ। ਮੈਂ ਆਪ ਹੀ ਰਸੋਈ ਦਾ ਬੂਹਾ ਖੋਲ ਕੇ ਇਕ ਜਿਸਤੀ ਪਲੇਟ 'ਚ ਚੌਲ ਪਾ ਲੈਂਦਾ ਹਾਂ। ਆਲੂਆਂ ਦੀ ਤਰੀ ਜਿਸ 'ਚ ਘਿਓ ਜੰਮਿਆ ਹੋਇਆ ਹੈ ਉਪਰ ਹੀ ਡੋਲ ਕੇ ਹਥਾਂ ਨਾਲ ਛੋਟੇ ਛੋਟੇ ਪਿਨੇ ਬਣਾ ਕੇ ਮੂੰਹ 'ਚ ਪਾਣ ਲਗ ਪੈਂਦਾ ਹਾਂ। ਚੌਲ ਖਾਂਦਿਆਂ ਮੈਨੂੰ ਇੰਦਰ ਦੀ ਟਿਪਣੀ ਚੇਤੇ ਆਂਦੀ ਹੈ ਕਿ ਮੇਰੇ ਵਰਗਾ ਆਦਮੀ ਕੀ ਕਰ ਸਕਦੈ ਜਿਨ੍ਹੇ ਏਨੇ ਦਿਨਾਂ ਮਗਰੋਂ ਮੂਰਤੀ ਨੂੰ ਦੇਖਿਆ ਹੀ ਸੀ। ਇਹ ਯਾਦ ਕਰ ਕੇ ਹਸਦਾ ਹਾਂ...ਮੈਂ ਪਹਿਲੀ ਗੱਲ ਵੀ ਮੂਰਤੀ ਨਾਲ ਸ਼ਾਇਦ ਕਈ ਹਫਤਿਆਂ ਮਗਰੋਂ ਕੀਤੀ ਸੀ। ਮਾਂ ਤੇ ਛੋਟਾ ਉਹਦੇ ਨਾਲ ਦੂਸਰੇ ਦਿਨ ਤੋਂ ਹੀ ਘੁਲ ਮਿਲ ਗਏ ਸਨ।

"ਤੇਰੀ ਉਹਦੇ ਨਾਲ ਗਲ ਅਗੇ ਟੁਰ ਹੀ ਨਹੀਂ ਸਕਦੀ ." ਇੰਦਰ ਇਹ ਕਹਿ ਕੇ ਛੇੜਦਾ ਹੁੰਦਾ ਸੀ। ਉਹਦਾ ਮਤਲਬ ਸੀ ਮੈਂ ਛੇਤੀ ਹੀ ਗੱਲ ਵਧਾਵਾਂ।

ਪਲੇਟ ਖਾਲੀ ਕਰ ਕੇ ਖੁਰੇ ਵਲ ਰੇੜ੍ਹਦਿਆਂ ਸੋਚਦਾ ਹਾਂ ਜੇ ਹੁਣ ਮੂਰਤੀ ਮਿਲ ਜਾਏ ਤਾਂ ਜਰੂਰ ਉਹਨੂੰ ਖੜਾ ਕਰ ਲਵਾਂਗਾ। ਖਿਆਲ ਆਂਦਾ ਹੈ—ਉਹਨੂੰ ਲਭਿਆ ਵੀ ਤਾਂ ਜਾ ਸਕਦੈ। ਸ਼ਾਇਦ ਉਹ ਡਾਂਸਿੰਗ ਸਕੂਲ 'ਚ ਟੀਚਰ ਲਗ ਗਈ ਹੋਵੇ। ਜਦੋਂ ਉਹ ਸਾਡੇ ਘਰ ਰਿਹਾ ਕਰਦੀ ਸੀ ਡਾਂਸਿੰਗ ਸਕੂਲ ਹੀ ਜਾਇਆ ਕਰਦੀ ਸੀ। ਗਈ ਰਾਤ ਤਕ ਆਪਣੇ ਕਮਰੇ 'ਚ ਜਦੋਂ ਉਹ ਅਭਿਆਸ ਕਰਿਆ ਕਰਦੀ ਬੇ ਤਾਲੀ ਜਿਹੀ ਘੁੰਗਰੂਆਂ ਦੀ ਆਵਾਜ਼ ਆਂਦੀ ਰਹਿੰਦੀ।

ਮੈਂ ਅੰਦਰ ਆਂਦਾ ਹਾਂ। ਮਾਂ ਜਾਗ ਰਹੀ ਹੈ। ਟੇਬਲ ਲੈਂਪ ਦੀ ਨਿਮ੍ਹੀ ਜਿਹੀ ਲੋ 'ਚੋਂ ਉਹਦਾ ਭੋਲਾ ਜਿਹਾ ਚਿਹਰਾ ਦੇਖ ਕੇ ਆਪਣੀ ਵਿਛਾਈ 'ਚ ਜਾ ਵੜਦਾ ਹਾਂ। ਸੋਚਦਾ ਹਾਂ...ਮਾਂ ਕਿੰਨੀ ਚੰਗੀ ਹੈ। ਨ੍ਹੇਰੇ ਆਵਾਂ ਸਵੇਰੇ ਆਵਾਂ...ਕਦੀ ਕੁਝ ਨਹੀਂ ਪੁਛਦੀ।

ਉਹ ਮੇਰੇ ਵਲ ਦੇਖੀ ਜਾਂਦੀ ਹੈ। ਇਹ ਉਹਦੀ ਆਦਤ ਹੈ...ਰਾਤ ਵੇਲੇ ਜਦੋਂ ਮੈਂ ਲਿਖਦਾ ਪੜ੍ਹਦਾ ਹਾਂ ਉਹ ਆਪਣੀ ਵਿਛਾਈ 'ਚ ਲੇਟੀ ਲਗਾਤਾਰ ਮੈਨੂੰ ਦੇਖੀ ਜਾਂਦੀ ਹੈ। ਮੈਂ ਜਦੋਂ ਵੀ ਮਾਂ ਨੂੰ ਕਿਹਾ ਹੈ ਦੂਸਰਾ ਕਮਰਾ ਕਰਾਏ ਤੇ ਨਹੀਂ ਦੇਣਾ, ਮੈਂ ਉਹਦੇ 'ਚ ਰਿਹਾ ਕਰਾਂਗਾ, ਲਿਖਣ ਪੜ੍ਹਨ 'ਚ ਮੈਨੂੰ ਤਕਲੀਫ ਹੁੰਦੀ ਹੈ। ਤਾਂ ਉਹ ਕਿਹਾ ਕਰਦੀ ਹੈ...ਫੇਰ ਮੈਂ ਵੀ ਉਥੇ ਹੀ ਸਵਾਂ ਕਰਾਂਗੀ। ਮੈਨੂੰ ਵੀ ਉਹਦੇ ਸਾਹਮਣੇ ਬੈਠ ਕੇ ਕੰਮ ਕਰਨ ਦੀ ਆਦਤ ਪੈ ਗਈ ਹੈ। ਪਰ ਕਿਸੇ ਵੇਲੇ ਤਾਂ ਇੰਜ ਲਗਦਾ ਹੈ ਨਾ ਕੁਝ ਸੋਚਿਆ ਜਾਏਗਾ ਤੇ ਨਾ ਹੀ ਇੰਜ ਬੈਠਾ ਜਾਏਗਾ। ਅਜਿਹੇ ਵੇਲੇ ਮੈਂ ਉਡੀਕਦਾ ਰਹਿੰਦਾ

ਹਾਂ ਕਿ ਜਿਹੜੇ ਵੇਲੇ ਮਾਂ ਸੌਂਏ ਤੇ ਮੈਂ ਕੁਝ ਕਰ ਸਕਾਂ। ਨਹੀਂ ਤੇ ਮੈਂ ਆਪ ਹੀ ਬਿਜਲੀ ਬੁਝਾ ਕੇ ਲੇਟ ਜਾਂਦਾ ਹਾਂ। ਮਾਂ ਗਿਲਾ ਕਰਦੀ ਹੈ ਕਿ ਮੈਂ ਉਹਦੇ ਨਾਲ ਗਲਾਂ ਨਹੀਂ ਕਰਦਾ।

"ਮਾਤਾ ਮੂਰਤੀ ਦੇਖੀ ਸੀ।" ਮਾਂ ਵਲ ਦੇਖ਼ ਕੇ ਮੇਰੇ ਮੂੰਹੋਂ ਨਿਕਲਦਾ ਹੈ।

"ਹੱਛਾ...?" ਉਹ ਇਕ ਦੰਮ ਬੋਲਦੀ ਹੈ। ਜਿਵੇਂ ਗਲ ਕਰਨ ਲਈ ਤਰਸ ਰਹੀ ਹੋਏ। "ਕਹਿਣਾ ਸਾਈ ਘਰ ਆਏ।"

"ਉਹ ਮੇਰੇ ਕੋਲ ਖੜੀ ਹੀ ਨਹੀਂ ਹੋਈ।"

ਮਾਂ ਨੂੰ ਇਹ ਸੁਣ ਕੇ ਦੁਖ ਹੁੰਦਾ ਹੈ।

ਤੇ ਮੈਂ ਸੋਚਦਾ ਹਾਂ ਭਲਾ ਇਹਦੇ 'ਚ ਦੁਖ ਮਨਾਣ ਵਾਲੀ ਕਿਹੜੀ ਗਲ ਹੈ?

ਮਾਂ ਲੇਟੀ ਲੇਟੀ ਹੀ ਪੁਛਣ ਲਗਦੀ ਹੈ ਕਿ ਮੂਰਤੀ ਅਜ ਕਲ ਕਿਥੇ ਰਹਿੰਦੀ ਹੈ? ਕੀ ਕਰਦੀ ਹੈ? "ਬੜੀ ਚੰਗੀ ਸੀ। ਹਰ ਵੇਲੇ ਮਾਂ ਜੀ ਮਾਂ ਜੀ ਕਹਿੰਦੀ ਰਹਿੰਦੀ।" ਮਾਂ ਦੇ ਮੂੰਹੋਂ ਇਹ ਸੁਣ ਕੇ ਮੈਨੂੰ ਹਾਸਾ ਆਂਦਾ ਹੈ। ਸੋਚਦਾ ਹਾਂ ਮਾਂ ਨੂੰ ਕੋਈ ਪਿਆਰ ਨਾਲ ਬੁਲਾਵੇ ਸਹੀ ਝਟ ਉਹਦੇ ਤੇ ਡੁਲ ਪੈਂਦੀ ਹੈ।

ਏਸੇ ਕਰ ਕੇ ਇਕ ਵਾਰ ਮੈਂ ਖਿਝ ਗਿਆ ਸਾਂ। ਸ਼ਾਮ ਵੇਲੇ ਮੈਂ ਜਦੋਂ ਘਰ ਆਇਆ ਮਾਂ ਵਿਹੜੇ 'ਚ ਬੈਠੀ ਮੂਰਤੀ ਨਾਲ ਗਪਾਂ ਮਾਰ ਰਹੀ ਸੀ। ਉਹ ਪਹਿਲਾ ਦਿਨ ਸੀ ਜਦੋਂ ਮੂਰਤੀ ਮੈਨੂੰ ਭੈੜੀ ਲਗੀ। ਭਲਾ ਮਾਂ ਨਾਲ ਉਹਦਾ ਕੀ ਮੇਲ? ਮਾਂ ਨਾਲ ਹਸ ਕੇ ਗੱਲਾਂ ਕਰਦੀ ਉਹ ਮੈਨੂੰ ਬੜੀ ਓਪਰੀ ਲਗੀ। ਮਨ 'ਚ ਆਇਆ ਹੁਣੇ ਮਾਂ ਨੂੰ ਝਿੜਕ ਕੇ ਕਹਾਂ, "ਖਬਰਦਾਰ ਜੇ ਅਗੋਂ ਤੋਂ ਮੂਰਤੀ ਨਾਲ ਬੈਠੀ।"

ਥੋੜੀ ਦੇਰ ਮਗਰੋਂ ਕਮਰੇ 'ਚ ਆਂਦਿਆਂ ਹੀ ਮਾਂ ਨੇ ਦਸਣਾ ਸ਼ੁਰੂ ਕਰ ਦਿਤਾ, "ਅਜ ਲਾਲਾ ਆਇਆ ਸੀ। ਮੂਰਤੀ ਘਰ ਨਹੀਂ ਸੀ। ਮੇਰੇ ਕੋਲ ਆ ਬੈਠੀ......ਕਹਿਣ ਲਗਾ, ਮਾਂ ਜੀ...... ।"

ਮੈਂ ਮਾਂ ਨੂੰ ਟੋਕ ਦਿਤਾ। ਮੈਨੂੰ ਬੁਰਾ ਲਗਾ ਘਰ ਆਂਦਿਆਂ ਹੀ ਹੋਰ ਗਲਾਂ ਦੇ ਨਾਲ ਨਾਲ ਮਾਂ ਮੂਰਤੀ ਅਤੇ ਲਾਲੇ ਦੀਆਂ ਗਲਾਂ ਵੀ ਦਸਿਆ ਕਰੇ।

ਮੇਰਾ ਰੌਂ ਦੇਖ ਕੇ ਫੇਰ ਬੋਲਣ ਲਗ ਪਈ, "ਕੀ ਕਰਦੀ ਉਹ ਕੋਲ ਆ ਬੈਠਾ, ਕਹਿਣ ਲਗਾ, ਮਾਂ ਜੀ ਮੂਰਤੀ ਨੂੰ ਸਮਝਾਓ ਨਾਚ-ਨੁਚ ਸਿਖਣ ਦੇ ਪੁਆੜਿਆਂ 'ਚ ਨਾ ਪਵੇ। ਮੈਂ ਜੁ ਸਾਰੇ ਖਰਚ ਦੇਂਦਾ ਹਾਂ। ਫੇਰ ਉਹਨੂੰ ਕਾਹਦਾ ਡਰ ਏ?"

"ਬਸ ਬਸ।" ਮੈਂ ਮਾਂ ਨੂੰ ਫੇਰ ਚੁਪ ਕਰਾ ਦਿਤਾ ਅਤੇ ਜਦੋਂ ਦਸਿਆ ਕਿ ਕਲ ਨੂੰ ਉਹਦੀ ਵਹੁਟੀ ਵੀ ਜੇ ਆਪਣੇ ਪੁਤਰਾਂ ਧੀਆਂ ਨੂੰ ਲੈ ਕੇ ਆ ਜਾਏ ਅਤੇ ਕਹੇ, "ਮਾਂ ਜੀ ਇਹਨੂੰ ਸਮਝਾਓ ਏਥੇ ਮੂਰਤੀ ਕੋਲ ਨਾ ਆਇਆ ਕਰੇ...... ।"

ਇਹ ਗਲ ਮਾਂ ਨੂੰ ਭੈੜੀ ਲਗੀ। ਉਹਨੂੰ ਪਹਿਲੀ ਵਾਰ ਪਤਾ ਲਗਾ ਲਾਲੇ ਦੀ ਵਹੁਟੀ ਵੀ ਹੈ ਤੇ ਧੀਆਂ ਪੁਤਰ ਵੀ। ਮੂਰਤੀ ਲਈ ਉਹਦਾ ਮਨ ਕ੍ਰੋਧ ਨਾਲ ਭਰ ਗਿਆ। ਉਹਨੇ ਦੋ-ਮਹੀਨਿਆਂ ਦਾ ਕਰਾਇਆ ਵੀ ਦੇਣਾ ਸੀ। ਮਾਂ ਨੇ ਫੈਸਲਾ ਕਰ ਲਿਆ ਹੁਣ ਲਾਲੇ ਨੂੰ ਘਰ 'ਚ ਪੈਰ ਨਹੀਂ ਰਖਣ ਦੇਣਾ ਅਤੇ ਮੂਰਤੀ ਨੂੰ ਵੀ ਕਹਿਣਾ ਏ......ਚਲੀ ਜਾਏ। ਦੂਸਰੇ ਦਿਨ ਉਹ ਕਰਾਇਆ ਮੰਗਣ ਚਲੀ ਗਈ ਅਤੇ ਖਾਲੀ ਹਥ ਮੁੜ ਆਈ।

ਰਾਤ ਮੇਰੇ ਪੁਛਣ ਤੇ ਕਹਿਣ ਲਗੀ, "ਮਲਿਆ ਕੀ ਕਰਦੀ? ਮੈਨੂੰ ਦੇਖਦਿਆ ਹੀ ਮਾਂ ਜੀ ਮਾਂ ਜੀ ਕਹਿਣ ਲਗ ਪਈ। ਚਾਹ ਦਾ ਪਿਆਲਾ ਮੇਰੇ ਹਥ 'ਚ ਫੜਾ ਦਿੱਤਾ........."

ਤੇ ਮਾਂ ਕਰਾਏ ਦੀ ਥਾਂ ਚਾਹ ਪੀ ਕੇ ਅਤੇ ਦੁੱਖ ਸੁੱਖ ਦੀਆਂ ਗਲਾਂ ਕਰ ਕੇ ਆ ਗਈ।

ਮਾਂ ਦੇ ਘੁਰਾੜੇ ਮੇਰੀ ਬਿਰਤੀ ਤੋੜ ਦੇਂਦੇ ਹਨ। ਪਤਾ ਹੀ ਨਹੀਂ ਲਗਾ ਉਹ ਕਿਹੜੇ ਵੇਲੇ ਮੇਰੇ ਵਲ ਦੇਖਦੀ ਦੇਖਦੀ ਸੌਂ ਗਈ ਹੈ। ਮਾਂ ਵਲ ਦੇਖ ਦੇ ਪਛਤਾਂਦਾ ਹਾਂ......ਪਤਾ ਹੀ ਨਹੀਂ ਲਗਾ ਕਿਹੜੇ ਵੇਲੇ ਮਾਂ ਨਾਲ ਗਲਾਂ ਕਰਦਾ ਕਰਦਾ ਆਪਣੇ ਖਿਆਲਾਂ 'ਚ ਗੁਆਚ ਗਿਆ। ਅਕਸਰ ਇੰਞ ਹੁੰਦਾ ਹੈ......ਮਾਂ ਦੀ ਗਲ ਵਿਚੇ ਛਡ ਕੇ ਮੈਂ ਕਿਤਾਬ ਖੋਲ੍ਹ ਲੈਂਦਾ ਹਾਂ ਜਾਂ ਚੁਪ ਚਪੀਤਾ ਬੈਠਾ ਰਹਿੰਦਾ ਹਾਂ। ਉਹ ਆਪੇ ਹੀ ਦੋ ਇਕ ਹੋਰ ਗਲਾਂ ਕਰਕੇ ਚੁਪ ਕਰ ਜਾਂਦੀ ਹੈ ਅਤੇ ਫੇਰ ਉਸ ਦੇ ਘੁਰਾੜੇ ਮੈਨੂੰ ਚੇਤੇ ਕਰਾਂਦੇ ਹਨ......ਕਰ ਲੈ ਜੋ ਕਰਨਾ ਹੀ, ਮੈਂ ਤਾਂ ਸੌ ਗਈ ਆਂ।

ਮੈਂ ਉਸੇ ਤਰ੍ਹਾਂ ਡੁਨ-ਵਟਾ ਹੋਈ ਬੈਠਾ ਰਹਿੰਦਾ ਹਾਂ। ਇੰਜ ਜਾਪਦਾ ਹੈ ਨਾ ਨੀਂਦ ਆਏਗੀ, ਨਾ ਜਾਗਣ ਹੀ ਹੋਏ ਗਾ। ਸ਼ਾਇਦ ਹੀ ਕਦੇ ਜ਼ਹਿਨ ਏਨਾ ਭਾਰਾ ਹੋਇਆ ਹੋਏ। ਮੈਂ ਸਾਹਮਣੀ ਕੰਧ ਵਲ ਦੇਖੀ ਜਾਂਦਾ ਹਾਂ। ਪੁਰਾਣੀ ਸਾਇਕਲ ਅਗੇ ਟੁੱਟੀ ਹੋਈ ਮੰਜੀ ਦਾ ਚੌਖਟਾ ਖੜਾ ਹੈ। ਏਸ ਉਪਰ ਸਾਡੇ ਤਿੰਨਾਂ ਜੀਆਂ ਦੇ ਧੋਤੇ ਹੋਏ ਅਤੇ ਮੈਲੇ ਕਪੜੇ ਲਟਕ ਰਹੇ ਹਨ। ਜਦੋਂ ਬਾਰੀ ਚੋਂ ਹਵਾ ਅੰਦਰ ਆਂਦੀ ਹੈ ਸਾਇਕਲ ਅਤੇ ਕੰਧ ਉਪਰ ਪੈ ਰਹੇ ਪਰਛਾਵੇਂ ਕੰਬ ਉਠਦੇ ਹਨ।

ਲੈਂਪ ਬੁਝਾ ਕੇ ਲੇਟ ਜਾਂਦਾ ਹਾਂ ਪਰ ਪਲਚੇ ਹੋਏ ਖਿਆਲਾਂ ਦੇ ਚਿਕੜ 'ਚੋਂ ਜਿਵੇਂ ਕਿਸੇ ਪੰਛੀ ਨੇ ਆਪਣੀ ਲੰਮੀ ਚੁੰਜ ਨਾਲ ਕੋਈ ਸੰਦ ਫੜ ਲਈ ਹੋਏ.........ਮੈਨੂੰ ਯਾਦ ਆਂਦਾ ਹੈ। ਮੂਰਤੀ ਮੈਨੂੰ ਸ਼ਾਇਦ ਏਸ ਲਈ ਭੈੜੀ ਲਗੀ ਸੀ ਕਿਉਂ ਜੋ ਮੈਂ ਉਦੋਂ ਕਈ ਦਿਨਾਂ ਤੋਂ ਆਪਣੇ ਆਪ ਨੂੰ ਉਹਦੇ ਕੋਲੋਂ ਛੁਪਾ ਰਿਹਾ ਸਾਂ। ਉਸ ਰਾਤ ਦੇ ਮਗਰੋਂ ਜਦੋਂ ਮੈਂ ਅਚਣ ਚੇਤ ਉਹਦੀ ਵਿਛਾਈ 'ਚ ਜਾ ਵੜਿਆ ਸਾਂ ਮੈਂ ਉਹਦੇ ਸਾਹਮਣੇ ਨਹੀਂ ਸਾਂ ਗਿਆ। ਚਲਾ ਹੀ ਜਾਂਦਾ ਜੇ ਇੰਦਰ ਨੂੰ ਵੀ ਅਗਲੀ ਰਾਤ ਉਹਦੇ ਕਮਰੇ ਵਲ ਨਾ ਭੇਜਿਆ ਹੁੰਦਾ। ਉਸ ਰਾਤ ਉਹ ਗਰਮੀ 'ਚ ਚਿਟਕਣੀ ਲਾ ਕੇ ਪਈ ਰਹੀ। ਗੁੰਮ ਸੁੰਮ ਹੋ ਕੇ।

ਤੇ ਜਦੋਂ ਮਾਂ ਤੀਸਰੇ ਦਿਨ ਵਡੇ ਭਰਾ ਦੇ ਘਰੋਂ ਪਰਤੀ ਮੈਂ ਡਰਦਾ ਰਿਹਾ ਕਿੱਧਰੇ ਕਹੇ ਨਾ, "ਮਾਂ ਜੀ ਇਥੇ ਹੀ ਰਿਹਾ ਕਰੋ। ਪਿਛੋਂ......" ਪਰ ਉਹਨੇ ਕੁਝ ਨਾ ਕਿਹਾ। ਤੇ ਜਦੋਂ ਮਾਂ ਕਰਾਏ ਦੀ ਥਾਂ ਚਾਹ ਪੀ ਕੇ ਅਤੇ ਦੁੱਖ ਸੁੱਖ ਵੰਡਾ ਕੇ ਆ ਗਈ ਮੈਂ ਸੋਚਣ ਲਗ ਪਿਆ ਕਿੱਧਰੇ ਮੂਰਤੀ ਕਰਾਇਆ ਦੇ ਹੀ ਨਾ। ਮੈਂ ਆਪਣੇ ਆਪ ਨੂੰ ਬੜਾ ਕੋਸਿਆ......ਕਿ ਮੈਂ ਉਹਦੇ ਕੋਲ ਗਿਆ ਹੀ ਕਿਉਂ ? ਹੁਣ ਉਹ ਪਤਾ ਨਹੀਂ ਕੀ ਕੀ ਕਹੇਗੀ ? ਮੇਰੇ ਕੋਲੋਂ ਕਿਹੜੀ ਕਿਹੜੀ ਗਲ ਮਨਵਾਏਗੀ ?

ਅਗਲੇ ਦਿਨ ਇਹ ਹੀ ਹੋਇਆ। ਉਹਨੇ ਮਾਂ ਨੂੰ ਇਕੋ ਮਹੀਨੇ ਦਾ ਕਰਾਇਆ ਦਿਤਾ ਅਤੇ ਕਿਹਾ ਬਾਕੀ ਦੇ ਰੁਪਏ ਉਹਨੇ ਮੈਨੂੰ ਦੇ ਦਿਤੇ ਹਨ। ਮਾਂ ਕੋਲੋਂ ਸੁਣ ਕੇ ਮੈਂ ਹੈਰਾਨ ਹੋ ਗਿਆ।

"ਤੂੰ ਲਏ ਨੇ ?"

ਮਾਂ ਨੂੰ ਇਹਦਾ ਕੀ ਜੁਆਬ ਦੇਂਦਾ ?

"ਹਾਂ" ਮੈਂ ਕਹਿ ਦਿਤਾ।

ਪਰ ਮਨ ਮੂਰਤੀ ਲਈ ਗੁਸੇ ਨਾਲ ਭਰ ਗਿਆ। ਮੂਰਤੀ ਏਨੀ ਕਮੀਨੀ ਅਤੇ ਘਟੀਆ ਵੀ ਹੋ ਸਕਦੀ ਹੈ ? ਮੈਂ ਕਦੀ ਨਹੀਂ ਸਾਂ ਸੋਚ ਸਕਦਾ। ਜੇ ਮੈਂ ਉਸ ਰਾਤ ਉਹਨੂੰ ਇਹਨਾ ਕੁਝ ਕਿਹਾ ਵੀ ਸੀ ਤਾਂ ਕੀ ਉਹਨੂੰ ਹੁਣ ਤਕ ਸਮਝ ਨਹੀਂ ਸੀ ਜਾਣਾ ਚਾਹੀਦਾ ਕਿ ਮੇਰਾ ਐਨੀ ਦੇਰ

........

ਉਹਦੇ ਸਾਹਮਣੇ ਨਾ ਆਣ ਦਾ ਕੀ ਮਤਲਬ ਹੈ। ਇੰਜ ਕਰਨ ਤੋਂ ਪਹਿਲਾਂ ਉਹਨੇ ਮੇਰੇ ਕੋਲੋਂ ਪੁਛਣ ਦੀ ਵੀ ਲੋੜ ਨਾ ਸਮਝੀ।

ਮੇਰਾ ਮਨ ਏਨਾ ਖਟਾ ਹੋ ਗਿਆ ਕਿ ਮੈਂ ਉਹਦੇ ਕੋਲੋਂ ਪੁਛਣਾ ਵੀ ਮੁਨਾਸਬ ਨਾ ਸਮਝਿਆ। ਸਗੋਂ ਉਕਾ ਹੀ ਉਹਦੇ ਸਾਹਮਣੇ ਆਣਾ ਬੰਦ ਕਰ ਦਿਤਾ।

ਪਾਸੇ ਪਰਤਦਿਆਂ ਸੋਚਦਾ ਹਾਂ ਇਹਨਾਂ ਗਲਾਂ ਦਾ ਚੇਤਾ ਕਿੰਨਾ ਹਸੌਣਾ ਹੈ। "ਮੈਂ ਵੀ ਸਚ-ਮੁਚ ਮੂਰਖ ਸਾਂ ਉਦੋਂ।" ਆਪਣੇ ਆਪ ਹੀ ਬੜ-ਬੜਾਂਦਾ ਹਾਂ। ਮੂਰਖ ਨਹੀਂ ਤੇ ਹੋਰ ਕੀ? ਮੈਨੂੰ ਉਹ ਦਿਨ ਚੇਤੇ ਆਂਦਾ ਹੈ ਜਦੋਂ ਮਾਂ ਨਹੀਂ ਸੀ ਤੇ ਮੈਂ ਆਪਣੇ ਕਮਰੇ 'ਚ ਸੁੰਗੜ ਕੇ ਬੈਠਾ ਘਬਰਾਂਦਾ ਰਿਹਾ ਕਿ ਉਪਰੋਂ ਮੂਰਤੀ ਹੀ ਨਾ ਆ ਜਾਏ। ਵਿਚੋਂ ਮੇਰਾ ਜੀਅ ਵੀ ਕਰਦਾ ਸੀ ਕਿ ਉਹ ਕਮਰੇ 'ਚ ਆ ਜਾਵੇ। ਇਕ ਵਾਰ ਉਹ ਕਮਰੇ ਅਗੋਂ ਲੰਘੀ ਵੀ। ਮੈਂ ਸੁਚੇਤ ਹੋ ਕੇ ਬੈਠ ਗਿਆ। ਪਰ ਉਹ ਗਲੀ 'ਚੋਂ ਭਗਤ ਦੀ ਹਟੀ ਤੋਂ ਕੁਝ ਲੈ ਕੇ ਉਸੇ ਤਰ੍ਹਾਂ ਕਮਰੇ ਅਗੋਂ ਲੰਘ ਗਈ। ਮੈਂ ਕਚਾ ਜਿਹਾ ਪੈ ਕੇ ਬੈਠਾ ਰਿਹਾ। ਫੇਰ ਆਪੇ ਹੀ ਉਠ ਕੇ ਵਿਹੜੇ 'ਚ ਟਹਿਲਣ ਲਗ ਪਿਆ।

ਮੂਰਤੀ ਨੇ ਮੈਨੂੰ ਆਪ ਹੀ ਬੁਲਾ ਲਿਆ।

ਮੇਰੇ ਮੂੰਹ 'ਚੋਂ ਕੋਈ ਗਲ ਨਾ ਨਿਕਲੀ। ਉਹ ਆਪੇ ਹੀ ਬੋਲੀ ਗਈ, "ਮੈਂ ਤੇਰੇ ਕੋਲੋਂ ਪੁਛਣਾ ਹੀ ਸੀ। ਕੀ ਕਰਦੀ? ਨਾ ਤੂੰ ਮਿਲਦਾ ਸੈਂ ਨਾ ਰੁਪਏ ਕਿਤੋਂ ਮਿਲਦੇ ਸਨ। ਮਾਂ ਜੀ ਨੂੰ ਘੜੀ ਘੜੀ ਨਾ ਕਰਦਿਆਂ ਸ਼ਰਮ ਆਂਦੀ ਸੀ। ਬਸ ਮੂੰਹੋਂ ਨਿਕਲ ਹੀ ਗਿਆ। ਪਿਛੋਂ ਪਛਤਾਈ ਵੀ। ਨਾਲੇ ਡਰਦੀ ਵੀ ਰਹੀ......ਤੂੰ ਕੀ ਕਹੇਂਗਾ? ਸਚੀ ਮੈਂ ਤਾਂ ਸੋਚ ਵੀ ਨਹੀਂ ਸਾਂ ਸਕਦੀ ਕਿ ਉਸ ਰਾਤ ਮਗਰੋਂ ਤੂੰ ਫੇਰ ਕਦੀ ਮੇਰੀ ਸੂਰਤ ਵੀ ਨਹੀਂ ਲਏਂਗਾ......" ਛੇਤੀ ਛੇਤੀ ਉਹ ਕਿੰਨਾ ਕੁਝ ਕਹੀ ਗਈ। ਤੇ ਮੈਂ ਜਿਵੇਂ ਅਪਰਾਧੀਆਂ ਵਾਂਗ ਉਹਦੇ ਸਾਹਮਣੇ ਖੜਾ ਸਾਂ। ਸ਼ਰਮਸਾਰ ਹੋ ਕੇ ਉਹਦੇ ਵਲ ਵੇਖਿਆ ਜਿਵੇਂ ਪਛਤਾ ਰਿਹਾ ਹੋਵਾਂ।

ਉਹ ਮੈਨੂੰ ਕਮਰੇ 'ਚ ਲੈ ਗਈ। ਸਿਤਾਰ ਦਾ ਸਬਕ ਸੁਣਾਇਆ ਬੈਠਿਆਂ ਬੈਠਿਆਂ ਹੀ ਲਤਾਂ ਅਗੇ ਕਰਕੇ ਜਿਨੇ ਕੁ ਪੈਰ ਮਾਰਨੇ ਸਿਖੇ ਸਨ ਮਾਰ ਕੇ ਦਸੇ। ਬਾਹਵਾਂ ਉਚੀਆਂ ਕੀਤੀਆਂ। ਉਂਗਲਾਂ ਭੁਆਈਆਂ......।

ਜੀਓਂ ਜੀਓਂ ਇਹ ਸਭ ਕੁਝ ਮੇਰੇ ਜ਼ਹਿਨ 'ਚ ਆ ਰਿਹਾ ਹੈ ਨੀਂਦ ਉਡਦੀ ਜਾਂਦੀ ਹੈ। ਮਾਂ ਦੇ ਘੁਰਾੜੇ ਨੇਰੇ ਨੂੰ ਚੀਰੀ ਜਾ ਰਹੇ ਹਨ। ਮੈਂ ਸੋਚਦਾ ਹਾਂ......ਮੂਰਤੀ ਉਦੋਂ ਕਿੰਜ ਆਪਣੇ ਮਨ ਤੋਂ ਇਕ ਭਾਰ ਜਿਹਾ ਲਾਹ ਕੇ ਸੁਰਖਰੂ ਹੋ ਗਈ ਸੀ। ਜਾਂ ਸ਼ਾਇਦ ਮੇਰਾ ਝਾਕਾ ਲਾਹ ਰਹੀ ਸੀ। ਪਰ ਮੈਂ ਉਸ ਸ਼ਾਮ ਵੀ ਉਹਦੇ ਨਾਲ ਕੁਝ ਨਾ ਕਰ ਸਕਿਆ। ਉਤਸੁਕਤਾ ਭਰੀਆਂ ਨਜ਼ਰਾਂ ਨਾਲ ਉਹਦਾ ਕਮਰਾ ਦੇਖਦਾ ਰਿਹਾ। ਕਿੰਨਾ ਸਾਫ-ਸੁਥਰਾ ਅਤੇ ਸਜਾਇਆ ਹੋਇਆ ਸੀ। ਭਗਤ ਦੀ ਹੱਟੀ ਤੋਂ ਉਧਾਰ ਲਿਆਂਦੀ ਸਾਬਨ ਦੀ ਚਾਕੀ ਮੰਜੀ 'ਤੇ ਪਈ ਹੋਈ ਸੀ।......ਗਲਾਂ ਗਲਾਂ 'ਚ ਉਸ ਮੈਨੂੰ ਲਿਪਸਟਿਕ ਲਿਆ ਕੇ ਦੇਣ ਲਈ ਕਿਹਾ ਸੀ। ਤੇ ਫੇਰ ਹਸਦਿਆਂ ਟਿਪਣੀ ਕਸੀ ਸੀ ਕਿ ਮੈਂ ਵਿਆਹ ਨਾ ਕਰਵਾਵਾਂ, ਮੇਰੇ ਨਾਲ ਕੋਈ ਔਰਤ ਨਹੀਂ ਠਹਿਰ ਸਕਦੀ... ਮਰਦਾਂ ਨੂੰ ਏਸ ਤਰ੍ਹਾਂ ਦਾ ਥੋੜਾ ਹੋਣਾ ਚਾਹੀਦੈ।

ਏਸ ਖ਼ਿਆਲ ਨਾਲ ਤਾਂ ਮੇਰੀ ਨਾੜ ਨਾੜ ਜਾਗ ਉਠਦੀ ਹੈ। ਸੋਚਦਾ ਹਾਂ......ਸਵੇਰੇ ਮੂਰਤੀ ਨੂੰ ਡਾਂਸਿੰਗ ਸਕੂਲ 'ਚੋਂ ਲਭਾਂਗਾ।

● ਮਹਿਰਮ ਯਾਰ

# ਕ ਨੇ ਚ ਦੀ ਆਂ ਕੁ ੜੀ ਆਂ

ਸਵੇਰ—

ਇਕ ਆਮ ਜਹੀ ਸਵੇਰ ਸੀ।

ਉਹੋ ਜਹੀ ਜਦੋਂ ਸੂਰਜ ਵੀ ਅਖਾਂ ਮਲਦਾ, ਝਿਝਕਦਾ ਚੜਦਾ ਹੈ। ਦਿਨ ਭਰ ਦੇ ਧੰਦਿਆਂ ਮੁਸੀਬਤਾਂ ਦੀ ਸੋਚ ਜੀ ਨਹੀਂ ਕਰਦਾ ਕਿ ਉਠੀਏ...ਤਿਆਰ ਹੋਈਏ ਤੇ ਜਿਚ ਕਰਨ ਵਾਲੇ ਕੰਮ 'ਚ ਸਿਰ ਦੇਈਏ—

ਪਿੰਡ ਕਨੇਚ ਦੀਆਂ ਜੇ: ਬੀ: ਟੀ: ਦੀਆਂ ਵਿਦਿਆਰਥਣਾ ਦੀਸ਼ੀ ਤੇ ਗੁਰਨਾਮ ਜਿਨਾਂ ਉਠ ਕੇ ਆਪਣੀ ਮਾਂ-ਮਾਸੀ ਨਾਲ ਗੋਹਾ ਕੂੜਾ ਚੌਂਕਾ ਚੁਲ੍ਹਾ ਕਰਵਾ ਚਾਰ ਮੀਲ ਸਾਈਕਲ ਚਲਾ ਕਸਬੇ ਦੇ ਸਕੂਲ'ਚ ਪਹੁੰਚਣਾ ਸੀ ਹਾਲੀਂ ਉਵੇਂ ਹੀ ਮਚਲੀਆਂ ਹੋਈਆਂ ਪਈਆਂ ਸਨ। ਰਾਤ ਉਹ ਕਿਡੀ ਰਾਤ ਤਕ ਪੜ੍ਹਦੀਆਂ ਮਾਸਟਰਾਂ ਮੁੰਡਿਆਂ ਦੀਆਂ ਗਲਾਂ ਕਰਦੀਆਂ ਰਹੀਆਂ। ਫੇਰ 'ਕੱਠੀਆਂ ਸੌਣ ਲਗੀਆਂ ਪਤਾ ਨਹੀਂ ਕਿਸ ਗਲ ਤੇ ਬਹਿਸ ਪਈਆਂ। ਉਹ ਖਿਝੀਆਂ ਗਰਮ ਹੋਈਆਂ ਤੇ ਅੱਡ ਅੱਡ ਬਿਸਤਿਰਿਆਂ ਤੇ ਜਾ ਡਿਗੀਆਂ। ਲੈਂਪ ਬੁਝਾਉਣ ਲਗੀ ਲੰਮੇ—ਨਕ-ਵਾਲੀ ਗੁਰਨਾਮ ਨੇ ਭੂਰੇ ਵਾਲਾ ਵਾਲੀ ਦੀਸ਼ੀ ਨੂੰ ਚੇੜਨ ਲਈ ਅੱਖਾਂ ਟੱਡ, ਜੀਭ ਕੱਢ ਡਰਾਇਆ। 'ਕੱਕੀ ਖੱਖੀ' ਕਹਿ ਬੁਲ ਅਟੇਰੇ ਤੇ ਵਖ ਲੈ ਕੇ ਪੈ ਗਈ। ਦੀਸ਼ੀ ਨੂੰ ਇਸ ਕਾਰਨ ਜਾਂ ਇਕੱਲੀ ਲੇਟੀ ਹੋਣ ਕਾਰਨ ਕੰਬਣੀ ਛਿੜ ਗਈ। ਉਹ ਹਨੇਰੇ 'ਚ ਝਾਕਦੀ ਡਰਦੀ, ਗਰਨਾਮ ਨੂੰ ਕੋਸਦੀ, ਬੁਰਾ ਭਲਾ ਕਹਿੰਦੀ ਰਹੀ, ਤੜਕ ਸਾਰ ਜਾਕੇ ਕਿਤੇ ਉਹਦੀ ਅੱਖ ਲਗੀ। ਇਸ ਲਈ ਉਹ ਹਾਲੀ ਵੀ ਘੂਕ ਸੁਤੀ ਪਈ ਸੀ। ਤੇ ਗੁਰਨਾਮ ਜਿਸਨੇ ਮੂੰਹ ਹਨੇਰੇ ਉਠ ਕੇ ਦੀਸ਼ੀ ਦੀ ਕਾਪੀ ਨਕਲ ਕਰਨੀ ਸੀ ਸ਼ਰਮਿੰਦਗੀ ਦੀ ਮਾਰੀ ਜਾਗੋ-ਮੀਟੀ ਦੀ ਹਾਲਾਤ 'ਚ ਉਵੇਂ ਪਿਛਲ ਖੁਰੀ ਪਈ ਪਲਸੇਟੇ ਮਾਰ ਰਹੀ ਸੀ।

ਉਨ੍ਹਾਂ ਦੀ 'ਚਾਚੀ' (ਜਿਵੇਂ ਉਹ ਦੋਵੇਂ ਉਸਨੂੰ ਇਸ ਨਾਂ ਨਾਲ ਬੁਲਾਉਂਦੀਆਂ ਸਨ) ਕਈ ਵਾਰ ਸਰਾਹਣੇ ਆਕੇ ਚਿਣਕੀ ਜਿਸ ਨਾਲ ਗੁਰਨਾਮ ਤਾਂ ਹਿਲ ਕੇ ਜਾਗ ਪਈ ਪਰ ਦੀਸ਼ੀ "ਊਂ ਆਂ" ਕਰਦੀ ਟੱਸ

ਤੋਂ ਮੱਸ ਨਾਂ ਹੋਈ। ਚਾਚੀ ਦੀਆਂ ਇਕ ਦੋ ਹੋਰ ਬੁਲਾਂਗਾਂ ਸੁਣ ਉਹ ਬਿਸਤਰੇ 'ਚ ਪਈ ਪਈ ਕੂਹਣੀ ਭਾਰ ਹੋ ਗਈ ਤੇ ਅਖਾਂ ਝਮਕਦੀ ਵਕਤ ਨੂੰ ਧੱਕਾ ਦੇਣ ਲਗੀ। ਉਸ ਦਾ ਖਿਆਲ ਸੀ ਕਿ ਜੇ ਦੀਸ਼ੀ ਕੁਝ ਦੇਰ ਇੰਜ ਹੀ ਜ਼ਿਦ ਕਰੀ ਪਈ ਰਹੇ ਤਾਂ ਸਾਰੇ ਦਿਨ ਦੀ ਛੁਟੀ ਹੋ ਸਕਦੀ ਸੀ । ਤੇ ਅਗਲੇ ਦਿਨ ਤਕ ਤਾਂ ਉਹਨੇ ਦੀਸ਼ੀ ਨਾਲ ਸੁਲਾਹ ਕਰ ਹੀ ਲੈਣੀ ਸੀ। ਕੁਝ ਹੋਰ ਵਕਤ ਲੰਘਣ ਨਾਲ ਉਹਨੂੰ ਯਕੀਨ ਹੋ ਗਿਆ ਕਿ ਅਜ ਤਾਂ ਜ਼ਰੂਰ ਹੀ ਫਰਲੋ ਮਨਾਈ ਜਾਵੇਗੀ। ਸੂਰਜ ਐਨਾ ਚੜ੍ਹ ਆਇਆ ਸੀ ਕਿ ਉਨ੍ਹਾਂ ਦੇ ਘਰੋਂ ਚਲਣ ਦਾ ਵੇਲਾ ਕਦੋਂ ਦਾ ਲੰਘ ਗਿਆ ਸੀ। ਹੁਣ ਤੀਕ ਤਾਂ ਮੁੰਡੇ ਕੁੜੀਆਂ ਸਵੇਰ ਦੀ ਪ੍ਰਾਰਥਨਾ ਗਾ ਕੇ ਵੀ ਕਦੋਂ ਦੇ ਕਲਾਸਾਂ 'ਚ ਚਲੇ ਗਏ ਹੋਣਗੇ। ਤੇ ਉਹਦਾ ਦਿਲ ਸਕੂਲ ਤੋਂ ਹੱਟ ਖੇਤਾਂ ਕਮਾਦਾਂ 'ਚ ਚਕਰ ਕਟਦਾ ਮੁੜ ਪਿੰਡ ਆ ਵੜਿਆ ਤੇ ਉਹਨੂੰ ਅਛੋਪਲੇ ਹੀ ਪਿੰਡ 'ਚ ਹੋਈਆਂ ਪਿਛਲੇ ਦਿਨਾਂ ਦੀਆਂ ਗਲਾਂ ਬਿਨਾਂ ਤਰਤੀਬ ਰਹਿ ਰਹਿ ਕੇ ਯਾਦ ਆਉਣ ਲਗੀਆਂ...

ਪਿੰਡ 'ਚ ਇਹ ਦਿਨ ਗਹਿਮਾ ਗਹਿਮੀ ਫ਼ਸਲ ਦੀ ਕਟਾਈ-ਗਹਾਈ ਦੇ ਦਿਨ ਸਨ। ਜਿਸ ਪਾਸੇ ਵੀ ਲੰਘੋ ਲੋਕ-ਦਾਤੀਆਂ ਕਛੇ ਮਾਰੀ ਜਾਂਦੇ ਇਕ ਦੂਜੇ ਨੂੰ ਮੁਸਕਰਾ ਕੇ ਮਿਲਦੇ ਸਨ। ਜੱਟੀਆਂ ਦੂਜੀਆਂ ਨੂੰ ਫਿਟਕਾਰ ਥਿੰਦੀਆਂ ਝੱਕਰੀਆਂ ਤੇ ਮੈਲੇ ਪੋਣਿਆਂ ਵਾਲੇ ਭੱਤੇ ਚੁਕੀ ਘਗਰਿਆਂ ਦੇ ਵਿੰਗ ਵਲ ਹਲਾਉਂਦੀਆਂ ਖੇਤਾਂ 'ਚ ਜਾਂਦੀਆਂ ਨਜ਼ਰ ਆਉਂਦੀਆਂ ਸਨ । ਉਨ੍ਹਾਂ ਦੇ ਆਪਣੇ ਘਰ ਪੱਬਾਂ ਭਾਰ ਬੈਠ ਆਹਰਤਾਂ ਖਾਂਦੇ ਚਮਾਰਾਂ ਦੇ ਮੁੰਡੇ ਵੀ ਤ੍ਰਕਾਲਾਂ ਨੂੰ ਭਾਰੀ ਫਸਲ ਤੇ ਕਟਾਈ ਲਈ ਲਿਆਂਦੀਆਂ ਨਵੀਂਆਂ ਮਸ਼ੀਨਾਂ ਦੀਆਂ ਗਲਾਂ ਚੱਬ ਚੱਬ ਕਰਦੇ ਸਨ। ਪਰ ਇਸ ਦੇ ਨਾਲ ਨਾਲ ਬੁਰੀਆਂ ਗਲਾਂ ਤੇ ਭੈੜੀਆਂ ਖਬਰਾਂ ਵੀ ਕੰਨਾਂ 'ਚ ਪੈ ਰਹੀਆਂ ਸਨ। ਲਾਗਲੇ ਪਿੰਡ 'ਚ ਅਚਾਨਕਅੱਗ ਲਗ ਜਾਣ ਕਾਰਨ ਪੰਦਰਾਂ ਪੰਦਰਾਂ, ਵੀਹ ਵੀਹ, ਹਜ਼ਾਰ 'ਭਰੀ' ਸੜ ਗਈ ਸੀ। ਹੁਣ ਤਕ ਉਨ੍ਹਾਂ ਦਾ ਪਿੰਡ ਅਜੇਹੀ ਭੇਜਲ ਤੋਂ ਬਚਿਆ ਰਿਹਾ ਸੀ ਪਰ ਕਲ ਇਥੇ ਵੀ ਕਾਰਾ ਹੋ ਗਿਆ ਸੀ। ਵਾਸ਼ਿਆਂ ਦੀ ਇੰਜਣ 'ਤੇ ਕਟਾਈ ਲਈ ਰੱਖੀ ਕਣਕ ਉਤੇ ਪਤਾ ਨਹੀਂ ਕਿਵੇਂ ਫਲੂਹਾ ਪੈ ਗਿਆ ਤੇ ਚਲਦੀ ਹਵਾ 'ਚ ਦਸ ਹਜ਼ਾਰ ਭਰੀ ਵੇਖਦਿਆਂ ਵੇਖਦਿਆਂ ਸੜ ਗਈ। ਲੁਧਿਆਣੇ ਤੋਂ ਫਾਇਰ ਬਰਗੇਡ ਸੱਦਿਆ ਗਿਆ ਪਰ ਉਹਨੇ ਸਵਾਏ ਚਿਕੜ ਕਰਨ ਤੋਂ ਕੁਝ ਨਾਂ ਕੀਤਾ। ਵਾਸ਼ਿਆਂ ਦਾ ਬਚਨਾ ਉਵੇਂ ਸਿਰ ਫੜੀ ਧੁਖਦੇ ਧੁਖਦੇ ਸੁਆਹ ਦੇ ਢੇਰਾਂ ਕੋਲ ਬੈਠਾ ਸੀ ਜਿਵੇਂ ਅਸਤ ਚੁਗਣ ਅ ਇਆ ਹੋਵੇ !

ਵਾਸਿਆਂ ਦੀ ਫਸਲ ਦਾ ਧੂਆਂ ਹਾਲੀ ਹੌਲਾ ਵੀ ਨਹੀਂ ਸੀ ਹੋਇਆ ਕਿ ਵਿਚ ਵਿਚਾਲੇ ਪੰਚਾ- ਇਤ ਦਾ ਭਟੜਾਈ ਆਵਾਜ਼ ਵਾਲਾ ਰੇਡੀਓ ਬੋਲ ਪਿਆ ਜੋ ਅਗੇ ਨਾਂ ਪਿਛੇ ਉਸ ਦਿਨ ਪੱਤਾ ਨਹੀਂ ਕਿਹੜੇ ਚਾਓ 'ਚ ਸਾਰੀ ਸ਼ਾਮ ਤੇ ਰਾਤ ਤਕ ਰਣ-ਕੱਛ 'ਚ ਹੋ ਰਹੀ ਸਰਹੱਦੀ ਲੜਾਈ ਦੀਆਂ ਖਬਰਾਂ ਸੁਣਾਉਂਦਾ ਰਿਹਾ। ਸਿਆਣੇ ਲੋਕ ਹੈਰਾਨ ਸਨ ਕਿ ਖੜੋ ਕੇ ਖਬਰਾਂ ਸੁਣੀਏ ਜਾਂ ਬਹਿ ਕੇ ਬਚਨੇ ਦੀ ਫਸਲ ਦਾ ਅਫਸੋਸ ਕਰੀਏ। ਉਹ ਆਪ ਵੀ ਪਰੇਸ਼ਾਨ ਸੀ ਕਿ ਕੀ ਦੇਸ ਅਤੇ ਕਨੇਰ ਉਤੇ ਇਕੋ ਵੇਲੇ ਇਹ ਸਾੜ੍ਹ ਸਤੀ ਆਉਣੀ ਸੀ ? ਇਹ ਸੋਚਦਿਆਂ ਉਹ ਨੂੰ ਸ਼ਰਮਿੰਦਗੀ ਆਈ। ਰਾਤ ਉਹ ਕਿਹੋ ਜਹੀਆਂ ਹੋਸ਼ੀਆਂ ਨਗੂਣੀਆਂ ਗਲਾਂ ਕਰਦੀਆਂ ਰਹੀਆਂ ਜਦ ਕਿ ਪਿੰਡ ਦੀ ਕਣਕ ਚੋਂ ਧੂਆਂ ਅਜੇ ਵੀ ਨਿਕਲਦਾ ਹੋਣਾ ਤੇ ਦੇਸ ਦੇ ਵੀਰ-ਜਵਾਨ ਇਸ ਤੜਕਸਾਰ ਵੀ ਆਪਣੀਆਂ ਦੇਹਾਂ ਦਾ ਸੋਨਾ ਰੇਤੇ 'ਚ ਡੋਲ੍ਹ ਰਹੇ ਹੋਣਗੇ। "ਛੀ...ਛੀ...ਛੀ" ਰੇਤੇ ਦਾ ਖਿਆਲ ਆਉਂਦਿਆਂ ਉਹ ਨੂੰ ਆਪਣੇ ਪਿੰਡ ਦਾ "ਬਹਿਗੁਆਣਾ" ਦਾ ਬਰੇਤਾ ਯਾਦ ਆ ਗਿਆ। ਜਿਥੇ ਨਾ ਦਾਣਾ ਡਿਗਦਾ ਦਿਸਦਾ ਸੀ ਤੇ ਨਾਂ

ਹੀ ਕੁਝ ਉਗਦਾ ਨਜ਼ਰ ਆਉਂਦਾ ਸੀ ਪਰ ਜੱਟ ਫੇਰ ਵੀ ਇਸ ਸ਼ਾਮਲਾਟ ਖਾਤਰ ਹਰ ਸਾਲ ਸਿਰ ਪੜਵਾ ਲੈਂਦੇ ਤੇ ਆਪਣੀਆਂ ਚੰਗੀਆਂ ਨਿਆਈਆਂ ਦੀ ਕਮਾਈ ਥਾਣਿਆਂ ਤੇ ਕਚਹਿਰੀਆਂ 'ਚ ਫਿਰ ਤੁਰ ਕੇ ਗੁਆ ਦਿੰਦੇ ਸਨ ਤੇ ਇਸੇ ਤਰਾਂ ਇਹ ਮੁਲਕਾਂ ਦੀਆਂ ਸਰਕਾਰਾਂ ਕਰ ਰਹੀਆਂ ਸਨ। ਜਟ ਤਾਂ ਅਨਪੜ੍ਹ ਤੇ ਮੂੜ੍ਹ ਸਨ ਤੇ ਇਨ੍ਹਾਂ ਲੋਕਾਂ ਨੂੰ ਮਤ ਦੇਣ ਵਾਲਾ ਕੋਈ ਨਹੀਂ ਪਰ ਇਹ ਲੋਕ-ਮੱਤ ਲੈਣ ਵਾਲੇ ਵੀ ਸੂਰਤ ਨਹੀਂ ਕਰਦੇ ਸਨ ?

ਰਸੋਈ 'ਚੋਂ ਇਕ ਵਾਰ ਫੇਰ 'ਚਾਚੀ' (ਮਾਂ, ਮਾਸੀ) ਦੀ ਕੜਕਵੀਂ ਆਵਾਜ਼ ਆਈ। ਉਹ ਆਪਣੇ ਖਿਆਲਾਂ ਤੇ ਸੁਸਤੀ ਨੂੰ ਛੰਡਕੇ ਰਾਤ ਵਾਲੀ 'ਲੜਾਈ' ਨੂੰ ਭੁਲ ਦੀਸ਼ੀ ਨੂੰ ਹਲੂਣਦੀ ਬੋਲੀ, "ਉਠ ਦੀਸ਼ੀਏ ਮਾਰੀਏ ਮੈਨੂੰ ਵੀ ਨਾਲ ਗਾਲਾਂ ਕਿਉਂ ਕਢਾਉਂਦੀ ਏਂ" ਗੁਰਨਾਮ ਜੋ ਆਪਣੀ ਮਾਸੀ ਕੋਲ ਪੜ੍ਹਨ ਆਈ ਹੋਈ ਸੀ, ਇਸ ਲਈ ਮੁਫਤ ਦੀਆਂ ਗਾਲਾਂ ਤੇ ਬਾਸੀਆਂ ਰੋਟੀਆਂ ਤੋਂ ਬਚਣ ਦੀ ਸਦਾ ਕੋਸ਼ਿਸ਼ 'ਚ ਰਹਿੰਦੀ। ਪਰ ਦੀਸ਼ੀ ਕਾਰਨ ਉਹਨੂੰ ਝਲਣੀਆਂ ਖਾਣੀਆਂ ਹੀ ਪੈ ਜਾਂਦੀਆਂ।

ਮਾਂ ਦੀਆਂ ਝਿੜਕਾਂ ਦੀ ਬੁਛਾੜ ਤੇ ਗੁਰਨਾਮ ਦੇ ਹੁਝਕੇ ਹਲੂਣਿਆਂ ਨਾਲ ਦੀਸ਼ੀ ਨੂੰ ਜਿਵੇਂ ਪਈ ਨੂੰ ਸਕੂਲ ਦੀਆਂ ਘੰਟੀਆਂ ਵਜਦੀਆਂ ਸੁਣ ਪਈਆਂ ਉਹ ਉਭੜਵਾਹੀ ਖੁੰਭ ਵਾਂਗ ਬਿਸਤਰੇ 'ਚ ਬੈਠ ਗਈ। ਅਖਾਂ ਮਲਦੀ ਸਰਾਹਣੇ ਪਈਆਂ ਕਾਪੀਆਂ ਫਰੋਲਣ ਲਗੀ। ਝਟ ਹੀ ਪਿਛੋਂ ਉਹ ਮੂੰਹ 'ਤੇ ਛਿਟੇ ਮਾਰਦੀਆਂ ਕੰਘੀ ਨਾਲ ਕਾਹਲੀ ਕਾਹਲੀ ਸਿਰ ਪੁਟਦੀਆਂ ਚਾਹ ਦੇ ਤੱਤੇ ਤੱਤੇ ਘੁਟ ਭਰਨ ਲਗੀਆਂ। ਕਪੜੇ ਬਦਲਦਿਆਂ ਗੁਰਨਾਮ ਦਾ ਦਿਲ ਅਜੇ ਵੀ ਬੇਈਮਾਨ ਸੀ। ਉਹ ਕੱਚੀ ਛਿਥੀ ਮਲਕਚਾਰੇ ਬੋਲੀ "ਲੇਟ ਤਾਂ ਆਪਾਂ ਹੋ ਹੀ ਗਈਆਂ ਚਲ ਹੁਣ ਕੀ ਜਾਣਾ...।" ਦੀਸ਼ੀ ਜੋ ਰਾਤੀਂ ਹੀ ਸਾਰਾ ਕੰਮ ਮੁਕਾ ਕੇ ਸੁਤੀ ਸੀ ਮੂੰਹ ਉਤੇ ਛਿਟੇ ਮਾਰਦਿਆਂ ਹੀ ਚੁਸਤ ਹੋ ਗਈ ਲਗਦੀ ਸੀ ਤੁਣਕ ਕੇ ਬੋਲੀ, "ਨਾਂ ਬਾਵਾ ਤੇਰਾ ਤਾਂ ਰੋਜ਼ ਦਾ ਈ ਕੰਮ ਆ ਭੰਨ-ਤੜਕੇ ਕਰਨਾਂ......ਤੂੰ ਰਹਿਣਾ ਰਹਿ......ਮੈਂ ਚਲੀ" ਇਹ ਕਹਿੰਦਿਆਂ ਦੀਸ਼ੀ ਨੇ ਰੋਟੀਆਂ ਵਾਲਾ ਸਾਂਝਾ-ਡੱਬਾ ਟੋਕਰੀ 'ਚ ਰਖ ਕੇ ਸਾਈਕਲ ਧਰੂ ਲਿਆ। ਉਹਨੂੰ ਜਾਂਦੀ ਨੂੰ ਦੇਖ ਉਹ ਵੀ ਮਰੇ ਦਿਲ ਨਾਲ ਸਾਈਕਲ ਮੁਠ ਤੋਂ ਫੜੀ ਪਿਛੇ ਪਿਛੇ ਰਿੜ੍ਹ ਪਈ।

ਸਾਰੀ ਵਾਟ ਉਹ ਡਰਦੀਆਂ ਸਹਿਮਦੀਆਂ, ਕੀ, ਨਾ ਕੀ ਸੋਚਦੀਆਂ ਆਈਆਂ ਪਰ ਸਕੂਲੇ ਵੜਦਿਆਂ ਹੀ ਵਾਤਾਵਰਣ ਹੋਰ ਸੀ। ਨੌਂ ਵਜ ਚੁਕੇ ਸਨ। ਪਰ ਲੇਟ ਆਉਣ 'ਤੇ ਗੇਟ ਉਤੇ ਉਨਾਂ ਦੀ ਕਿਸੇ ਵੀ ਪੁਛ ਗਿਛ ਨਾ ਕੀਤੀ। ਸਾਈਕਲ ਰਖ ਕੇ ਅੱਗੇ ਵਧੀਆਂ ਤਾਂ ਸਭ ਮੁੰਡੇ ਕੁੜੀਆਂ ਦਫਤਰ ਅਗੇ ਕੰਪਾਉਂਡ 'ਚ ਕੱਠੇ ਹੋਏ ਬੈਠੇ ਸਨ। ਰੇਡੀਓ 'ਹਿਜ਼ ਮਾਸਟਰ' ਮੇਜ਼ ਤੇ ਪਿਆ ਸੀ ਤੇ ਹੈਡਮਾਸਟਰ ਕੋਲ ਬਾਹਵਾਂ ਛੰਗੀ ਵਾਰ ਵਾਰ ਪੱਗ ਸੁਆਰਦਾ ਭਾਸ਼ਨ ਦੇ ਰਿਹਾ ਸੀ। ਚਪੜਾਸੀ ਤੋਂ ਪੁਛਣ ਤੇ ਪੱਤਾ ਲਗਾ ਹਾਲੀ ਹਾਜ਼ਰੀ ਨਹੀਂ ਲਗੀ ਸੀ ਤੇ ਨਾਂ ਹੀ ਅਜ ਲਗਣ ਦੀ ਆਸ ਸੀ। ਉਹ ਮਲਕਚਾਰੇ ਕੁੜੀਆਂ ਦੀ ਪਿਛਾਂ ਬੈਠੀ ਟੋਲੀ 'ਚ ਜਾ ਘੁਸੀਆਂ ਤੇ ਲੇਟ ਆਉਣ ਦੀ ਨਦਾਮਤ ਤੋਂ ਬਚ ਜਾਣ ਦੀ ਖੁਸ਼ੀ ਵਜੋਂ ਗੋਡਿਆਂ 'ਚ ਮੂੰਹ ਦੇ ਮੁਸਕਾ ਪਈਆਂ। ਫੇਰ ਸਿਰ ਚੁਕ ਕੇ ਦੇਖਿਆ—ਹੈਡ ਮਾਸਟਰ ਪੂਰੇ ਰੋਹ 'ਚ ਬੋਲ ਰਿਹਾ ਸੀ: "ਪਿਆਰੇ ਬਚਿਓ ! ਇਹ ਮੌਕਾ ਹਸਣ, ਖੁਸ਼ੀਆਂ ਮਨਾਉਣ ਤੇ ਖੇਡਾਂ ਖੇਡਣ ਦਾ ਨਹੀਂ...ਹੁਣ ਵੇਲਾ ਹੈ ਕੁਝ ਕਰਨ ਦਾ......ਕੁਰਬਾਨੀਆਂ ਦੇਣ ਦਾ ਤੇ ਦੇਸ ਲਈ ਸੀਸ ਕਟਾਉਣ ਦਾ......" ਦੀਸ਼ੀ ਜੋ ਸਵੇਰੇ ਦੇਰ ਨਾਲ ਉਠੀ ਸੀ ਹਾਲੀ ਵੀ ਉਘਲਾਂਦੀ ਸੋਚ ਰਹੀ ਸੀ ਕਿ ਕੀ ਇਹ ਦੇਰ ਨਾਲ ਸਕੂਲ ਆਉਣ ਦੀ ਸਜ਼ਾ ਹੈ ਜਾਂ ਕੁਝ ਹੋਰ......ਪਰ ਹੈਡਮਾਸਟਰ

ਉਸੇ ਤਾੜੇ ਬੋਲ ਰਿਹਾ ਸੀ "ਕੁਰਬਾਨੀਆਂ ਕੇਵਲ ਫੌਜ ਨੇ ਹੀ ਨਹੀਂ ਕਰਨੀਆਂ ਹਰ ਕਿਸੇ ਨੇ ਕਰਨੀਆਂ ਹਨ......ਕੀ ਬੱਚੇ ਕੀ ਬੁਢੇ, ਕੁੜੀਆਂ ਕਤਰੀਆਂ ਸਭ ਆਉਣਗੀਆਂ ਹਰ ਕੋਈ ਅਪਣੀ ਹੈਸੀਅਤ, ਕਾਬਲੀਅਤ ਮੁਤਾਬਕ ਕੰਮ ਕਰੇਗਾ। ਅਜ ਸਾਡਾ ਸਰਹੱਦਾਂ ਉਤੇ ਇਕ ਨਹੀਂ ਦੋ ਦੁਸ਼ਮਣਾਂ ਨਾਲ ਮੁਕਾਬਲਾ ਹੈ—ਇਸ ਲਈ ਹਰ ਕਿਸੇ ਨੂੰ ਇਸ ਸਕੰਟ, ਇਸ ਸਾੜ੍ਹਸਤੀ ਸਮੇਂ ਹੱਥ ਵਟਾਉਣਾ ਹੋਏਗਾ। ਸਾਡੇ ਸੂਰਵੀਰ ਜਵਾਨ, ਦੁਸ਼ਮਣ ਨਾਲ ਦਸਤ ਪੰਜਾ ਲੈਣਗੇ...ਜਾਨਾਂ ਵਾਰਨਗੇ ਸਾਡੀਆਂ ਕੁੜੀਆਂ ਸਵੈਟਰ ਉਣਨਗੀਆਂ......ਗੀਤ ਗਾਉਣਗੀਆਂ......ਫੌਜੀਆਂ ਦਾ ਦਿਲ ਬਹਿਲਾਉਣ ਗੀਆਂ...." ਬੋਲਦਿਆਂ ਬੋਲਦਿਆਂ ਉਹਨੂੰ ਮਹਿਸੂਸ ਹੋਇਆ ਜਿਵੇਂ ਲੀਹ ਤੋਂ ਉਤਰ ਗਿਆ ਹੋਵੇ। ਇਸ ਲਈ ਉਹਨੇ ਚਲਦਾ ਚਲਦਾ ਭਾਸ਼ਨ ਵਿਚੋਂ ਰੋਕ ਕਿਹਾ : "ਸੋ ਹਰ ਪਿੰਡ, ਹਰ ਸ਼ਹਿਰ, ਹਰ ਸਕੂਲ, ਹਸਪਤਾਲ 'ਚ ਡੀਫੈਂਸ ਕਮੇਟੀਆਂ ਬਨਣਗੀਆਂ..... ਫੌਜੀਆਂ ਲਈ ਜਰਾਬਾਂ, ਕਿਤਾਬਾਂ ਕਪੜੇ, ਤੋਹਫੇ, ਖਾਣ ਵਾਲੀਆਂ ਚੀਜ਼ਾਂ, ਦੰਦਾਂ ਦੇ, ਦਾੜ੍ਹੀਆਂ ਦੇ ਬਰੁਸ਼, ਜਾਲੀਆਂ, ਫਿਕਸੋ ਤੇ ਮੁਛ ਮਰੋੜ, ਵਤਨ ਤੇ ਮਰਨ ਵਾਲਿਆਂ ਦੀ ਹਰ ਨਿਕੀ ਤੋਂ ਨਿਕੀ ਖਾਹਿਸ਼ ਹਰ ਵੱਡੀ ਤੋਂ ਵੱਡੀ ਜਰੂਰਤ ਦਾ ਖਿਆਲ ਕੀਤਾ ਜਾਏਗਾ......

ਹੈਡਮਾਸਟਰ ਦਾ ਭਾਸ਼ਨ ਸੁਣਦਿਆਂ ਉਹਨਾਂ ਨੂੰ ਦੋ ਵਰ੍ਹੇ ਪਹਿਲਾਂ ਦਾ ਵਕਤ ਯਾਦ ਆ ਗਿਆ। ਜਦੋਂ ਚੀਨੀ ਹਮਲੇ ਸਮੇਂ ਉਹ ਹਾਈ ਸਕੂਲ 'ਚ ਪੜ੍ਹਦੀਆਂ ਸਨ ਤੇ ਘਰ ਘਰ ਦਫਤਰ ਦਫਤਰ ਜਾ ਔਰਤਾਂ ਦੇ ਟੂੰਬ-ਛੱਲੇ ਮਰਦਾਂ ਤੋਂ ਹਰੇ ਜਾਮਣੀ ਨੋਟ ਕੱਢਾ ਕੇ ਲਿਆਇਆ ਕਰਦੀਆਂ। ਉਹ ਦਿਨ ਕਿਨੇ ਪਿਆਰੇ ਸਨ ! ਚੰਦਾ ਇਕੱਠਾ ਕਰਨਾ ਰੋਜ਼ ਲੋਹੜੀ ਮੰਗਣ ਜਿਹਾ ਲਗਦਾ ਸੀ। ਹਰ ਕਿਸੇ ਨੂੰ ਉਹ ਜਾ ਘੇਰਦੀਆਂ ਤੇ ਜਿਨੇਂ ਕਹਿੰਦੀਆਂ ਲੈ ਕੇ ਹਿਲਦੀਆਂ। ਮਾਸਟਰ, ਹੈਡਮਾਸਟਰ, ਡੀ: ਈ: ਓ, ਸੀ. ਈ: ਓ: ਆ ਆ ਉਹਨਾਂ ਦੀ ਦੇਸ ਭਗਤੀ ਦੇ ਗੁਣ ਗਾਉਂਦੇ ਨਾਂ ਥਕਦੇ ਤੇ ਉਹ ਦਿਲ ਹੀ ਦਿਲ 'ਚ ਹਸਦੀਆਂ ਸੋਚਦੀਆਂ ਇਹ ਕੰਮ ਤਾਂ ਉਨ੍ਹਾਂ ਦੇ ਖੱਬੇ ਹਥ ਦੀ ਮਾਰ ਹੈ !

ਸਕੂਲ ਜੋ ਪਹਿਲਾਂ ਵੱਢ ਖਾਣ ਨੂੰ ਆਉਂਦਾ ਸੀ ਅਚਾਨਕ ਦਿਲਚਸਪ ਤੇ ਚੰਗਾ ਚੰਗਾ ਹੋ ਗਿਆ ਸੀ। ਪੜ੍ਹਾਈ ਲਿਖਾਈ, ਕਰਾਫਟ ਦਾ "ਬੋਰਿੰਗ ਪ੍ਰੋਗਰਾਮ" ਛੱਡ ਛੱਡਾ ਸਾਰਾ ਦਿਨ ਜਰਾਬਾਂ ਸਵੈਟਰ ਉਣਦੀਆਂ, ਨਾਟਕਾਂ, ਗੀਤਾਂ ਦੀ ਰੀਹਰਸਲ ਕਰਦੀਆਂ ਜਾਂ ਹਸਪਤਾਲ 'ਚ First Aid ਸਿਖਣ ਜਾਂਦੀਆਂ। ਹਾਲ ਵਿਚ ਹਰ ਵੇਲੇ ਘੁੰਗਰੂ ਛਣਕਦੇ, ਢੋਲਕੀ ਵਜਦੀ ਤੇ ਕਿਸੇ ਨਾਂ ਕਿਸੇ ਦਿਲ-ਚੀਰਵੇਂ ਗੀਤ ਦੀ ਹੇਕ ਉਠਦੀ ਰਹਿੰਦੀ। ਉਹ ਬਿਨਾਂ ਰੋਕ ਟੋਕ ਜਦੋਂ ਚਾਹੁੰਦੀਆਂ ਜਾ ਸ਼ਾਮਲ ਹੁੰਦੀਆਂ। ਨਹੀਂ ਤਾਂ ਕਿਤਾਬਾਂ ਹਿਕ ਨਾਲ ਲਗਾਈ ਲਾਨ ਦੀ ਕੋਸੀ ਕੋਸੀ ਧੁੱਪ 'ਚ ਟਹਿਲਦੀਆਂ ਜਾਂ ਟੱਕ ਸ਼ਾਪ 'ਤੇ ਜਾ ਬੈਠਦੀਆਂ। ਸਕੂਲ ਤੋਂ ਬਾਹਰ ਵੀ ਵਾਤਾਵਰਣ ਕੋਈ ਘੱਟ ਦਿਲਚਸਪ ਨਹੀਂ ਸੀ। ਕਸਬੇ ਦੇ ਜਿਸ ਮੋੜ ਤੋਂ ਵੀ ਲੰਘੋ ਕੋਈ ਨਾਂ ਕੋਈ ਲਾਊਡ ਸਪੀਕਰ ਦੇਸ ਭਗਤੀ ਦੇ ਪੁਰਾਣੇ ਫਿਲਮੀ ਰੀਕਾਰਡ ਸੁਣਾ ਰਿਹਾ ਹੁੰਦਾ ਤੇ ਉਹ ਜੋ 1947 ਤੋਂ ਪਿਛੋਂ ਜੰਮ ਕੇ ਜੁਆਨ ਹੋਈਆਂ ਸਨ ਦਿਲ 'ਚ ਇਸ ਗਲ ਤੇ ਵੀ ਖੁਸ਼ ਸਨ ਕਿ ਉਨ੍ਹਾਂ ਪਿਛੋਂ ਜੰਮ, ਅਜ਼ਾਦੀ ਤੋਂ ਪਹਿਲਾਂ ਦੀ ਦੇਸ ਭਗਤੀ ਦਾ ਸੁਆਦ ਚੱਖ ਕੇ, ਚੱਟ ਕੇ ਵੇਖ ਲਿਆ ਸੀ। ਇਹ ਸਾਰਾ ਕੁਝ ਸੁਆਦਲਾ ਤੇ ਸਾਹਸ-ਭਰਪੂਰ ਸੀ ਪਰ ਕਈ ਗਲਾਂ ਉਨ੍ਹਾਂ ਨੂੰ ਨਾਂ-ਸਮਝ ਆਉਂਦੀਆਂ ਵੀ ਖੱਟਕਦੀਆਂ ਸਨ। ਕੰਧਾਂ ਉਤੇ ਥਾਂ ਥਾਂ "ਚੀਨੀ ਕੁਤੋਂ ਕੋ ਕੁਚਲ ਦੋ" ਵਰਗੇ ਨਾਹਰੇ ਲਿਖੇ

ਹੋਏ ਸਨ। ਉਨ੍ਹਾਂ ਦੇ ਦਿਮਾਗ 'ਚ ਇਹ ਗਲ ਨਹੀਂ ਸੀ ਪੈਂਦੀ ਕਿ ਕਲ ਤਕ ਜੋ "ਭਾਈ-ਭਾਈ" ਸਨ ਰਾਤ ਵਿਚਾਲੇ ਕੁੱਤੇ, ਬਿਲੇ ਤੇ ਡੱਡੂ-ਖਾਣ-ਵਾਲੇ ਕਿਵੇਂ ਬਣ ਗਏ ਤੇ ਵਿਹਲੀਆਂ ਥਾਵਾਂ ਤੇ ਬੇਮਕਸਦ ਖੰਦਕਾਂ ਟੋਏ ਕਿਉਂ ਪੁਟੇ ਜਾ ਰਹੇ ਸਨ ? ਐਨਾਂ ਨਿਤ ਦਿਹਾੜੇ ਇਕਠਾ ਹੋ ਰਿਹਾ ਪੈਸਾ, ਸੋਨਾ ਰੁੱਪਾ, ਕਿਥੇ ਜਾ ਰਿਹਾ ਸੀ ? ਤੇ ਸਾਡੀਆਂ ਫੌਜਾਂ ਲਗਾਤਾਰ ਪਿਛੇ ਕਿਉਂ ਹਟ ਰਹੀਆਂ ਸਨ ? ਅੰਤ ਵਿਚ ਸਭ ਤੋਂ ਵੱਡੀ ਹੈਰਾਨੀ ਦੀ ਗਲ ਇਹ ਸੀ ਕਿ ਲੋਕਾਂ ਉਤੇ ਕਮਰ ਤੋੜ ਟੈਕਸ ਕਿਉਂ ਲਗਾਇਆ ਗਿਆ ਤੇ ਚੀਨੀ ਫੌਜਾਂ ਆਪਣੇ ਆਪ ਕਿਉਂ ਪਰਤ ਗਈਆਂ ?

ਸਾਰਾ ਦਿਨ ਸਕੂਲ 'ਚ ਵਾਹਵਾ ਬੀਤਿਆ। ਉਹ ਹਸਦੀਆਂ, ਨਾਹਰੇ ਲਾਉਂਦੀਆਂ ਕਲਾਸ ਰੂਮ 'ਚ ਗਈਆਂ ਪਰ ਕਿੰਨਾਂ ਚਿਰ ਕੋਈ ਅਧਿਆਪਕ ਨਾਂ ਬੁਹੜਿਆ। ਉਨ੍ਹਾਂ ਸਭ ਅਗਲੀਆਂ ਪਿਛਲੀਆਂ ਕਰ ਮਾਰੀਆਂ। ਅਖੀਰ "ਕੌਮੀ ਅੰਦੋਲਨ" (ਜੇ. ਬੀ. ਟੀ. ਦਾ ਇਕ ਵਿਸ਼ਾ) ਦਾ ਅੱਧੀਆ ਜਿਹਾ ਟਿੱਡੀ ਮੁਛਾ ਟੀਚਰ ਆਇਆ ਜੋ ਅਗੇ ਪਿਛੇ ਵੀਕਲੀ ਦੇ ਕਰਾਸ ਵਰਡਜ਼ (ਪਹੇਲੀਆਂ) ਭਰਨ 'ਚ ਲਗਾ ਰਹਿੰਦਾ ਸੀ, ਉਸ ਦਿਨ ਲਗਾਤਾਰ ਤਿੰਨ ਪੀਰੀਅੱਡ ਨੇਫਾ-ਲਦਾਖ਼ ਦੇ ਨਕਸ਼ੇ ਦਖਾਉਂਦਾ ਰਣ-ਕਛ ਦੀਆਂ ਗਲਾਂ ਕਰਦਾ ਰਿਹਾ। ਇਸ ਪਿਛੋਂ ਕੋਈ ਆਇਆ ਕੋਈ ਨਾਂ ਆਇਆ। ਉਹ ਆਪਣੀਆਂ ਗਲਾਂ 'ਚ ਲਗੀਆਂ ਮਸਤ ਝੂਮਦੀਆਂ ਰਹੀਆਂ। ਕਲਾਸਾਂ ਦੇਰ ਨਾਲ ਸ਼ੁਰੂ ਹੋਣ ਕਰਕੇ ਪੀਰੀਅੱਡ ਕੁੱਤੇ ਟੁੱਟੇ ਹਰਟ ਦੀਆਂ ਟਿੰਡਾਂ ਵਾਂਗ ਗਿੜਦੇ ਪਲਕ ਝਲਕ 'ਚ ਹੀ ਖਤਮ ਹੋ ਗਏ। ਫੇਰ ਡੀਫੈਂਸ ਦੇ ਵੱਖ ਵੱਖ ਕੰਮ ਲਈ ਬਣਾਈਆਂ ਜਾਣ ਵਾਲੀਆਂ ਕਮੇਟੀਆਂ ਦੀ ਚੋਣ ਸ਼ੁਰੂ ਹੋਈ। ਇਸ ਪਿਛੋਂ ਫੌਜੀਆਂ ਖਾਤਰ ਰਕਤ-ਦਾਨ ਦੇਣ ਵਾਲਿਆਂ ਦੀ ਲਿਸਟ ਤਿਆਰ ਕੀਤੀ ਜਾਂਦੀ ਰਹੀ। ਅੰਤ ਵਿਚ ਡਰਾਮਾ-ਵਿਭਾਗ ਦੇ ਮੁੰਡਿਆਂ ਕੁੜੀਆਂ ਵਲੋਂ "ਐ ਪਿਆਰੀ ਭਾਰਤ ਮਾਂ" ਦਾ ਪ੍ਰਾਰਥਨਾ-ਗੀਤ ਬੜੀ ਹੀ ਧੀਮੀ ਮਿਠੀ ਸੁਰ 'ਚ ਗਾਇਆ ਗਿਆ ਜਿਸ ਨੂੰ ਸੁਣਕੇ ਸਭ ਝੂਮ ਗਏ। ਸਮਾਪਤੀ ਤੇ ਗੁਰਨਾਮ ਦੀ ਅਗਵਾਈ 'ਚ "ਅਸੀਂ ਹਾਂ ਭਾਰਤੀ ਇਹੋ ਪੁਕਾਰਦੇ ਚਲੇ ਚਲੋ !" ਦਾ ਜੋਸ਼ ਭਰਪੂਰ ਮਾਰਚਿੰਗ ਕੋਰਸ ਹੋਇਆ ਜਿਸ ਦਾ ਅਭਿਨਿਯ ਦੀਸ਼ੀ ਨੇ ਦਿਤਾ। ਹੈਡਮਾਸਟਰ ਅਭਿਨਿਯ ਦੇਖ ਕੇ ਐਨਾਂ ਖੁਸ਼ ਹੋਇਆ ਕਿ ਉਹਨੇ ਸਭ ਮੁੰਡੇ ਕੁੜੀਆਂ ਨੂੰ ਗੇਮਜ਼-ਫੰਡ ਚੋਂ ਸਮੋਸੇ ਤੇ ਚਾਹ ਪਲਾਉਣ ਦਾ ਐਲਾਨ ਕਰ ਦਿਤਾ ਤੇ ਨਾਲ ਹੀ ਇਮਤਿਹਾਨਾਂ ਦੇ ਮੁਲਤਵੀ ਕਰਨ ਦੀ ਸੂਚਨਾ ਵੀ ਸੁਣਾ ਦਿਤੀ। ਇਸ ਨਾਲ ਚਾਹ ਹੋਰ ਵੀ ਸੁਆਦ ਤੇ ਸਮੋਸੇ ਹੋਰ ਵੀ ਵਧ ਕਰਾਰੇ ਹੋ ਗਏ।

ਅੰਦਰਲੇ ਫੁਲਾਂ ਵਾਲੇ ਲਾਨ 'ਚ ਚਾਹ ਸਟੈਂਡਿੰਗ ਕੀਤੀ ਗਈ। ਕੁੜੀਆਂ ਹਸਦੀਆਂ ਸਮੋਸੇ ਖਾਂਦੀਆਂ ਇਕ ਦੂਜੀ ਤੇ ਡਿਗਦੀਆਂ ਜਾਂਦੀਆਂ ਸਨ। ਇਸ ਨਵੀਂ ਉਠੀ ਤਰੰਗ ਨੇ ਦੀਸ਼ੀ ਤੇ ਗੁਰਨਾਮ ਨੂੰ ਸਭ ਰੋਸੇ ਭੁਲਾ ਨੇੜੇ ਨੇੜੇ ਕਰ ਦਿਤਾ ਸੀ। ਉਹ ਇਕ ਦੂਜੀ ਨਾਲ ਬੋਲਣ ਗਲਾਂ ਕਰਨ ਲਈ ਬਹਿਬਲ ਹੋਈਆਂ ਪਈਆਂ ਸਨ। ਗੁਰਨਾਮ ਨੇ ਮੁਸਕਾਉਣ 'ਚ ਪਹਿਲ ਕੀਤੀ ਤੇ ਦੀਸ਼ੀ ਨੇ ਬਲਾਉਣ 'ਚ।

"ਰਾਤੀ ਤੂੰ ਮੈਨੂੰ ਕਿਉਂ ਡਰਾਇਆ"
"ਪਹਿਲਾਂ ਤੂੰ ਕਿਉਂ ਮੈਨੂੰ ਚੜਾਇਆ"
"ਅਛਾ ਹੁਣ ਨਹੀਂ ਚੜਾਉਂਦੀ"
"ਚੰਗਾ ਮੈਂ ਵੀ ਨਹੀਂ ਡਰਾਉਂਦੀ"

"ਹੁਣ ਨਰਾਜ਼ ਤਾਂ ਨਹੀਂ ?"

"ਨਹੀਂ" ?

"ਤਾਂ ਫੇਰ ਰਾਤ ਨੂੰ ਨਾਲ ਸੁਲਾਏਂਗੀ"

"ਸੌਂ ਜਾਈਂ, ਪਰ ਖਰੂਦ ਨਾਂ ਕਰੀਂ"

"ਅਜ ਦਾ ਦਿਨ ਤਾਂ ਵਾਹਵਾ ਰਿਹਾ"

"ਹਾਂ ਵਾਹਵਾ ਰਿਹਾ"

"ਇਹ ਲੜਾਈ ਕਿੰਨਾ ਕੁ ਚਿਰ ਚਲੂ ।"

"ਸਲਾਨੇ ਇਮਤਿਹਾਨ ਤਕ ।"

ਤੇ ਉਹ ਦੋਵੇਂ ਖਿੜ ਖਿੜ ਹਸ ਪਈਆਂ ।

ਜਦੋਂ ਉਹ ਚਾਹ ਪੀ ਕੇ ਬਾਹਰ ਨਿਕਲੀਆਂ ਤਾਂ ਉਹ ਖ਼ੁਸ਼ੀ ਨਾਲ ਐਨੀਆਂ ਰਜੀਆਂ ਹੋਈਆਂ ਸਨ ਕਿ ਉਨ੍ਹਾਂ ਤੋਂ ਆਪਣਾ ਆਪ ਸੰਭਾਲਿਆ ਨਹੀਂ ਸੀ ਜਾਂਦਾ । ਬਾਹਰ ਬਦਲਾਂ ਦੀ ਟਾਵੀਂ ਟਾਵੀਂ ਛਾਂ ਸੀ ਤੇ ਅਮਲਤਾਸ ਦੇ ਦਰਖਤਾਂ ਦੀ ਲੰਮੀਂ ਪਾਲ ਝਟਪੱਟੇ 'ਚ ਬਹੁਤ ਪਿਆਰੀ ਲਗ ਰਹੀ ਸੀ । ਉਨ੍ਹਾਂ ਸਾਈਕਲ 'ਤੇ ਚੜ੍ਹੀਆਂ ਚੜ੍ਹੀਆਂ ਨੇ ਹੀ ਪੀਲੇ ਫੁਲਾਂ ਦੇ ਲਮਕਦੇ ਕਈ ਕਈ ਗੁਛੇ ਤੋੜ ਟੋਕਰੀਆਂ 'ਚ ਸੁਟ ਲਏ ਤੇ ਡੁਲ੍ਹਦੇ ਵੇਗ ਵਿਚ ਸਾਈਕਲ ਚਲਾਉਂਦੀਆਂ ਗੇਟ ਪਾਰ ਕਰ ਗਈਆਂ ।

ਕਸਬੇ ਦਾ ਮੋੜ ਮੁੜਦਿਆਂ ਹੀ ਜਦੋਂ ਉਹ ਜਰਨੈਲੀ ਸੜਕ ਤੇ ਪਹੁੰਚੀਆਂ ਤਾਂ ਕਾਨਵਾਈ ਜਾ ਰਹੀ ਸੀ । ਉਹ ਮੋਟਰਾਂ ਦੀ ਅਮੁਕ-ਡਾਰ ਨੂੰ ਲੰਘਦਿਆਂ ਦੇਖਦੀਆਂ ਪੁਲ ਕੋਲ ਖੜੋ ਗਈਆਂ । ਹਰ ਬੰਦ ਮੋਟਰ ਦੇ ਪਿਛੇ ਬੈਠੇ ਥੱਕੇ ਅਲਸਾਏ, ਮੁਸਕਾਂਦੇ ਤੇ ਡੈਂਬਰੀਆਂ ਅਖਾਂ ਨਾਲ ਤਕਦੇ ਫੌਜੀਆਂ ਦੇ ਚਿਹਰੇ ਸਾਹਮਣੇ ਆਉਂਦੇ ਤੇ ਝੱਟ ਅਲੋਪ ਹੋ ਜਾਂਦੇ । ਉਨ੍ਹਾਂ ਵਿਚ ਸਿਖ, ਜਾਟ, ਮਰਾਠੇ, ਮਦਰਾਸੀ ਡੋਗਰੇ ਸਭ ਸਨ ਜੋ 'ਰਾਈਫਲਾਂ' ਸਾਂਭੀ ਬੈਠੇ ਉਡੇ ਜਾ ਰਹੇ ਸਨ ਤੇ ਜਿਨ੍ਹਾਂ ਜਾਂਦਿਆਂ ਸਾਰ ਪਿਛਲਾ ਫੱਟਾ ਖੁਲਦਿਆਂ ਹੀ ਰਣ ਖੇਤਰ 'ਚ ਕੁਦ ਪੈਣਾ ਸੀ ਤੇ ਮੁੜ ਆਪਣੇ ਮਾਸੂਮ ਬੱਚੇ, ਭੋਲੀ ਭੈਣ ਤੇ ਬਿਰਧ ਮਾਂ ਨੂੰ ਮੂੰਹ ਵੀ ਨਹੀਂ ਸੀ ਦਖਾ ਸਕਣਾ । ਤੇ ਉਨ੍ਹਾਂ ਨੂੰ ਖੜੀਆਂ ਖੜੀਆਂ ਨੂੰ ਰੇਡੀਓ ਤੋਂ ਵਾਰ ਵਾਰ ਸੁਣਿਆ— ਗਾਣਾ "ਜ਼ਰਾ ਆਂਖ ਮੇਂ ਭਰ ਲੋ ਪਾਣੀ" ਯਾਦ ਆ ਗਿਆ ਤੇ ਉਹ ਜੰਗ 'ਤੇ ਜਾਂਦੇ ਫੌਜੀਆਂ ਨੂੰ ਦੇਖਦੀਆਂ ਬੇਹੱਦ ਉਦਾਸ ਹੋ ਗਈਆਂ । ਕਾਨਵਾਈ ਸਾਰੀ ਲੰਘ ਹਟੀ ਤਾਂ ਗੁਰਨਾਮ ਸਿਰ ਝਟਕਦੀ ਬੋਲੀ "ਫੌਜੀ ਤਾਂ ਲੰਘ ਗਏ ।"

— "ਹਾਂ ਲੰਘ ਗਏ..." ਗੁਰਨਾਮ ਤੇ ਦੀਸ਼ੀ ਦੋਵਾਂ ਦੀ ਆਵਾਜ਼ 'ਚ ਹੌਕਾ ਸੀ...ਰੁਕ ਕੇ ਫਿਰ ਪਹਿਲੀ ਨੇ ਅਵਾਜ਼ ਕਢੀ ।

"ਨੀ ਇਨ੍ਹਾਂ ਦਾ ਜੀਣ ਮਰਨ ਬੜਾ ਔਖਾ !'

"ਹਾਂ ਬਹੁਤ ਔਖਾ..."

"ਆਪਾਂ ਉਨ੍ਹਾਂ ਜਾਂਦਿਆਂ ਨੂੰ ਜੈ ਹਿੰਦ ਵੀ ਨਾ ਕੀਤੀ ।"

"ਕਿਉਂ, ਕਰਨੀ ਸੀ...?" ਇਸ ਤੇ ਗੁਰਨਾਮ ਨੇ ਕੋਈ ਜਵਾਬ ਨਾ ਦਿਤਾ । ਉਨ੍ਹਾਂ ਦੇ ਹੌਕਿਆਂ ਦੀ ਹਵਾੜ ਇਕੱਠੀ ਹੋ ਗਈ ਤੇ ਉਹ ਅਫਸੋਸ ਦੀ ਹਾਲਤ 'ਚ ਮਰੇ ਦਿਲ ਨਾਲ ਸਾਈਕਲ ਦੇ ਅੱਗੇ ਵਲੋਂ ਲਤ ਕਰ ਚੜ੍ਹ ਗਈਆਂ । ਸ਼ਹਿਰੋਂ ਨਿਕਲ ਕੇ ਹਾਲੀ ਮੀਲ ਕੁ ਹੀ ਗਈਆਂ ਹੋਣਗੀਆਂ ਕਿ ਸਾਹਮਣੇ ਸੜਕ ਦੇ ਇਕ ਪਾਸੇ ਫੌਜੀ ਟਰਕ ਖੜਾ ਨਜ਼ਰ ਆਇਆ । ਇਕ ਸਿੱਖ ਫੌਜੀ ਰਾਈਫਲ

ਮੋਢੇ ਨਾਲ ਲਟਕਾਈ ਟਾਇਰਾਂ ਕੋਲ ਖੜਾ ਸੀ ਤੇ ਦੋ ਪਿਛਲੇ ਪਾਸਿਓਂ ਹੇਠਾਂ ਲੇਟ ਇਸ ਨੂੰ ਸ਼ਾਇਦ ਠੀਕ ਕਰ ਰਹੇ ਸਨ। ਕੋਲੋਂ ਦੀ ਲੰਘਦਿਆਂ ਉਨ੍ਹਾਂ ਸਾਈਕਲ ਹੌਲੀ ਕਰ ਲਏ। ਸਿਖ ਸਿਪਾਹੀ ਨੇ ਉਨ੍ਹਾਂ ਵਲ ਵੇਖਿਆ ਤੇ ਉਨ੍ਹਾਂ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਸਨੂੰ ਭੁਖ ਲਗੀ ਹੋਵੇ। ਗੁਰਨਾਮ ਨੇ ਚੜ੍ਹੀ ਚੜ੍ਹੀ ਨੇ ਹੌਸਲਾ ਕਰਕੇ ਪੁੱਛ ਹੀ ਲਿਆ : "ਵੀਰ ਜੀ ਤੁਹਾਨੂੰ ਕਿਸੇ ਚੀਜ਼ ਦੀ ਲੋੜ ਤਾਂ ਨਹੀਂ ?" ਫੌਜੀ ਪਹਿਲੋਂ ਤਾਂ ਠਠੰਬਰਿਆ ਤੇ ਕੁਝ ਨਾ ਸਮਝਿਆ ਫੇਰ ਰੁਕ ਕੇ ਬੋਲਿਆ "ਨਹੀਂ ਬੀਬੀ ਸਾਡਾ ਟਰਕ ਅਚਾਨਕ ਖਰਾਬ ਹੋ ਗਿਆ ਦੇਖਦੇ ਹਾਂ ਜੇ ਠੀਕ ਹੋ ਜਾਏ ਨਹੀਂ ਤਾਂ ਸਵੇਰੇ ਬਨ੍ਹ ਕੇ ਲਿਜਾਣਾ ਪਊ......।"

"ਜੇ ਲੋੜ ਆ ਤਾਂ ਅਸੀਂ ਕਿਸੇ ਨੂੰ ਪਿੰਡੋਂ ਭੇਜੀਏ—"

"ਨਹੀਂ ਕੋਈ ਲੋੜ ਨਹੀਂ ਸਰ ਜਾਏਗਾ। ਮਿਹਰਬਾਨੀ" —

ਤੇ ਉਹ ਸੰਗਦਾ ਨੀਵੀਂ ਗਰਦਣ ਕਰ ਹੇਠਾਂ ਲੇਟੇ ਕੰਮ ਕਰਦੇ ਬੰਦਿਆਂ ਨੂੰ ਦੇਖਣ ਲਗਾ ਤੇ ਉਹ ਪੈਡਲ ਮਾਰਦੀਆਂ ਚਿਟੀਆਂ ਚੁਨੀਆਂ ਲਹਿਰਾਉਂਦੀਆਂ ਅਗਾਂਹ ਨਿਕਲ ਗਈਆਂ।

ਉਹ ਪਿੰਡ ਤੋਂ ਡੇਢ ਕੁ ਮੀਲ ਉਰ੍ਹਾਂ ਹੀ ਹੋਣਗੀਆਂ ਕਿ ਦੀਸ਼ੀ ਦੇ ਸਾਈਕਲ ਦੇ ਪਿਛਲੇ ਪਹੀਏ ਦੀ ਫੂਕ ਨਿਕਲ ਗਈ। ਕੁਝ ਦੇਰ ਉਨ੍ਹਾਂ ਸਾਈਕਲ ਨੂੰ ਹੈਂਡਲ ਤੋਂ ਪਕੜ ਪਿਛਾਂ ਕੈਰੀਅਰ 'ਤੇ ਬੈਠ ਨਾਲ ਨਾਲ ਟੋਰਨ ਦੀ ਕੋਸ਼ਿਸ਼ ਕੀਤੀ ਪਰ ਕੁਝ ਕਦਮ ਚਲ ਕੇ ਹੀ ਡਿਗ ਪੈਂਦੀਆਂ ਰਹੀਆਂ। ਅਖੀਰ ਉਹ ਅੱਕ ਥੱਕ ਕੇ ਪੈਦਲ ਹੀ ਹੋ ਤੁਰੀਆਂ। ਅਜੇ ਉਹ ਅੱਧ-ਫਰਲਾਂਗ ਹੀਗਈਆਂ ਹੋਣਗੀਆਂ ਕਿ ਉਹੀ ਟਰਕ ਮਾਰੋ ਮਾਰ ਕਰਦਾ ਪੂਰੇ ਜ਼ੋਰ ਨਾਲ ਬਰੇਕਾਂ ਲਾਉਂਦਾ ਰੁਕ ਗਿਆ। ਸਿਖ ਸਿਪਾਹੀ ਨੇ ਫੱਟੇ ਉਤੇ ਝੁਕਦਿਆਂ ਪੋਲੇ ਮੂੰਹ ਨਾਲ ਕਿਹਾ "ਭੈਣ ਜੀ...ਸਾਡਾ ਟਰਕ ਠੀਕ ਹੋ ਗਿਆ ਤਾਂ ਤੁਹਾਡੀ ਸਵਾਰੀ ਬਿਗੜ ਗਈ...ਆਓ ਬੈਠੋ ! ਤੁਹਾਨੂੰ ਤੁਹਾਡੇ ਪਿੰਡ ਮੋਹਰੇ ਉਤਾਰ ਦਿਆਂਗੇ...।" ਉਨ੍ਹਾਂ ਚੋਂ ਦੀਸ਼ੀ ਦੇ ਮੂੰਹ 'ਚ ਤਾਂ ਜ਼ਬਾਨ ਹੀ ਨਹੀਂ ਸੀ ਰਹੀ ਗੁਰਨਾਮ ਅਜੇ ਕੁਝ ਕਹਿਣ ਲਈ ਸੋਚ ਹੀ ਰਹੀ ਸੀ ਕਿ ਪਿਛਲਾ ਫੱਟਾ ਫੜ ਕਰਦਾ ਖੁਲ੍ਹ ਗਿਆ ਤੇ ਅਗਲੇ ਪਲ ਉਹ ਤੇ ਉਨ੍ਹਾਂ ਦੇ ਸਾਈਕਲ ਟਰਕ 'ਚ ਸਨ। ਉਹ ਸਪੇਅਰ ਟਾਇਰਾਂ 'ਤੇ ਬੈਠਦਿਆਂ ਫੌਜੀ ਵੀਰਾਂ ਨਾਲ ਹੱਸ ਹੱਸ ਗੱਲਾਂ ਕਰ ਰਹੀਆਂ ਸਨ। ਸਿਖ ਸਿਪਾਹੀ ਉਨ੍ਹਾਂ ਨੂੰ ਫਰੰਟ ਦੀਆਂ ਲੜਾਈ ਦੀਆਂ, ਜਵਾਨਾਂ ਦੀ ਬਹਾਦਰੀ ਦੀਆਂ 'ਗਲਾਂ ਦਸ' ਰਿਹਾ ਸੀ ਤੇ ਦੂਜੇ ਦੋ ਮੋਨੇ ਸਿਪਾਹੀ ਚੁਪ ਚਾਪ ਮੁਸਕਾਂਦੇ ਸਿਗਰਿਟਾਂ ਪੀਂਦੇ ਸੁਣ ਰਹੇ ਸਨ। ਫੇਰ ਉਨ੍ਹਾਂ ਆਪਣਾ ਦਿਨ ਭਰ ਦਾ ਭੁਲਿਆ, ਪਰੌਠਿਆਂ-ਵਾਲਾ ਡੱਬਾ ਫੌਜੀਆਂ ਨੂੰ ਦਿਤਾ। ਉਹ ਆਚਾਰ ਨਾਲ ਬਾਸੇ ਪਰੌਠੇ ਪੂਣੀ ਬਣਾ ਕੇ ਖਾਂਦੇ ਹੋਰ ਵੀ ਖੁਸ਼ ਖੁਸ਼ ਨਜ਼ਰ ਆਉਣ ਲਗੇ। ਫੇਰ ਉਹ ਸਕੂਲ 'ਚ ਬਤਾਏ ਅਜ ਦੇ ਸ਼ਾਨਦਾਰ ਦਿਨ ਬਾਰੇ ਦਸਦੀਆਂ ਮੋਢਿਆਂ ਉਤੋਂ ਦੀ ਵਲ ਕੇ ਲੱਕ ਦੁਆਲੇ ਬੰਨ੍ਹੀਆਂ ਚੁਨੀਆਂ ਨਾਲ "ਅਸੀਂ ਹਾਂ ਭਾਰਤੀ ਇਹੋ ਪੁਕਾਰਦੇ ਚਲੇ ਚਲੋ..." ਦਾ ਮਾਰਚਿੰਗ ਗੀਤ ਸੁਣਾਉਣ ਲੱਗੀਆਂ। ਮਾਰਚਿੰਗ ਗੀਤ ਸ਼ੁਰੂ ਹੁੰਦਿਆਂ ਹੀ ਟਰਕ ਰੁਕ ਗਿਆ ਤੇ ਡਰਾਈਵਰ ਵੀ ਪਿਛਲੇ ਝਰੋਖੇ ਚੋਂ ਉਨ੍ਹਾਂ ਨੂੰ ਗਾਉਂਦੀਆਂ ਨੂੰ ਦੇਖਣ ਲਗਾ। ਐਤਕੀਂ ਉਨ੍ਹਾਂ ਗੀਤ ਹੋਰ ਵੀ ਵਧ ਜੋਸ਼ ਤੇ ਕਦਮ ਤਾਲ ਨਾਲ ਗਾਇਆ ਤੇ ਉਨ੍ਹਾਂ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਸਾਰਾ ਟਰਕ ਸਿੱਖ, ਜਾਟ, ਮਦਰਾਸੀ, ਮਰਾਠੀ ਤੇ ਡੋਗਰਿਆਂ ਨਾਲ ਭਰ ਗਿਆ ਹੋਵੇ ਤੇ ਉਹ ਟਰਕ 'ਚ ਨਾਂ ਹੋਣ ਸਗੋਂ ਫੌਜੀਆਂ ਦੇ ਬਹੁਤ ਵੱਡੇ ਜਲਸੇ 'ਚ ਗਾ ਰਹੀਆਂ ਹੋਣ ਤੇ ਉਹ ਸੈਂਕੜੇ ਹਜ਼ਾਰਾਂ ਦੀ ਗਿਣਤੀ 'ਚ ਰਾਈਫਲਾਂ ਉਲਾਰਦੇ

ਦਾਦ ਦੇ ਰਹੇ ਹੋਣ । ਜਦੋਂ ਗੀਤ ਸਮਾਪਤ ਹੋਇਆ ਤਾਂ ਉਨ੍ਹਾਂ ਦੇ ਗੋਰੇ ਨਸ਼ੋਹ ਚਿਹਰੇ ਬਹੁਤ ਹੀ ਪਿਆਰੀ ਭਾਅ 'ਚ ਦਗ ਉਠੇ ਤੇ ਉਨ੍ਹਾਂ ਮਨ ਮੁਗਧ ਬੈਠੇ ਫੌਜੀਆਂ ਨੂੰ ਅਮਲ ਤਾਸ ਦੇ ਪੀਲੇ ਫੁਲਾਂ ਦੇ ਗਛਿਆਂ ਦੇ ਢੋਏ ਚੁਪ ਚਾਪ ਹੱਥਾਂ 'ਚ ਫੜਾ ਦਿਤੇ ਤੇ ਟਰੱਕ ਰੋਕਣ ਲਈ ਕਿਹਾ । ਦੋਵੇਂ ਮੋਨੇ ਸਿਪਾਹੀਆਂ ਨੇ ਬੜੇ ਪਿਆਰ ਤੇ ਚਾਅ ਨਾਲ ਉਨ੍ਹਾਂ ਦੇ ਸਾਈਕਲ ਹੇਠਾਂ ਲਮਕਾਏ ਤੇ ਪਹਿਲੋਂ ਵਾਂਗ ਹੀ ਖਾਮੋਸ਼ ਦਗਦੀਆਂ ਅੱਖਾਂ ਨਾਲ ਉਨ੍ਹਾਂ ਨੂੰ ਦੇਖਦੇ ਰਹੇ । ਪਰ ਸਿੱਖ ਸਿਪਾਹੀ ਅਪਣਤ ਦਖਾਉਂਦਾ ਬੋਲ ਪਿਆ : "ਕੁੜੀਓ ਤੁਹਾਡਾ ਪਿੰਡ ਕਿਹੜਾ...?

"ਕਨੇਚ ਇਥੋਂ ਅੱਧ ਕੁ ਮੀਲ ਆ, ਚਲੋਗੇ..."

"ਅੱਛਾ ! "ਕਨੇਚ ਦੀਆਂ ਕੁੜੀਆਂ ?" ਯਾਦ ਰਖਾਂਗੇ, ਫਿਰ ਕਦੇ ਸਹੀ ।" ਤੇ ਟਰੱਕ ਚਲ ਪਿਆ । ਉਹ ਤਿੰਨਾਂ ਫੌਜੀਆਂ ਦੇ ਹਿਲਦੇ ਹੱਥਾਂ ਦਾ ਜਵਾਬ ਦਿੰਦੀਆਂ ਕਾਠੀਆਂ ਝਾੜਨ ਲਗੀਆਂ । ਇਨੇ ਨੂੰ ਕਿੰਨੇ ਸਾਰੇ ਛੇੜੂ ਮੁੰਡੇ ਜੋ ਸੜਕ ਦੇ ਲਾਗੇ ਲਾਗੇ ਮੱਝਾਂ ਚਰਵਾਉਂਦੇ ਸਨ, ਆ ਇਕੱਠੇ ਹੋਏ । ਜਦੋਂ ਉਹ ਸਾਈਕਲ ਘੜੀਸਦੀਆਂ ਕੱਚੇ ਰਾਹ ਪਈਆਂ ਤਾਂ ਉਹੀ ਛੇੜੂ ਮੁੰਡੇ ਖੇਤਾਂ, ਵਾਹਣਾਂ ਚੋਂ ਹੁੰਦੇ ਪਿੰਡ ਵਲ ਭਜੇ ਜਾ ਰਹੇ ਸਨ ।

ਪਿੰਡ ਦੀਆਂ ਗਲੀਆਂ ਦੀਆਂ ਪੈਦਲ ਘੁੰਮਣ-ਘੇਰੀਆਂ ਕਟਦੀਆਂ ਜਦੋਂ ਉਹ ਘਰ ਪਹੁੰਚੀਆਂ ਤਾਂ ਘਰ ਵਿਚ ਅਜੀਬ ਅਫਸੋਸ ਦਾ ਵਾਤਾਵਰਣ ਸੀ । ਉਨ੍ਹਾਂ ਦੀ "ਚਾਚੀ" ਬੋਲਦੀ ਬੁੜ-ਬੜਾਂਦੀ ਅੰਦਰ ਬਾਹਰ ਆ ਜਾ ਰਹੀ ਸੀ ਤੇ ਦੀਸ਼ੀ ਦਾ ਬਾਪੂ, ਜਿਹਨੇ ਲੂਣ ਦੇ ਸਤਿਆਗ੍ਰਹਿ ਵੇਲੇ 500 ਰੁਪੈ ਨੂੰ ਲੂਣ ਦੀ ਪੁੜੀ ਖਰੀਦੀ ਸੀ ਤੇ ਦੇਸ ਦੀ ਆਜ਼ਾਦੀ ਖਾਤਰ ਤਿੰਨ ਮਹੀਨੇ ਦੀ ਟੁਟਵੀਂ ਕੈਦ ਵੀ ਕੱਟੀ ਸੀ, ਨਿਮੋਸ਼ੀ ਦੀ ਹਾਲਤ 'ਚ ਸਿਰ ਝੁਕਾਈ ਬੈਠਾ ਸੀ ।

ਉਨ੍ਹਾਂ ਸਾਈਕਲ ਖੜੇ ਕੀਤੇ । ਸਭ ਕੁਝ ਸਮਝ ਮੁਸੀਬਤ ਦਾ ਮੁਕਾਬਲਾ ਕਰਨ ਲਈ ਸਾਹਮਣੇ ਨੀਵੀਂ ਮੰਜੀ 'ਤੇ ਬੈਠ ਗਈਆਂ । ਉਨ੍ਹਾਂ ਦੀ ਲੰਘਦੀ ਵੜਦੀ ਚਾਚੀ,ਪੜ੍ਹਾਈ ਤੇ ਕੁੜੀਆਂ ਦੀ ਆਜ਼ਾਦੀ ਨੂੰ ਕੋਸਦੀ ਵਾਰ ਵਾਰ ਉਬਲਦੀ ਤੌੜੀ 'ਚ ਕੜਛੀ ਫੇਰ ਰਹੀ ਸੀ । ਗੁਰਨਾਮ ਦੇ ਦਿਲ 'ਚ ਰਹਿ ਰਹਿ ਕੇ ਲੂਹਰੀਆਂ ਉਠ ਰਹੀਆਂ ਸਨ ਕਿ ਮਾਸੀ ਤੇ ਮਾਸੜ ਨੂੰ ਦੇਸ ਬਾਰੇ, ਸਰਹੱਦੀ ਲੜਾਈ ਬਾਰੇ ਤੇ ਫੌਜੀਆਂ ਦੀਆਂ ਕੁਰਬਾਨੀ ਬਾਰੇ ਹੈਡਮਾਸਟਰ ਨਾਲੋਂ ਵੀ ਵੱਧ ਜੋਸ਼ੀਲਾ ਤੇ ਲੰਮਾ ਚੌੜਾ ਲੈਕਚਰ ਦੇਵੇ ਤੇ ਆਪਣਾ ਸੀਨਾ ਚੀਰ ਕੇ ਦਖਾ ਦੇਵੇ ! ਪਰ ਉਨ੍ਹਾਂ ਚੋਂ ਕੋਈ ਵੀ "ਚਾਚੀ" ਦੀਆਂ ਝਿੜਕਾਂ ਸਾਹ-ਮਣੇ ਜ਼ਬਾਨ ਖੋਲਣ ਦੀ ਹਿੰਮਤ ਨਾਂ ਕਰ ਸਕੀ ।

ਰਾਤ ਨੂੰ ਉਹ ਆਪਣੇ ਆਪਣੇ ਸਰ੍ਹਾਹਣਿਆਂ 'ਚ ਮੂੰਹ ਦੇਈ ਸੇਜਲ ਅੱਖਾਂ ਤੇ ਭਰੇ ਦਿਲਾਂ ਨਾਲ ਲੇਟੀਆਂ ਸੋਚ ਰਹੀਆਂ ਸਨ ਕਿ ਅਜ ਸਾਰੇ ਦਿਨ ਦੀਆਂ ਐਨੀਆਂ ਦਿਲਚਸਪ ਗੱਲਾਂ 'ਚੋਂ ਉਨ੍ਹਾਂ ਤੋਂ ਕਿਹੜੀ ਮਾੜੀ ਗੱਲ ਹੋ ਗਈ ?

— o —

ਜੇ ਕੋਈ ਕਲਾਕ੍ਰਿਤੀ ਕੇਵਲ ਚਿਤਰਣ ਲਈ ਹੀ ਜੀਵਨ ਦਾ ਚਿਤਰਣ ਕਰਦੀ ਹੈ, ਜੇ ਉਸ ਵਿੱਚ ਉਹ ਆਤਮਗਤ ਸ਼ਕਤੀਸ਼ਾਲੀ ਪਰੇਰਣਾ ਨਹੀਂ ਹੈ ਜੋ ਯੁਗ ਵਿਚ ਵਿਆਪਤ ਭਾਵਨਾ ਨਾਲ ਇਕ-ਸੁਰ ਹੁੰਦੀ ਹੈ, ਜੇ ਉਹ ਪੀੜਤ ਹਿਰਦੇ 'ਚੋਂ ਨਿਕਲੀ ਆਹ ਜਾਂ ਸੁਭਾਵਕ ਫੁਟਿਆ ਗੀਤ ਨਹੀਂ, ਜੇ ਇਹ ਕੋਈ ਸਵਾਲ ਜਾਂ ਕਿਸੇ ਸਵਾਲ ਦਾ ਜਵਾਬ ਨਹੀਂ ਤਾਂ ਇਹ ਨਿਰਾਰਥਕ ਹੈ ।

—ਬੇਲਿੰਸਕੀ

# ਭੂਆ ਦੀ ਗੁਆਂਢ

● ਸਰਜੀਤ ਹਾਂਸ

ਦਿਲਾਵਰ ਛੁੱਟੀਆਂ ਕੱਟਣ ਲਈ ਭੂਆ ਦੇ ਪਿੰਡ ਚਲਾ ਗਿਆ ਸੀ। ਭੂਆ ਦੇ ਵਿਹੜੇ ਵਿਚ ਕੋਈ ਹੋਰ ਘਰ ਵੀ ਵਸਦਾ ਸੀ। ਦਿਲਾਵਰ ਨੂੰ ਇਕ ਦੋ ਦਿਨਾਂ ਵਿਚ ਹੀ ਪ੍ਰਭਾਵ ਹੋ ਗਿਆ ਕਿ ਜਦ ਗੁਆਂ-ਢੀਆਂ ਦੀ ਸੁਹਣੀ ਧੀ ਸਕੂਲ ਚਲੀ ਜਾਂਦੀ ਹੈ ਤਾਂ ਗੋਰੇ ਰੰਗ ਦੀ ਗੁਆਂਢੀ ਭੂਆ ਜਿੰਦੇ ਕੁੰਡੇ ਲਾਕੇ ਬਹੁਤਾ ਚਿਰ ਬਾਹਰ ਹੀ ਲਾਉਂਦੀ ਹੈ ਅਤੇ ਮੋਟੀਆਂ ਅੱਖਾਂ ਵਾਲਾ ਛੋਟਾ ਮੁੰਡਾ ਮਦਰਸੇ ਨੂੰ ਤੋਰਿਆ ਹੁੰਦਾ ਹੈ।

(2)

ਦੁਨੀਆਂ ਦੀ ਅੱਧੀ ਗੱਲ ਤਾਂ ਪਰਤੱਖ ਨਜ਼ਰ ਆ ਜਾਂਦੀ ਹੈ ਪਰ ਬਾਕੀ ਅੱਧੀ ਬੁੜ੍ਹੀਆਂ ਬਹੂਆਂ ਦੀ ਜ਼ਬਾਨੀ ਹੀ ਪ੍ਰਗਟ ਹੁੰਦੀ ਹੈ। ਭੂਆ ਨੇ ਦਿਲਾਵਰ ਨੂੰ ਦੱਸਿਆ ਕਿ ਗੁਆਂਢੀ ਫੁਫੜ ਦੀ ਮਾਂ ਨਿਕਿਆਂ ਹੁੰਦਿਆਂ ਹੀ ਮਰ ਗਈ ਸੀ ਅਤੇ ਮਰਨ ਲੱਗਿਆਂ ਉਸਦੀ ਬਾਂਹ ਮੇਰੀ ਭੂਆ ਦੀ ਸੱਸ ਨੂੰ ਫੜਾ ਗਈ ਸੀ। ਮਾਂ ਜੀ ਨੇ ਹੀ ਇਹਨੂੰ ਪਾਲਿਆ ਸੀ। ਉਹ ਬਥੇਰੀਆਂ ਗਾਹਲਾਂ ਕੱਢਦੇ ਪਰ ਇਹ ਨਾ ਪੜ੍ਹਿਆ, ਸਗੋਂ ਪਿੰਡ ਦੇ ਲਾਗੀਆਂ ਜੋਗੀਆਂ ਨਾਲ ਉਠਦਾ ਬਹਿੰਦਾ ਚੋਰੀਆਂ ਕਰਨ ਲੱਗ ਗਿਆ ਸੀ। ਮਾਂ ਜੀ ਨੇ ਹੀ ਗੁਆਂਢੀ ਫੁਫੜ ਦਾ ਵਿਆਹ ਕੀਤਾ ਸੀ। ਭੂਆ ਕਹਿੰਦੀ ਸੀ, "ਪਰ ਇਹ ਰਕਾਨ, ਆਉਂਦੀ ਹੀ ਸ਼ਰੀਕਨ ਬਣ ਗਈ।" ਉਹ ਇਹ ਵੀ ਕਹਿੰਦੀ ਸੀ ਕਿ ਇਸ ਦੀਆਂ ਖੋਟੀਆਂ ਆਦਤਾਂ ਹਨ। ਸਾਰੇ ਪਿੰਡ ਦੇ ਕੌਲੇ ਕੱਛਦੀ ਰਹਿੰਦੀ ਹੈ। ਖ਼ਬਰੇ, ਕੀ ਸੁਆਹ ਤੇ ਖੇਹ ਕਰਦੀ ਹੈ।

(3)

ਦਿਲਾਵਰ ਨੂੰ ਉਸਦੇ ਆਉਣ ਵਾਲੇ ਦਿਨ ਦਾ ਦ੍ਰਿਸ਼ ਯਾਦ ਸੀ। ਜਦ ਉਹ ਪਰਾਹੁਣਿਆਂ ਵਾਂਗੂ ਆਇਆ ਸੀ ਤਾਂ ਭੂਆ ਦਾ ਦਰ-ਵਾਜ਼ਾ ਬੰਦ ਸੀ। ਗੁਆਂਢੀ ਭੂਆ ਨੇ ਦਿਲਾਵਰ ਨੂੰ ਬੜੇ ਆਦਰ ਨਾਲ

ਆਪਣੇ ਘਰ ਰੰਗ ਬਰੰਗੀ ਪੀੜ੍ਹੀ 'ਤੇ ਬਿਠਾਇਆ ਸੀ। ਕਈ ਗੁਆਂਢ ਤਾਂ ਇੰਨਾ ਕਹਿਕੇ ਸਾਰ ਦਿੰਦੇ ਹਨ,"ਉਹ ਤਾਂ ਵੀਰਾ ਬਾਹਰ ਨੂੰ ਗਏ ਨੇ"। ਪਰ ਗੁਆਂਢੀ ਭੂਆ ਤਾਂ ਦਿਲਾਵਰ ਦੇ ਸਾਰੇ ਖਾਨਦਾਨ ਨੂੰ ਅਪਣਿਆਂ ਵਾਂਗੂੰ ਜਾਣਦੀ ਸੁੱਖ ਸਾਂਦ ਪੁੱਛਦੀ ਸੀ। ਇੰਨੇ ਨੂੰ ਭੂਆ ਰਾਸ਼ਨ ਕਾਰਡ ਦੀ ਖੰਡ ਲੈ ਕੇ ਆ ਗਈ ਤਾਂ ਗੁਆਂਢੀ ਭੂਆ ਕਹਿੰਦੀ ਸੀ, "ਲੈ ਵੀਰਾ, ਤੇਰੀ ਭੂਆ ਆ ਗਈ। ਮੈਂ ਪਾਲੀ ਨੂੰ ਵੇਖ ਆਵਾਂ ਸਕੂਲ ਪਹੁੰਚਿਆ ਕਿ ਰਾਹਾਂ ਵਿਚ ਹੀ ਰਹਿ ਗਿਆ ?"

(4)

ਭੂਆ ਆਈ ਤਾਂ ਦਿਲਾਵਰ ਨੇ ਉਸ ਨੂੰ ਚਾਉ ਦੇ ਖੜਾਕ ਨਾਲ ਮੱਥਾ ਟੇਕਿਆ। ਭੂਆ ਸਿਰ ਪਲੋਸਕੇ ਦੁੱਧ ਦੇ ਪਤੀਲੇ ਥੱਲੇ ਅੱਗ ਬਾਲਣ ਲੱਗ ਗਈ।

ਦਿਲਾਵਰ ਕਹਿੰਦਾ, "ਮੈਂ ਤਾਂ ਚਾਹ ਪੀ ਲਈ।"

ਭੂਆ ਹੈਰਾਨੀ ਨਾਲ ਕਹਿੰਦੀ ਸੀ, "ਪਿੰਡੋਂ ਹੀ ਪੀ ਕੇ ਆਇਆ ਹੋਵੇਂਗਾ।"

"ਨਹੀਂ ਗੁਆਂਢੀ ਭੂਆ ਨੇ ਕਰ ਦਿੱਤੀ ਸੀ।"

"ਹੈ ਕਮਲਾ ਨਾ ਹੋਵੇ, ਇਹ ਭੂਆ ਦੀ ਚਾਹ ਨੇ ਮੇਰੇ ਘਰ ਦਾ ਦੁਧ ਬਰਾਬਰ ਕਰ ਦੇਣਾ।" ਮੈਂ ਦੁਧ ਪੀਂਦਾ ਹੀ ਸੀ ਕਿ ਭੂਆ ਵਿਹੜੇ 'ਚ ਚੱਕਰ ਮਾਰ ਕੇ ਆ ਗਈ। ਉਹ ਆਉਂਦੀ ਹੀ ਕਹਿੰਦੀ ਸੀ, "ਬੱਸ ਦੌਰੇ ਤੇ ਚਲੀ ਗਈ। ਸਾਰੀ ਉਮਰ ਦਾ ਇਹੀ ਹਾਲ ਰਿਹਾ। ਤਰਖਾਣ ਭੌਂਕ ਰਈ ਹੋਣੀ ਹੈ। ਇਹਦਾ ਖਸਮ ਵੀ ਪੂਰਾ ਠੇਠਰ ਹੈ, ਉਹ ਤਰਖਾਣਾਂ ਦੇ ਘਰ ਰਹਿੰਦਾ ਹੈ, ਤਰਖਾਣ ਇਹਨਾਂ ਦੇ। ਮੁੰਡੇ ਕੁੜੀਆਂ ਨੇ ਸੁਆਹ ਪੜ੍ਹਣਾ ਹੈ। ਉਹ ਇਹਦੇ ਵਾਂਗੂੰ ਸਾਰਾ ਦਿਨ ਰਾਹ ਨੀਂਵੇਂ ਕਰਦੇ ਫਿਰਦੇ ਹਨ। ਭੂਆ ਇਕ ਦਮ ਆਵਾਜ਼ ਬਦਲਕੇ ਕਹਿੰਦੀ,

"ਮੁੰਡੇ ਦਾ ਅਫਸੋਸ ਕਰ ਦਿੱਤਾ ?"

"ਮੈਨੂੰ ਕੀ ਪਤਾ, ਕਿਹੜਾ ਮੁੰਡਾ ?"

"ਆਹੋ, ਕਰ ਦੇਵੀਂ। ਪੰਦਰਾਂ ਦਿਨਾਂ ਦਾ ਹੋ ਕੇ ਮੁੰਡਾ ਮਰ ਗਿਆ। ਕਾਕਾ, ਧਾਗੇ ਤਬੀਤਾਂ ਦੇ ਮੁੰਡੇ ਬਚਦੇ ਨਹੀਂ ਹੁੰਦੇ। ਇਹ ਬਿੱਜੂ ਵੀ ਤਿੰਨ ਕੁੜੀਆਂ ਪਿੱਛੋਂ ਧਾਗਾ ਕਰਵਾਕੇ ਹੋਇਆ ਸੀ। ਤਾਂ ਹੀ ਇਸਦਾ ਦਿਮਾਗ ਠੀਕ ਨਹੀਂ।"

(5)

ਗੁਆਂਢੀ ਭੂਆ ਦਾ ਰੰਗ ਗੋਰਾ ਸ਼ੋਖ ਸੀ। ਜਿਸਮ ਦਾ ਜਿਹੜਾ ਹਿੱਸਾ ਵੀ ਨਜ਼ਰ ਆਉਂਦਾ ਟਮਾਟਰ ਵਾਂਗੂੰ ਆਬ ਦਿੰਦਾ ਸੀ। ਉਸ ਦੇ ਵਾਲ ਭਾਰੇ ਪਰ ਅੱਖਾਂ ਜ਼ਰਾ ਕੁ ਅੰਦਰ ਨੂੰ ਧੱਸੀਆਂ ਹੋਈਆਂ ਸਨ। ਗੁਆਂਢੀ ਭੂਆ ਦੀ ਤੀਹ ਪੈਂਤੀ ਸਾਲ ਦੀ ਉਮਰ ਹੋਣੀ ਹੈ। ਸਾਰੀਆਂ ਔਰਤਾਂ ਵਾਂਗੂੰ ਉਸਦੀ ਅਣਸਾਂਭੀ ਹਿੱਕ ਅਤੇ ਡੌਲਿਆਂ ਦਾ ਜ਼ਰਾ ਕੁ ਢਿਲਾ ਮਾਸ ਉਸਦੀ ਉਮਰ ਦੇ ਇਸ਼ਾਰੇ ਸਨ ਜਿਹੜੇ ਹਰ ਇੱਕ ਦੀ ਨਜ਼ਰ ਨਹੀਂ ਪੈਂਦੇ ਸੀ। ਵੇਖਣ ਵਾਲੇ ਨੂੰ ਹੈਰਾਨੀ ਨਾਲ ਚਾਓ ਚੜ੍ਹ ਜਾਂਦਾ ਕਿ ਸਾਡੀਆਂ ਔਰਤਾਂ ਦਾ ਵੀ ਇੰਨਾਂ ਸੁਹਣਾ ਰੰਗ ਹੁੰਦਾ ਹੈ। ਗੁਆਂਢੀ ਭੂਆ ਅਜ ਕਲ ਵੀ ਕਈਆਂ ਦੇ ਮਨਾਂ ਨੂੰ ਚਲਾਏਮਾਨ ਕਰ ਦਿੰਦੀ ਸੀ ਅਤੇ ਭੂਆ ਦੇ ਹਾਣੀਆਂ ਦੀ ਬੇਈਮਾਨੀ ਤਾਂ ਪੱਕੀ ਗੱਲ ਸੀ। ਗੁਆਂਢੀ ਭੂਆ ਆਈ ਤਾਂ ਦਿਲਾਵਰ ਨੇ ਪਹਿਲਾ ਕੰਮ ਅਫਸੋਸ ਕਰਨ ਦਾ ਹੀ ਕੀਤਾ। ਉਹ ਕਹਿੰਦੀ ਸੀ, "ਹਾਂ, ਵੀਰਾ ਕੀ ਕਰਨਾ ਸੀ। ਕੁੜੀਆਂ ਜਵਾਨ ਹੋ ਚੱਲੀਆਂ ਨੇ, ਮੁੰਡੇ ਚਾਰ ਸਾਲਾਂ ਨੂੰ ਉੱਠ ਖੜਨਗੇ। ਮੈਨੂੰ ਤਾਂ ਕੋਈ ਲੋੜ ਨਹੀਂ ਸੀ। ਪਰ ਪਰਮਾਤਮਾ ਨੇ ਘੱਲ ਦਿੱਤਾ।

ਮੈਂ ਸ਼ਰਮ ਦੀ ਮਾਰੀ ਕਿਸੇ ਕੋਲ ਕਹਿੰਦੀ ਸੁਣਦੀ ਵੀ ਨਹੀਂ ਸੀ ਕਿ ਲੋਕੀ ਕੀ ਕਹਿਣਗੇ। ਮਗਰੋਂ ਇੱਨਾਂ ਦੁੱਖ ਝੱਲਿਆ। ਪਤਾ ਨਹੀਂ, ਰਾਤ ਨੂੰ ਕੀ ਹੋ ਗਿਆ। ਹਾਉਕਾ ਲੈ ਕੇ ਕੱਠਾ ਹੋ ਜਾਵੇ ਤਾਂ ਸਾਰਾ ਮੰਜਾ ਹਿੱਲੇ। ਬੱਸ, ਦਿਨ ਚੜ੍ਹਦੇ ਨੂੰ ਹੈ ਨਹੀਂ ਸੀ। ਇਸੇ ਧੁਣਖੋ ਨੇ ਲੈ ਲਿਆ। ਹੇ ਪਰਮਾ-ਤਮਾ! ਜੇ ਉਹਦੀ ਉਮਰ ਨਹੀਂ ਸੀ ਤਾਂ ਇਨਾ ਕਸ਼ਟ ਕਾਹਨੂੰ ਦੇਣਾ ਸੀ?" ਗੁਆਂਢੀ ਭੂਆ ਦੀਆਂ ਅੱਖਾਂ ਅਥਰੂਆਂ ਨਾਲ ਭਰ ਗਈਆਂ ਅਤੇ ਉਹਨੇ ਨੱਕ ਸੁਣਕ ਕੰਧ ਤੇ ਮਾਰਿਆ। ਕੁੱਝ ਦੇਰ ਦੀ ਚੁੱਪ ਹੋ ਗਈ। ਦਿਲਾਵਰ ਨੇ ਇੱਨੇ 'ਚ ਹਿਸਾਬ ਲਾ ਲਿਆ ਕਿ ਮੁੰਡਾ ਕੁੜੀ ਕਿਸੇ ਪਾਸੇ ਗਏ ਹੋਏ ਹਨ। ਉਹ ਆਪਣੇ ਅੰਦਾਜ਼ੇ ਦਾ ਦਾਓ ਲਾ ਕੇ ਕਹਿੰਦਾ, "ਛੋਟਾ ਸਾਹਿਬਜ਼ਾਦਾ ਕਿੱਥੇ ਹੈ?"

"ਛੋਟਾ? ਭੀਰ! ਉਹ ਨਾਨਕੀਂ ਵਾੜਿਆ। ਉੱਥੇ ਲਵੇਰਾ ਹੈ। ਉਹਨਾਂ ਕੋਲ ਕੋਈ ਨਿੱਕਾ ਨਿਆਣਾ ਸੰਭਾਲਣ ਨੂੰ ਨਹੀਂ। ਇਸ ਕਰਕੇ ਉਹਨਾਂ ਕੋਲ ਛੱਡਿਆ ਹੋਇਆ" ਫੇਰ ਗੁਆਂਢੀ ਭੂਆ ਸੱਚ ਮੁੱਚ ਦੇ ਮਖੌਲ ਨਾਲ ਹੱਸਕੇ ਕਹਿੰਦੀ, "ਚੰਗਾ, ਦਾਦੇ ਆਉਣਾ ਆਟਾ ਕਿਧਰੇ ਲੱਭਦਾ! ਛੋਟੀ ਮਾਸੀ ਦੇ ਵਾੜੀ ਹੋਈ ਹੈ।" ਦਿਲਾਵਰ ਆਪਣੇ ਆਪ ਨੂੰ ਉਹਨਾਂ ਦਾ ਚਿਰਾਂ ਤੋਂ ਜਾਣੂ ਜ਼ਾਹਰ ਕਰਨਾ ਚਾਹੁੰਦਾ ਸੀ। ਉਹ ਨੀਤੀ ਖੇਡਦਾ ਸੋਚ ਗਿਆ ਕਿ ਵੱਡੀ ਧੀ ਦਾ ਨਾਂ ਵੀ ਵੱਡੇ ਮੁੰਡੇ ਵਾਲਾ ਹੀ ਹੋਣਾ ਹੈ। ਉਹ ਕਹਿੰਦਾ,

"ਪਾਲੀ ਤਾਂ ਪੜ੍ਹਨ ਨੂੰ ਚੰਗੀ ਹੋਣੀ ਹੈ?"

"ਪਾਲੀ ਤਾਂ ਦਰਮਿਆਨੀ ਜਹੀ ਹੈ, ਪਰ ਸਾਲ ਦੀ ਸਾਲ ਪਾਸ ਹੋ ਜਾਂਦੀ ਹੈ। ਛੋਟੀ, ਜੀਤੀ ਬਥੇਰੀ ਹੋਸ਼ਿਆਰ ਹੈ। ਪਹਿਲੇ ਦੂਜੇ ਨੰਬਰ 'ਤੇ ਰਹਿੰਦੀ ਹੈ। ਪਰ ਮੁੰਡਿਆਂ ਦਾ ਪਤਾ ਨਹੀਂ ਕੀ ਬਣੂਗਾ! ਪਾਲੀ ਸਕੂਲ ਨਹੀਂ ਵੜਦਾ। ਕਦੇ ਸੜਕ ਤੇ ਫਿਰਦਾ ਹੁੰਦਾ, ਕਦੇ ਨਹਿਰ ਦੇ ਪੁਲ 'ਤੇ ਬੈਠਾ ਰਹਿੰਦਾ ਸਵੇਰ ਤੋਂ ਲੈਕੇ ਸ਼ਾਮ ਤਾਈਂ ਇਹਨੂੰ ਲੱਭਣ ਦਾ ਕੰਮ ਹੀ ਨਹੀਂ ਮੁੱਕਦਾ।"

"ਮਾਸਟਰ ਨੂੰ ਕਹਿਣਾ ਸੀ ਕਿ ਇਹਦਾ ਖਿਆਲ ਰੱਖਿਆ ਕਰੇ।"

ਮਾਸਟਰਨੀਆਂ ਸਕੂਲ ਵਿਚ। ਉਹਨਾਂ ਤੋਂ ਇਹ ਡਰਦਾ! ਛੋਟੇ ਦਾ ਵੀ ਇਹੀ ਹਾਲ ਹੈ। ਕੱਲ ਬਿਹਾਲੇ ਨੂੰ ਗਈ ਸੀ। ਮਹੀਆਂ ਚਾਰਨ ਲਾਇਆ। ਉੱਥੇ ਝੋਟੀ ਪਲਦੀ ਹੈ; ਸ਼ਾਇਦ ਰਕਮ ਬਣ ਜਾਏ। ਪਤਾ ਨਹੀਂ ਸਾਰਾ ਦਿਨ ਕਿੱਥੇ ਕਿੱਥੇ ਫਿਰਦਾ? ਮੈਨੂੰ ਕਹਿੰਦਾ ਸੀ ਕਿ ਬੇਬੇ ਮੈਂ ਭੱਜ ਭੱਜਕੇ ਹਰਨੀ ਫੜ ਲਈ ਸੀ ਪਰ ਪੂਛ ਛੁੜਾ ਗਈ। ਸਭ ਜੀਆ ਜੰਤ ਖਿੰਡਿਆ ਪਿਆ ਹੈ, ਕੋਈ ਪਸ਼ੂ ਕਿਤੇ ਹੈ ਕੋਈ ਕਿਤੇ। ਨਿਆਣੇ ਕਿਤੇ ਹਨ" ਟੋਕਰੀ ਥੱਲੇ ਕੁਕੜੀ ਦੇ ਬੱਚੇ ਚੂੰ ਚੂੰ ਕਰਦੇ ਸਨ। ਗੁਆਂਢੀ ਭੂਆ ਕਹਿੰਦੀ, "ਉਠ ਉਏ ਮਨਾਂ, ਇਹਨਾਂ ਨੂੰ ਵੀ ਦਾਣਾ ਪਾਣੀ ਪਾ।"

ਗੁਆਂਢੀ ਭੂਆ ਟੋਕਰਾ ਚੱਕ ਕੇ ਦਾਣਾ ਪਾਣੀ ਪਾਉਂਦੀ ਸੀ ਕਿ ਦਿਲਾਵਰ ਕਹਿੰਦਾ,

"ਫੁਫੜ ਜੀ ਕਿੱਥੇ ਹਨ?"

"ਉਹ ਡੀਟੀ ਤੇ। ਫਗਵਾੜੇ ਮਿੱਲ 'ਚ ਨੌਕਰੀ ਕਰਦੇ ਹਨ। ਰਾਤ ਨੂੰ ਆਪਣੇ ਸੌਹਰੀਂ ਬਿਹਾਲੇ ਆ ਜਾਂਦੇ ਹਨ। ਭੀਰ ਤਾਂ ਸ਼ਾਇਦ ਤ੍ਰੇਹਨਾਂ ਦੇ ਡਰ ਨਾਲ ਉੱਥੇ ਪੜ੍ਹ ਜਾਵੇ"।

(6)

ਪਾਲੋ ਦਾ ਰੰਗ ਮਾਂ ਵਰਗਾ ਗੋਰਾ ਸ਼ੇਖ, ਵਾਲ ਭਰਵੇਂ, ਅਤੇ ਅੱਖਾਂ ਪਿਓ ਤੇ ਗਈਆਂ ਹੋਣ ਕਰਕੇ ਚਰਾਗਾਂ ਵਾਂਗੂ ਚਮਕਦੀਆਂ ਸਨ। ਦਿਲਾਵਰ ਉਸ ਨੂੰ ਸਵਾਲ ਕੱਢਵਾਉਣ ਲੱਗ ਗਿਆ। ਉਹ ਬਹਾਨੇ ਸਿਰ ਪਾਲੋ ਦੇ ਚਪੇੜ ਮਾਰਨ ਲੱਗਾ। ਦਿਲਾਵਰ ਨੇ ਚਪੇੜ ਵੱਟੀ ਤਾਂ ਜ਼ਿਆਦਾ ਪਰ

ਗੱਲ੍ਹ ਦੇ ਨੇੜੇ ਲਿਆ ਇੰਨੀ ਕੁ ਪੋਲੀ ਜਹੀ ਚਪੇੜ ਮਾਰੀ ਜਿੰਨੇ ਕੁ ਨਾਲ ਰੂਹ ਸੁਰਗਾਂ ਦੇ ਬਦਲਾਂ ਵਿਚਦੀ ਲੰਘ ਜਾਂਦੀ ਹੈ। ਦਿਲਾਵਰ ਨੂੰ ਸਾਰਾ ਦਿਨ ਚਪੇੜ ਦਾ ਸੁਆਦ ਆਉਂਦਾ ਰਿਹਾ। ਇੱਕ ਦਿਨ ਮੌਕਾ ਲੱਗਣ ਤੇ ਦਿਲਾਵਰ ਉਸਦੀ ਲੰਬੀ ਗਰਦਨ ਨੂੰ ਫੜਕੇ ਕਹਿੰਦਾ,

"ਗਲ ਘੁੱਟ ਦਿਆਂ ?"

"ਘੁੱਟ ਦਿਉ"

ਦਿਲਾਵਰ ਨੇ ਪਾਲੋ ਦੀ ਗਰਦਨ ਤੇ ਦੋਵੇਂ ਗੂਠੇ ਰੱਖਕੇ ਬੜੀ ਸੁਲਾਹ ਨਾਲ ਦਾਬ ਪਾ ਦਿੱਤੀ। ਪਾਲੋ ਦਾ ਸਾਹ ਰੁਕ ਗਿਆ ਲੱਗਦਾ ਸੀ, ਉਸ ਦੀਆਂ ਅੱਖਾਂ ਹੋਰ ਵੀ ਮੋਟੀਆਂ ਹੋ ਗਈਆਂ। ਇਸ ਸਮੇਂ ਪਾਲੋ ਦਿਲਾਵਰ ਨੂੰ ਹੋਰ ਵੀ ਸੁਹਣੀ ਲੱਗਦੀ ਸੀ ਅਤੇ ਪਾਲੀ ਕੋਲੋਂ ਪਰੀਆਂ ਵਾਲੀ ਅਲੌਕਿਕ ਭੋ ਆਉਂਦੀ ਸੀ। ਰੱਬ ਨੇ ਰੰਗ ਲਾਏ ਹੋਏ ਸੀ, ਸਬੱਬ ਨਾਲ ਦਿਲਾਵਰ ਨੂੰ ਮੌਕੇ ਦਾ ਘਾਟਾ ਨਹੀਂ ਸੀ। ਦਿਲਾਵਰ ਪਾਲੀ ਦੀ ਮਿਣਤੀ ਕਰਦਾ ਸੀ। ਮੌਰਾਂ ਤੋਂ ਲੱਕ ਤੱਕ ਦੋ ਗਿੱਠਾਂ ਕਰਕੇ, ਦਿਲਾਵਰ ਨੇ ਉਹਦੇ ਲੱਕ ਨੂੰ ਮੁੱਠੀ ਵਿਚ ਲੈ ਲਿਆ। ਬੋਲੀਆਂ ਤਾਂ ਸਾਰੀ ਦੁਨੀਆਂ ਹੀ ਸੁਣਦੀ ਹੈ ਪਰ ਦਿਲਾਵਰ ਨੂੰ "ਲੱਕ ਤੇਰਾ ਪਤਲਾ ਜਿਹਾ" ਦੀ ਹੁਣ ਸਮਝ ਆ ਗਈ। ਦਿਲਾਵਰ ਤੇ ਪਾਲੀ ਦੇ ਦਿਲਾਂ ਵਿਚ ਦੀ ਰਾਹ ਵਗਦਾ ਸੀ। ਉਹ ਇੱਕ ਦੂਜੇ ਦੇ ਸਾਹਵੇਂ ਬੈਠੇ ਜਾਂ ਪਿੱਠ ਪਿੱਛੇ ਸੋਚਾਂ ਰਾਹੀਂ ਆਪਣੇ ਸਰੀਰਾਂ ਵਿਚ ਭਾਵ ਦੀ ਲੀਹ ਪਾਈ ਜਾਂਦੇ ਸਨ। ਰੱਬ ਦਾ ਹੀ ਸੱਬਬ ਹੁੰਦਾ, ਉਹਨਾਂ ਨੂੰ ਬੱਸ ਅਵਸਰ ਦੀ ਉਡੀਕ ਸੀ।

## (7)

ਦਿਲਾਵਰ ਨੂੰ ਗੁਆਂਢੀਆਂ ਦੀ ਮਾੜੀ ਹਾਲਤ ਦਾ ਪਤਾ ਸੀ ਪਰ ਕਿਸੇ ਨੂੰ ਦੂਸਰੇ ਦੀ ਗਰੀਬੀ ਦਾ ਸਹੀ ਅੰਦਾਜ਼ਾ ਨਹੀਂ ਹੁੰਦਾ ਕਿ ਲੋੜ ਕਿੱਥੇ ਕਿੱਥੇ ਬਿਪਤਾ ਦਾ ਰੂਪ ਧਾਰੀ ਰੱਖਦੀ ਹੈ। ਰਾਤੀਂ ਭੂਆ ਕਹਿੰਦੀ ਸੀ,

"ਇਹ ਵਿਚਾਰੇ ਔਖੇ ਹੀ ਨੇ। ਇਹ ਫੁਫੜ ਮਿੱਲ ਵਿਚ ਅੱਸੀ ਰੁਪੈ ਮਹੀਨੇ ਦੀ ਨੌਕਰੀ ਕਰਦਾ। ਅੱਸੀਆਂ ਰੁਪਿਆਂ ਨਾਲ ਤਾਂ ਕੁਝ ਵੀ ਨਹੀਂ ਆਉਂਦਾ। ਇਹ ਭੂਆ ਸਾਰਿਆ ਦਾ ਕੰਮ ਕਰਦੀ ਫਿਰਦੀ ਹੈ ਕਿ ਕਿਸੇ ਪਾਸਿਉਂ ਤਾਂ ਡੰਗ ਤੁਰਦਾ ਹੋਵੇ। ਧੰਨ ਹੈ ਜਿਹੜੀ ਇੰਨੀ ਰਕਮ ਨਾਲ ਗੁਜ਼ਰਾ ਕਰਦੀ ਹੈ। ਘਰਵਾਲੇ ਵਿਚਾਰੇ ਕੋਲ ਇੱਕ ਹੀ ਕੁੜਤਾ ਪ ਜਾਮਾ। ਸ਼ਨਿਚਰਵਾਰ ਸ਼ਾਮ ਨੂੰ ਆਉਂਦਾ। ਉਹ ਰਾਤ ਨੂੰ ਧੁਆਕੇ ਐਤਵਾਰ ਤਰਕਾਲਾਂ ਨੂੰ ਮੁੜ ਜਾਂਦਾ। ਵਾਹਗੁਰੂ ਚੰਗਾ ਕਰੇ, ਉਂਝ ਮਾੜੇ ਦੀ ਕੋਈ ਜੂਨ ਨਹੀਂ !"

"ਭੂਆ ਇਹਨਾਂ ਦੀ ਜ਼ਮੀਨ ਨਹੀਂ ?" ਦਿਲਾਵਰ ਨੇ ਪੁਛਿਆ।

"ਸੀ, ਆਪਣੇ ਨਾਲੋਂ ਜ਼ਿਆਦਾ ਸੀ। ਇਹਨਾਂ ਦਾ ਪੜਦਾਦਾ ਇਕੋ ਸੀ। ਇਹ ਤਾਂ ਕੱਲੇ ਕੱਲੇ ਪੁੱਤ ਹੀ ਹੁੰਦੇ ਆਏ ਨੇ। ਜੈ ਖਾਣਾ, ਕੀ ਕਹਿੰਦੇ ਨੇ, ਇਹਨੇ ਉੱਥੇ ਜਾਕੇ ਭੱਠਾ ਲਾ ਲਿਆ। ਕਹਿੰਦੇ ਸੀ ਜੂਪੀ 'ਚ ਜ਼ਮੀਨ ਲਵਾਂਗੇ। ਭੱਠੇ 'ਚ ਘਾਟਾ ਪੈ ਗਿਆ। ਹੁਣ ਤਾਂ ਜ਼ਮੀਨ ਵੀ ਗਹਿਣੇ ਤੋਂ ਬੈਇ ਧਰੀ ਜਾਂਦੀ ਨੇ।"

"ਭੂਆ, ਇਹਨਾਂ ਦੇ ਚੀਜ਼ਾਂ ਬੜੀਆਂ ਹੋਰ ਹੀ ਤਰ੍ਹਾਂ ਦੀਆਂ ਨੇ। ਗਲਾਸ ਬੜੇ ਭਾਰੇ ਨੇ। ਲੋਹੇ ਦੀ ਗੋਹਲਕ ਪਈ ਹੈ। ਇਹਨਾਂ 'ਤੇ ਚੰਗੇ ਦਿਨ ਵੀ ਆਏ ਸੀ ?"

"ਹਾਂ ! ਚੰਗੇ ਦਿਨ ਸੁਆਹ ਤੇ ਖਿਹ। ਮੇਰੀ ਆਉਣ ਤੋਂ ਮਗਰੋਂ ਕਿਤੇ ਇਹਦਾ ਵਿਆਹ

ਕੀਤਾ। ਸ਼ੁਕਰ ਹੈ, ਅੱਡ ਹੋਇਆ। ਇਹ ਫੁਫੜ ਮੁੱਢ ਤੋਂ ਹੀ ਬਿਲੱਜ ਸੀ। ਇਹਨੇ ਸੋ ਪਾਪੜ ਵੇਲੇ ਹਨ। ਤੇਰਾ ਫੁਫੜ ਇਹਨੂੰ ਫੌਜ 'ਚ ਵੀ ਆਪਣੇ ਨਾਲ ਲੈ ਗਿਆ ਸੀ। ਉੱਥੇ ਟਿਕਿਆ ਰਹਿੰਦਾ ਹੁਣ ਨੂੰ ਕਿੱਡਾ ਅਫਸਰ ਹੋਣਾ ਸੀ, ਇਹ ਡੋਲਿਆਂ ਵਾਲੀ ਨੇ ਰਹਿਣ ਨਾ ਦਿਤਾ। ਫੇਰ ਪਿੰਡ ਸ਼ਰਾਬ ਦਾ ਠੇਕਾ ਲਿਆ ਸੀ। ਨਸ਼ੇ ਪਾਣੀ ਤੋਂ ਬਿਨਾਂ ਮਰਦੇ ਸ਼ਰਾਬੀ ਇਹਨਾਂ ਨੂੰ ਇਹ ਚੀਜ਼ਾਂ ਦੇ ਜਾਂਦੇ ਸੀ। ਇਹ ਭਾਂਤ ਸੁਭਾਂਤੇ ਨੇ ਤਾਂ ਇਹਨਾਂ ਨੂੰ ਪੱਟਿਆ। ਇਸ ਰਕਾਨ ਨੇ ਕਈ ਸਾਲ ਉਤਾਰ ਪਤਾਰ ਦਾ ਰੇਸ਼ਮ ਹੰਡਾਇਆ। ਉਦੋਂ ਤਾਂ ਇਹਨੂੰ ਕੋਈ ਯਾਦ ਨਹੀਂ ਸੀ। ਹੁਣ ਕਰਮਾਂ ਨੂੰ ਰੋਂਦੀ ਹੈ ਕਿ ਨਵਾਂ ਤਾਂ ਇਹਨੂੰ ਕਦੇ ਲੱਠਾ ਵੀ ਨਹੀਂ ਜੁੜਿਆ।"

ਦਿਲਾਵਰ ਭੂਆ ਨੂੰ ਕਹਿੰਦਾ ਸੀ, "ਇਹ ਕੁੜੀਆਂ ਤਾਂ ਕਿਸੇ ਤਨ ਪਤਨ ਲੱਗ ਜਾਣਗੀਆਂ। ਮੈਨੂੰ ਦਿਸਦਾ, ਮੁੰਡੇ ਤਾਂ ਚੋਰੀ ਚੋਲ ਕਰਦੇ ਥਾਣੇ ਛਿੱਤਰ ਖਾਇਆ ਕਰਨਗੇ। ਮਾੜੇ ਦੀ ਮੱਤ ਮਾਰੀ ਜਾਂਦੀ ਹੈ। ਜੇ ਗਰੀਬ ਸੰਭਲਕੇ ਨਾ ਚਲੇ ਤੇ ਮੁੰਡੇ ਨਾਲਾਇਕ ਨਿੱਕਲਣ ਫੇਰ ਨਹੀਂ ਉਸ ਕੋਲੋਂ ਉਠ ਹੁੰਦਾ।"

"ਮੈਨੂੰ ਤਾਂ ਕਈ ਵਾਰ ਡੋਬ ਪੈਂਦਾ, ਪਰ ਕਾਕਾ, ਇਹਨਾਂ ਦਾ ਹੱਡ ਹੀ ਮਾੜਾ" ਭੂਆ ਕਹਿੰਦੀ ਸੀ।

(8)

ਦਿਲਾਵਰ ਭੂਆ ਦੇ ਸੱਚ ਮੁੱਚ ਛੁੱਟੀਆਂ ਮਨਾ ਰਿਹਾ ਸੀ। ਉਹ ਸਵੇਰੇ ਕੋਠੇ ਤੋਂ ਬੜੇ ਦਿਨ ਚੜ੍ਹੇ ਲੱਜ਼ਤ ਇ ਖ ਬ ਇ ਸਹਿਰ ਤੋਂ ਬਾਦ ਹੀ ਉਠਦਾ ਸੀ। ਉਹ ਜੰਗਲ ਪਾਣੀ ਜਾ ਕੇ ਆਇਆ ਤਾਂ ਗੁਆਂਢੀ ਭੂਆ ਦਾ ਘਰ ਖੁੱਲ੍ਹਾ ਸੀ। ਉਸ ਨੂੰ ਹੈਰਾਨੀ ਸੀ ਕਿ ਪਾਲੀ ਹੋਰੀਂ ਸਕੂਲ ਕਿਉਂ ਨਹੀਂ ਗਏ। ਗੁਆਂਢੀ ਭੂਆ ਤਾਂ ਕੱਲ ਦੀ ਬਿਹਾਲੇ ਗਈ ਹੋਈ ਸੀ। ਦਿਲਾਵਰ ਉਹਨਾਂ ਦੇ ਘਰ ਵੜਿਆ ਤਾਂ ਇਕ ਪਾਸੇ ਕੌਲੇ ਨਾਲ ਲੱਗਿਆ ਪਾਲੀ ਰੋਂਦਾ ਸੀ। ਦੂਸਰੇ ਪਾਸੇ ਪਾਲੋ ਬੈਠੀ ਸੀ।

"ਕੀ ਗੱਲ ਉਏ ਤੂੰ ਰੋਨਾਂ ?" ਦਿਲਾਵਰ ਪੁਛਦਾ ਸੀ।

"ਇਹ ਰੋਟੀ ਮੰਗਦਾ" ਪਾਲੀ ਕਹਿੰਦੀ।

"ਰੋਟੀ ਪਕਾ ਦੇਣੀ ਸੀ।"

"ਰੋਟੀ ਨਾ ਇਹਨੂੰ ਸੁਆਹ ਤੇ ਖੇਹ। ਕੱਲ ਮੇਰੇ ਕਹਿੰਦਿਆਂ ਮੇਰੀਆਂ ਚਪਲੀਆਂ ਪਾਕੇ ਲੈ ਗਿਆ। ਬੱਜ ਤੋੜਕੇ ਘਰ ਵੜਿਆ।"

"ਤੂੰ ਸਕੂਲ ਨਹੀਂ ਗਈ ?"

"ਮੈਂ ਨੰਗੇ ਪੈਰੀਂ ਕਿਵੇਂ ਸਕੂਲ ਜਾਵਾਂ ?"

"ਇਹ ਨਹੀਂ ਸਕੂਲ ਗਿਆ ?" ਦਿਲਾਵਰ ਪੁਛਦਾ।

"ਇਹ ਕਹਿੰਦਾ ਚਾਰ ਆਨੇ ਦੀ ਕਾਪੀ ਲੈਣੀ ਹੈ। ਮੈਂ ਇਹਨੂੰ ਚਾਰ ਆਨੇ ਕਿੱਥੋਂ ਦਿਆਂ ?"

"ਮੇਰੇ ਕੋਲੋਂ ਲੈ ਜਾਣੇ ਸੀ। ਜਾਂ ਕਾਗਜ਼ ਲੈ ਜਾਣੇ ਸੀ, ਤੇ ਕਾਪੀ ਬਣ ਜਾਂਦੀ।"

"ਇਹਦਾ ਤਾ ਕੋਈ ਨਹੀਂ" ਕਹਿ ਪਾਲੀ ਗੱਲ ਨੂੰ ਮੁਕਾਉਣ ਲੱਗੀ।

"ਬੱਜ ਫੇਰ ਅੱਜ ਛੁੱਟੀ ਹੋ ਗਈ ?" ਦਿਲਾਵਰ ਪਾਲੀ ਨੂੰ ਬੜੇ ਮੂਹ ਦੇ ਲਹਿਜੇ ਨਾਲ ਕਹਿੰਦਾ ਸੀ।

"ਹੋਰ !" ਉਹ ਨਖਰੇ ਨਾਲ ਉੱਤਰ ਦਿੰਦੀ ਸੀ।

ਫੇਰ ਦਿਲਾਵਰ ਤੇ ਪਾਲੀ ਤਾਸ਼ ਖੇਡਦੇ ਰਹੇ, ਗੱਲਾਂ ਬਾਤਾਂ ਹੁੰਦੀਆਂ ਰਹੀਆਂ ਅਤੇ ਪਾਲੀ ਥੋੜੀ ਦੇਰ ਝੁਸਕ ਕੇ ਹਰਨਾਂ ਦੇ ਸਿੰਗੀਂ ਚੜ੍ਹ ਗਿਆ। ਉਹ ਸ਼ਾਮ ਨੂੰ ਗੁਆਂਢੀ ਭੂਆ ਦੇ ਵਾਪਸ ਮੁੜਣ ਤੋਂ ਘੜੀ ਭਰ ਪਹਿਲਾਂ ਆਇਆ ਹੋਣਾਂ।

(9)

ਦੂਸਰੇ ਦਿਨ ਐਤਵਾਰ ਸੀ। ਦਿਲਾਵਰ ਗੁਆਂਢੀ ਭੂਆ ਨੂੰ ਕਹਿੰਦਾ ਸੀ "ਤੁਸੀਂ ਪਾਲੀ ਦਾ ਖਿਆਲ ਰੱਖਿਆ ਕਰੋ। ਦੇਖੋ ਇਹਦੇ ਮੂੰਹ ਤੇ ਕੀ ਹੋਇਆ ? ਅੰਬਾਂ ਤੋਂ ਡਿੱਗ ਕੇ ਰਗੜ ਲੱਗੀ ਹੋਣੀ ਹੈ।" ਪਾਲੀ ਆਪਣੀਆਂ ਬਾਹਾਂ ਵਖਾਉਣ ਲੱਗਿਆ ਜਿਹਨਾਂ ਵਿਚੋਂ ਲਹੂ ਵਗਕੇ ਸੁੱਕ ਗਿਆ ਸੀ। ਫੇਰ ਉਹ ਰਗੜਾਂ ਵਾਲੇ ਗੋਡੇ ਵਿਖਾਉਣ ਲੱਗ ਗਿਆ। ਗੁਆਂਢੀ ਭੂਆ ਕਹਿੰਦੀ ਸੀ ਕਿ ਇਹ ਐਤ ਨਖੱਤਾ ਸੱਟਾਂ ਨਾਲ ਕਾਣਾ ਹੋਇਆ ਪਿਆ ਹੈ।

ਗੁਆਂਢੀ ਫੁਫੜ ਕੱਲ ਸ਼ਾਮ ਦੀ ਥਾਂ ਅੱਜ ਸਵੇਰ ਆਇਆ ਸੀ। ਉਹ ਕਹਿੰਦਾ ਸੀ ਉਸਨੂੰ ਬਿਹਾਲੀਂ ਹੀ ਰਾਤ ਪੈ ਗਈ ਅਤੇ ਉਹਨੇਂ ਉੱਥੇ ਹੀ ਅਰਾਮ ਕਰਨ ਦੀ ਸੋਚੀ। ਸਾਰੇ ਟੱਬਰ ਦੀ ਰਾਤ ਭਰ ਦੀ ਉਡੀਕ ਉਸਦੇ ਆਉਣ ਨਾਲ ਖਤਮ ਹੋ ਗਈ। ਦਿਲਾਵਰ ਨੂੰ ਮਲੂਮ ਹੁੰਦਾ ਸੀ ਕਿ ਦੂਜੇ ਫੁਫੜ ਦੇ ਆਉਣ ਨਾਲ ਦੋਵੇਂ ਘਰਾਂ ਦੀ ਹੱਦ ਜਹੀ ਬਣ ਗਈ ਹੈ। ਪਹਿਲਾਂ ਤਾਂ ਅਸਲੀ ਭੂਆ ਦਾ ਘਰ ਸੀ ਜਿਸ ਵਿਚ ਗੁਆਂਢੀਆਂ ਦੀਆਂ ਚੀਜ਼ਾਂ ਅਤੇ ਜੀਵ ਖਿੰਡੇ ਫਿਰਦੇ ਸੀ। ਉਸਦੇ ਆਉਣ ਨਾਲ ਗੁਆਂਢੀ ਘਰ ਦੀ ਏਕਤਾ ਜਹੀ ਬਣ ਗਈ, ਸਭ ਆਪਣੇ ਥਾਂਈਂ ਬੈਠੇ ਸੀ।

ਦੁਪਹਿਰ ਵੇਲੇ ਦਿਲਾਵਰ ਰੋਟੀ ਖਾਕੇ ਰੇਡੀਓ ਸੁਣ ਰਿਹਾ ਸੀ ਕਿ ਕਿਸੇ ਦੀਆਂ ਲੇਰਾਂ ਨੇ ਸਭ ਗਾਣੇ ਮਾਤ ਪਾ ਦਿੱਤੇ। ਕੁੱਝ ਦੇਰ ਬਾਦ ਪਾਲੀ ਰੋਂਦਾ ਰੋਂਦਾ ਦਿਲਾਵਰ ਦੇ ਕਮਰੇ ਵਿਚ ਆ ਵੜਿਆ। ਮਗਰੇ ਗੁਆਂਢੀ ਫੁਫੜ ਆ ਗਿਆ। ਉਹ ਵੜਦਾ ਹੀ ਪਾਲੀ ਨੂੰ ਛਿਟੀਆਂ ਨਾਲ ਪਿੰਜਣਲੱਗ ਗਿਆ ਪਰ ਦਿਲਾਵਰ ਨੇ ਪਾਲੀ ਨੂੰ ਝਟ ਹੀ ਛੁੜਾ ਲਿਆ। ਭੂਆ ਤਾਂ ਚੁੱਪ ਕਰਕੇ ਬੈਠੀ ਰਹੀ ਅਤੇ ਗੁਆਂਢੀ ਫੁਫੜ ਕਹਿੰਦਾ ਸੀ, "ਦਿਲਾਵਰ ਸਿਉ ਜੀ ਤੁਸੀਂ ਜਾਣ ਦਿਓ।" ਦਿਲਾਵਰ ਸਮਝ ਗਿਆ ਕਿ ਇਹ ਤਾਂ ਉਹਨਾਂ ਦੀ ਹਫਤਾਵਾਰੀ ਗੱਲ ਹੈ ਅਤੇ ਉਹ ਪਾਸੇ ਹੋ ਗਿਆ। ਹੁਣ ਪਾਲੀ ਦਾ ਰੰਗਾਟਾ ਗਲੀ ਗਲੀ ਪੈਂਦਾ ਘੰਟੇ ਬਾਦ ਘਰ ਆ ਵੜਿਆ। ਹੁਣ ਤਾਂ ਪਾਲੀ ਤੇ ਗੁਆਂਢੀ ਭੂਆ ਜ਼ਾਰ ਜ਼ਾਰ ਰੋ ਰਹੀਆਂ ਸਨ। ਉਹਨਾਂ ਤੋਂ ਪਾਲੀ ਦੀ ਕੁੱਟ ਝੱਲੀ ਨਹੀਂ ਜਾਂਦੀ ਸੀ। ਗੁਆਂਢੀ ਫੁਫੜ ਮੁੰਡੇ ਦਾ ਕਸੂਰ ਮਾਂ ਵਿਚ ਕੱਢਦਾ ਸੀ ਜਿਹੜੀ ਘਰ ਨਹੀਂ ਬਹਿੰਦੀ ਸੀ ਅਤੇ ਉਹਨੇ ਕੁੱਟ ਦੀ ਗੁਦੁਬੱੜੀ ਲਾ ਦਿੱਤੀ। ਗੁਆਂਢੀ ਭੂਆ ਮਿਹਣੇ ਦੀ ਮਾਰੀ ਪਾਲੀ ਨੂੰ ਛੁੜਵਾਉਂਦੀ ਵੀ ਨਹੀਂ ਸੀ।

ਗੁਆਂਢ ਵਿਚੋਂ ਝੱਟ ਹੀ ਗੱਲ ਨਿੱਕਲ ਆਈ ਕਿ ਪਾਲੀ ਸੈਂਹਸੀਆਂ ਦੇ ਮੁੰਡਿਆਂ ਨਾਲ ਰਹਿੰਦਾ ਹੈ ਅਤੇ ਸੈਂਹਸੀਆਂ ਦੇ ਮੁੰਡੇ ਨੇ ਹੀ ਪਾਲੀ ਦੀ ਗੱਲ੍ਹ ਤੇ ਦੰਦੀ ਵੱਢੀ ਸੀ। ਗੁਆਂਢੀ ਭੂਆ ਨੇ ਪਾਲੀ ਤੋਂ ਸਾਰੀ ਗੱਲ ਵਡਿਆ ਕੇ ਪੁੱਛ ਲਈ ਸੀ ਅਤੇ ਘਰ ਵਾਲੇ ਦੇ ਆਉਂਦਿਆ ਹੀ ਉਹਨੇ ਹਫਤਾਵਾਰੀ ਰਪਟ ਦੱਸ ਦਿੱਤੀ ਸੀ। ਫੇਰ ਪਾਲੀ ਦੀਆਂ ਲੇਰਾਂ ਸੈਂਹਸੀਆਂ ਦੇ ਵਿਹੜੇ ਚਲੀਆਂ ਗਈਆਂ। ਦਿਲਾਵਰ ਨੂੰ ਇਹ ਫਿਕਰ ਲੱਗਾ ਸੀ ਕਿ ਉੱਥੇ ਲੜਾਈ ਨਾ ਹੋ ਜਾਵੇ। ਪਰ ਸੈਂਹਸੀ ਨਾ ਲੱਭੇ। ਘਰ ਆਕੇ ਗੁਆਂਢੀ ਫੁਫੜ ਨੇ ਪਾਲੀ ਨੂੰ ਧਮਕੀ ਦੇਕੇ ਕੁੱਟ ਬੰਦ ਕਰ ਦਿੱਤੀ ਕਿ ਜੇ ਉਹ ਮੁੜ ਕੇ ਸੈਂਹਸੀਆਂ ਦੇ ਵਿਹੜੇ ਵੜਿਆ ਤਾਂ ਉਸਦੀ ਜਾਨ ਦੀ ਖੈਰ ਨਹੀਂ।

ਦਿਲਾਵਰ ਕਈ ਵਰ੍ਹਿਆਂ ਤੋਂ ਗੁਆਂਢੀ ਫੁਫੜ ਨੂੰ ਭਾਗਾਂ ਵਾਲਾ ਸਮਝਦਾ ਸੀ ਕਿ ਉਸ ਨੂੰ

ਸੁਰਖਾਬ ਦੇ ਪਰ ਵਰਗੀ ਘਰ ਵਾਲੀ ਮਿਲੀ ਹੈ। ਪਰ ਉਹ ਆਪ ਵੀ ਸ਼ਕਲ ਸੂਰਤ ਤੋਂ ਉਹਦੇ ਲਾਇਕ ਨਜ਼ਰ ਆਉਂਦਾ ਸੀ। ਹੁਣ ਸੋਨੇ ਦੇ ਦੰਦਾਂ ਨਾਲੋਂ ਉਸਦੀਆਂ ਦਾੜ੍ਹਾਂ ਸਾਥ ਛੱਡ ਗਈਆਂ ਸਨ। ਫਿਕਰਾਂ ਨੇ ਪੁੜਪੜੀਆ ਅੰਦਰ ਨੂੰ ਧਸਾ ਦਿੱਤੀਆ ਸਨ, ਜਿਵੇਂ ਕਿਤੇ ਲੋੜਾਂ ਨੇ ਉਸ ਨੂੰ ਪੋਲਾ ਕਰ ਦਿੱਤਾ ਹੋਵੇ। ਹੁਣ ਤਾਂ ਦਿਲਾਵਰ ਨੂੰ ਯਾਦ ਵੀ ਨਹੀਂ ਸੀ ਕਿ ਉਹ ਗੁਆਂਢੀ ਫੁਫੜ 'ਤੇ ਕਦੇ ਰਸ਼ਕ ਵੀ ਕਰਦਾ ਹੁੰਦਾ ਸੀ।

ਸ਼ਾਮ ਨੂੰ ਗੁਆਂਢੀ ਭੂਆ ਬੁੜ੍ਹੀਆਂ 'ਚ ਬੈਠੀ ਟਾਹਰਾਂ ਮਾਰਦੀ ਸੀ, 'ਅਸੀਂ ਹੀ ਸੋਚਦੇ ਹਾਂ, ਚਲ ਹੋਊ, ਨਹੀਂ ਤਾਂ ਏਸ ਇੱਲਤ ਦੀ ਸੱਤ ਸਾਲ ਕੈਦ ਹੈ।''

(10)

ਦਿਲਾਵਰ ਕੁੱਝ ਸੋਚਾਂ ਵਿਚ ਪੈ ਗਿਆ। ਉਹ ਕਈ ਵਾਰ ਪਾਲੀ ਦੀਆਂ ਗੱਲ੍ਹਾਂ ਨੂੰ ਹੱਥ ਲਾਉਂਦਾ ਲਾਉਂਦਾ ਰਹਿ ਜਾਂਦਾ। ਫੇਰ ਉਸ ਨੇ ਉਪਰਲਾ ਖਿਆਲ ਛੱਡ ਦਿੱਤਾ। ਉਹ ਗੁਆਂਢੀ ਭੂਆ ਦੀ ਗਰੀਬੀ ਤੇ ਔਖ ਬਾਰੇ ਸੋਚਦਾ ਸੀ। ਜੇ ਉਸਦੀ ਪਾਲੀ ਨਾਲ ਗੱਲ ਬਾਤ ਕਾਰਨ ਕੋਈ ਹਬੀ ਨਬੀ ਹੋ ਗਈ ਤਾਂ ਘਰ 'ਤੇ ਮੁਸ਼ਕਲ ਪੈ ਜਾਣੀ ਹੈ। ਹੋਰ ਨਹੀਂ ਤਾਂ ਚਾਰ ਦਿਨ ਦੇ ਕਲੇਸ਼ ਨਾਲ ਹਾਲਤ ਨਿਘਰਣੀ ਹੀ ਹੈ ਕੋਈ ਸੁਧਰਣ ਤਾਂ ਨਹੀਂ ਲੱਗੀ। ਜੇ ਮਾੜੇ ਦਿਨਾਂ ਵਿਚ ਘਰ ਕਲੇਸ਼ ਆ ਵੜੇ ਤਾਂ ਕੋਈ ਜਾਦੂ ਵੀ ਹਾਲਤ ਨੂੰ ਠੀਕ ਨਹੀਂ ਕਰ ਸਕਦਾ। ਦਿਲਾਵਰ ਨੇ ਸੋਚਿਆ ਕਿ ਇਸ਼ਕ ਦਾ ਸ਼ੁਗਲ-ਸ਼ੱਪਾ ਤਾਂ ਖਾਂਦੇ ਪੀਂਦੇ ਘਰਾਂ ਵਿਚ ਹੀ ਪੁਗਦਾ ਹੈ। ਦਿਲਾਵਰ 'ਦਿਨ ਢਲੇ ਪਿੰਡ ਦੇ ਸਾਬਕਾ ਕਰਨੈਲ ਡਾਕਟਰ ਤੋਂ ਦਵਾਈ ਲੈਣ ਗਿਆ ਸੀ ਅਤੇ ਸ਼ਾਮ ਨੂੰ ਉਹਨੇ ਕਰਨਲ ਸਾਹਿਬ ਦੀ ਸਕੂਲ 'ਚ ਪੜ੍ਹਦੀ ਬੇਟਾ ਸਤਵੰਤ ਦੀ ਗੁਰਦੁਆਰੇ ਪਈ ਜੁੱਤੀ ਵਿਚ ਚਿੱਠੀ ਰੱਖ ਦਿੱਤੀ ਸੀ।

(11)

ਦਿਲਾਵਰ ਵੀ ਪਾਲੀ ਦੇ ਵਿਆਹ ਆਇਆ ਸੀ। ਵਿਆਹ ਵੀ ਕਿਸੇ ਮੰਦੇ ਚੰਗੇ ਰੌਲੇ ਦੇ ਕਾਰਨ ਹੀ ਧਰਿਆ ਸੀ। ਘਰ ਵਾਲਿਆਂ ਨੇ ਗਰੀਬੀ ਦਾਇਵੇ ਦੇ ਸੱਤ ਸੂਟ ਬਣਾਏ ਸੀ। ਇਕ ਰੇਸ਼ਮੀ ਸੂਟ ਦਿਲਾਵਰ ਲੈ ਕੇ ਆਇਆ ਸੀ। ਦਿਲਾਵਰ ਨੂੰ ਗਲੀ 'ਚ ਆਉਂਦੇ ਵੇਖ ਪਾਲੀ ਨੇ ਉਸ ਨੂੰ ਭਜਕੇ ਗਲਵਕੜੀ ਪਾ ਲਈ,

"ਭਾ ਜੀ, ਮੈਂ ਸਤਵੰਤ ਨੂੰ ਵੀ ਸੱਦਿਆ ਹੈ।" ਪਾਲੀ ਦਿਲਾਵਰ ਨੂੰ ਨਵੇਂ ਭਰੱਪਣ ਅਤੇ ਪੁਰਾਣੇ ਸ਼ਿਕਵੇ ਦੇ ਆਦਰ ਨਾਲ ਕਹਿੰਦੀ ਸੀ।

— o —

ਕਲਾ ਨੂੰ ਨਿਸਚੇ ਹੀ ਪਹਿਲਾਂ ਕਲਾ ਹੋਣਾ ਚਾਹੀਦਾ ਹੈ। ਕੇਵਲ ਇਸ ਦੇ ਪਿਛੋਂ ਹੀ ਉਹ ਕਿਸੇ ਇਕ ਯੁਗ ਵਿੱਚ ਸਮਾਜ ਦੀ ਆਤਮਾਂ ਦਾ ਪਰਗਟਾ ਹੋ ਸਕਦੀ ਹੈ। ਜੇ ਉਸ ਵਿੱਚ ਕਵਿਤਾ ਨਹੀਂ ਹੈ ਤਾਂ ਨਾ ਉਹ ਸੁੰਦਰ ਭਾਵਾਂ ਨੂੰ ਪੇਸ਼ ਕਰ ਸਕਦੀ ਹੈ ਤੇ ਨਾ ਹੀ ਕਿਸੇ ਤਰ੍ਹਾਂ ਦੀਆਂ ਸਮਸਿਆਵਾਂ ਨੂੰ। ਵਧ ਤੋਂ ਵਧ ਉਸ ਬਾਰੇ ਇਹੀ ਕਿਹਾ ਜਾ ਸਕਦਾ ਹੈ ਕਿ ਇਸ ਦਾ ਆਸ਼ਾ ਚੰਗਾ ਸੀ ਪਰ ਸਾਰਾ ਗੁੜ ਗੋਹਾ ਬਣ ਗਿਆ।

—ਬੇਲਿੰਸਕੀ

● ਜਰਨੈਲ ਪੁਰੀ

ਸਿ

ਰ

ਜ

ਣ

ਹਾ

ਰ

ਲੰਬੜਾਂ ਦੀ ਕੁੜੀ ਬੱਚੀ ਸੀ...ਸਾਰਾ ਪਿੰਡ ਦੋਹਾਂ ਅੱਖਾਂ ਨਾਲ ਵੇਖਦਾ। ਲੰਬੜਾਂ ਦੀ ਕੁੜੀ ਵੱਡੀ ਹੋਈ, ਮੁਟਿਆਰ ਹੋਈ ਤੇ ਗੁੱਤਾਂ ਮੋਢਿਆਂ 'ਤੇ ਪਲਮੀਆਂ—ਸਾਰਾ ਪਿੰਡ ਡੇਢ ਅੱਖ ਨਾਲ ਵੇਖਣ ਲੱਗ ਪਿਆ। ਲੰਬੜਾਂ ਦੀ ਕੁੜੀ ਕਾਲਜ ਵਿਚ ਦਾਖਲ ਹੋਈ, ਤੇ ਪਿੰਡ ਵਿਚ ਸਿਰ ਦੀ ਥਾਂ ਗਲ ਵਿਚ ਦੁਪੱਟਾ ਪਾ ਕੇ ਆਉਣ ਲੱਗੀ—ਸਾਰਾ ਪਿੰਡ ਇੱਕ ਅੱਖ ਨਾਲ ਵੇਖਣ ਲੱਗ ਪਿਆ।

ਲੰਬੜਾਂ ਦੀ ਕੁੜੀ ਨੇ ਸੂਤਵੀਂ ਕੁੜਤੀ ਤੇ ਬਟਨ ਮੋਢਿਆਂ ਉਤੇ ਲਾਕੇ ਜਦੋਂ ਰੰਗਵੀਆਂ ਕਤਾਬਾਂ ਹੱਥ ਵਿਚ ਫੜੀਆਂ—ਤਾਂ ਸਾਰਾ ਪਿੰਡ ਇਕ ਅੱਖ ਵੀ ਬੰਦ ਕਰ ਬੈਠਾ।

ਲੰਬੜਾਂ ਦੀ ਕੁੜੀ ਹਰ ਬੰਦੇ ਨਾਲ ਹਸਕੇ, ਖੁਲ੍ਹਕੇ ਬੋਲਣ ਲੱਗੀ—ਸਾਰਾ ਪਿੰਡ ਪਿੱਠ ਭੁਆ ਗਿਆ।

ਲੰਬੜਾਂ ਦੀ ਕੁੜੀ ਮੁੰਡਿਆਂ ਨੂੰ, ਕੁੜੀਆਂ ਨੂੰ, ਜਦੋਂ ਬਦਲ ਰਹੀ ਦਨੀਆਂ,ਬਦਲ ਰਹੀ ਜ਼ਿੰਦਗੀ ਤੇ ਬਦਲ ਰਹੇ ਮਨੁੱਖ ਦੀਆਂ ਕਹਾਣੀਆਂ ਦਸਦੀ ..ਤਾਂ ਸਾਰਾ ਪਿੰਡ ਮੁੰਡਿਆਂ ਨੂੰ, ਕੁੜੀਆਂ ਨੂੰ, ਉਸ ਕੋਲ ਜਾਣੋਂ ਰੋਕਣ ਲੱਗ ਪਿਆ।

ਛੋਟਾ ਜਿਹਾ ਪਿੰਡ ਸੀ। ਲੰਬੜਾਂ ਦੀ ਕੁੜੀ ਵਰਗਾ ਸੋਹਣਾਂ। ਤੇ ਲੰਬੜਾਂ ਦੀ ਕੁੜੀ ਵਰਗਾ ਹੀ ਨਿਖਰਿਆ ਨਿਖਰਿਆ। ਹਰ ਪਾਸੇ ਖੇੜਾ। ਹਰ ਪਾਸੇ ਮੁਸਕਰਾਹਟ। ਭਾਵੇਂ ਕੋਈ ਘਰ ਕੱਚਾ...ਭਾਵੇਂ ਪੱਕਾ, ਸਭ 'ਤੇ ਲੰਬੜਾਂ ਦੀ ਕੁੜੀ ਵਰਗਾ ਰੰਗ। ਚਮਕਦਾ... ਚਿਲਕਦਾ ਚਿਲਕਦਾ।

ਪਿੰਡ ਦੇ ਜਿੱਨੇ ਘਰ ਉਸ ਨਾਲੋਂ ਅੱਧੇ ਚਬਾਰੇ। ਜਿੱਨੇ ਚਬਾਰੇ ਉਸ ਨਾਲੋਂ ਅੱਧੇ ਦਰਖਤ। ਜਿੱਨੇ ਦਰਖਤ ਵਿਚ ਅੱਧੀਆਂ ਨਿੰਮਾਂ। ਕਹਿੰਦੇ ਹਨ ਜਿਸ ਪਿੰਡ ਨਿੰਮਾਂ ਹੋਣ ਉਸ ਪਿੰਡ ਬੀਮਾਰੀ ਆ ਕੇ

ਵੜਦੀ ਨਹੀਂ। ਸੱਚੀਂ ਹੀ ਕਦੇ ਡਾਕਟਰ ਸ਼ਾਮਗੜ੍ਹ ਵੜਦਾ ਹੀ ਨਹੀਂ ਸੀ ਵੇਖਿਆ।

ਦਰਖਤਾਂ ਦੇ ਪੰਛੀ ਸ਼ਾਮ ਗੜ੍ਹ ਦੀ ਜਾਨ ਸਨ। ਚਿੜੀਆਂ ਚਹਿਕਦੀਆਂ ਅਸਮਾਨ ਸੁਣਨ ਆ ਉਤਰਦਾ। ਹਰੀਅਲ ਸੀਟੀਆਂ ਮਾਰਦੇ, ਸੂਰਜ ਅੱਖ ਪੁੱਟ ਕੇ ਵੇਖਦਾ। ਘੁੱਘੀਆਂ ਬੋਲਦੀਆਂ ਹਵਾ ਅੰਦਰ ਸੁਗੰਧੀਆਂ ਭਰੀਆਂ ਜਾਂਦੀਆਂ। ਗੁਟਾਰਾਂ ਦਾ ਰਾਗ ਤੇ ਸਿਹੜੀਆਂ ਦੇ ਖਿਚਵੇਂ ਬੋਲ ਸ਼ਾਮਗੜ੍ਹ ਦੇ ਮਨ ਨੂੰ ਕੁਤ ਕੁਤਾੜੀਆਂ ਕਢ ਜਾਂਦੇ। ਮੋਰਾਂ ਨਾਲ ਆਪਣੀਆਂ ਮੋਰਨੀਆਂ ਦਾ ਚੋਜ ਸਾਰੇ ਵਾਯੂ ਮੰਡਲ ਦਾ ਪਿਆਰ ਬਣ ਜਾਂਦਾ।

ਪੱਕੀਆਂ ਗਲੀਆਂ। ਹਰ ਮੋੜ ਉਤੇ ਬਿਜਲੀ ਦਾ ਖੰਭਾ। ਹਰ ਖੰਭੇ ਉਤੇ ਨੈਣ ਦੀ ਅੱਖ ਵਰਗੇ ਲਾਟੂ। ਇੱਕ ਤੋਂ ਦੂਸਰੇ ਤਕ ਸਰੰਗੀ ਵਾਂਗ ਕਸੀਆਂ ਤਾਰਾਂ। ਛਿਪਦੀ ਵਲ ਡੰਗਰਾਂ ਦਾ ਹਸਪਤਾਲ, ਕੋਲ ਡਾਕਖਾਨਾਂ। ਚੜ੍ਹਦੀ ਵਲ ਸਕੂਲ। ਸਕੂਲ ਵਿਚ ਹਸਦੇ ਟਪਦੇ ਫੁੱਲਾਂ ਵਰਗੇ ਬੱਚੇ......ਨਿਰੇ ਗੁਲਾਬ। ਕਲ ਦਾ ਹਿੰਦੋਸਤਾਨ। ਨਾਲ ਹੀ ਲਾਇਬਰੇਰੀ... ਸਾਹਿੱਤ ਦਾ ਦੀਵਾ... ਸਾਖਸ਼ਾਤ ਲੰਬੜਾਂ ਦੀ ਨਵਦੀਪ ਵਰਗਾ ਪ੍ਰਕਾਸ਼।

ਉਡਦੇ ਹਰ ਪੰਛੀ ਤੋਂ ਦੀਪੀ ਨੇ ਖੁਲ੍ਹ ਦਿਲੀ ਲਈ। ਦਰਖਤ ਦੇ ਹਰ ਬੁੱਲੇ ਤੋਂ ਸ਼ਾਂਤੀ ਗ੍ਰਹਿਣ ਕੀਤੀ। ਪਿਪਲਾਂ ਤੋਂ ਬੂਲੀਆਂ ਦੀ ਥਾਂ ਪਪੀਸੀਆਂ ਉਧਾਰੀਆਂ ਲਈਆਂ। ਚੜ੍ਹਦੇ ਸੂਰਜ ਤੋਂ ਤੇਜ। ਤਾਰਿਆਂ ਤੋਂ ਅੱਖਾਂ ਦੀ ਚਮਕ। ਮੋਰਾਂ ਦੇ ਖੰਭਾਂ ਤੋਂ ਉਸ ਚਾਦਰਾਂ ਦੇ ਰੰਗ ਸਿੱਖੇ। ਬਤਾਊਆਂ ਤੋਂ ਸਿੱਖੀ ਚਾਲ। ਕਮਾਦਾਂ ਤੋ ਬੋਲਣ ਦੀ ਮਿਠਾਸ। ਕਣਕ ਤੋਂ ਰੰਗ। ਤੇ ਮੁਟਿਆਰਾਂ ਦੇ ਚਾਅ ਨਾਲ ਖਿੱਚੇ ਤੰਦਾਂ ਵਾਂਗ ਦੀਪੀ ਨੇ ਅਪਣੇ ਖਿਆਲਾਂ ਨੂੰ ਖਿਚਿਆ।

ਦੀਪੀ ਬੋਲਦੀ ਮਿਸਰੀ ਭੁਰ ਪੈਂਦੀ। ਇਕ ਮਿਠਾਸ ਖਿਲਰ ਜਾਂਦੀ ਸਾਰੇ ਪਿੰਡ ਵਿਚ। ਪਰ ਪਿੰਡ ਓਸ ਮਿਠਾਸ ਦਾ ਅਨੰਦ ਨਾ ਮਾਣ ਸਕਦਾ। ਪਿੰਡ ਨੇ ਨਵਦੀਪ ਦੀ ਮਿਠਾਸ ਕਦੇ ਵੀ ਨਾ ਅਪਣੀ ਜ਼ਬਾਨ ਉਤੇ ਰੱਖੀ। ਉਹ ਉਸਦੀ ਮਿਠਾਸ ਨੂੰ ਕੁੜਤਨ ਸਮਝਕੇ ਨਜ਼ਰ ਅੰਦਾਜ਼ ਕਰਦੇ ਰਹੇ। ਉਸ ਦੇ ਹਰ ਖਿਆਲ ਨੂੰ ਉਹਨਾਂ ਨੇ ਫਤੂਰ ਸਮਝਿਆ। ਉਸਦੇ ਹਰ ਅਮਲ ਨੂੰ ਉਸਦੀ ਜਵਾਨੀ ਦਾ ਨਸ਼ਾ।

ਜਿਸ ਦਿਨ ਚਿਰੋਕਣਾ ਸਮੇਂ ਪਹਿਲਾਂ ਇਕ ਦਿਨ ਦੀਪੀ ਨੇ ਅਪਣੀਆਂ ਹਮਜਮਾਤਣਾਂ ਨੂੰ ਪਿੰਡ ਲਿਆਕੇ ਇੱਕ ਨਾਟਕ ਖੇਡਿਆ ਤਾਂ ਅੱਧਾ ਪਿੰਡ ਉਸ ਦਿਨ ਹੀ ਮੂੰਹ ਵਿਚ ਉਂਗਲਾਂ ਪਾ ਗਿਆ। ਬੰਦਿਆਂ ਨੇ ਲੋਹਫਰ ਕੁੜੀ ਦਾ ਫਤਵਾ ਦਿੱਤਾ। ਇਸਤਰੀਆਂ ਨੇ ਬਹਿਲ ਦਾ। ਹਾਣ ਅੰਦਰ ਜ਼ਰੂਰ ਮੁਸਮੁਸੀਆਂ ਉੱਠੀਆਂ। ਤੇ ਬੱਚਿਆਂ ਨੇ ਬੜੇ ਚਾਅ ਨਾਲ ਨਾਟਕ ਵੇਖਿਆ।

ਇਕ ਦਿਨ ਦੀਪੀ ਨੇ ਸਾਰੇ ਪਿੰਡ ਸਾਹਮਣੇ ਇਕ ਗੀਤ ਗਾਇਆ—ਅਮਨ ਦਾ ਗੀਤ। ਹਰ ਮਾਂ ਤੇ ਉਸਦੇ ਬੱਚੇ ਦੀ ਰਾਖੀ ਦਾ ਗੀਤ। ਮੁਟਿਆਰਾਂ ਦੇ ਸੰਧੂਰਾਂ ਤੇ ਉਹਨਾਂ ਦੇ ਤ੍ਰਿੰਜਣਾਂ ਦੀ ਰਾਖੀ ਦਾ ਗੀਤ। ਉਹ ਗੀਤ ਜਿਸ ਵਿਚ ਦੀਪੀ ਨੇ ਪਿੰਡ ਦੇ ਸਾਰੇ ਵਾਤਾਵਰਣ, ਤੇ ਲੁਗ ਲੁਗ ਕਰਦੀਆਂ ਫਸਲਾਂ ਤੇ ਪ੍ਰਕਿਰਤੀ ਦੇ ਹਰ ਹੁਸੀਨ ਦ੍ਰਿਸ਼ ਨੂੰ ਬਚਾਉਣ ਲਈ ਲਲਕਾਰਿਆ।

ਇੱਕ ਨੇ ਸੋਚਿਆ ਸ਼ਰਮ ਲੱਥ ਗਈ। ਇੱਕ ਸਮਝਣ ਲੱਗੇ ਬੱਸ ਗਈ ਅਪਣੇ ਆਪ ਤੋਂ। ਇਕ ਆਖਣ ਲੱਗੇ ਕਈ ਘਰ ਪੱਟੂ। ਪਤਾਣਾ ਸਾਰਾ ਪੋਜ ਕੰਬ ਗਿਆ। ਨਵੇਂ ਨੂੰ ਸਰੂਰ ਆਇਆ। ਪਿੰਡ ਦੇ ਸਰਪੰਚ ਨੂੰ ਜਾਪਿਆ ਜਿਵੇਂ ਉਹ ਦੀਪੀ ਨਹੀਂ, ਉਸਦੀ ਅਪਣੀ ਕੁੜੀ ਹੀ ਦੀਪੀ ਬਣ ਗਈ ਹੈ। ਪਿੰਡ ਦੇ ਬਜ਼ੁਰਗਾਂ ਨੂੰ ਦੀਪੀ ਦੀ ਨੁਹਾਰ ਵਿਚੋਂ ਆਪਣੀਆਂ ਹੀ ਕੁੜੀਆਂ ਦੀ ਨੁਹਾਰ

ਜਾਪੀ । ਲੋਕਾਂ ਨੂੰ ਜਾਪਿਆ ਅੱਜ ਜਾਂ ਕੱਲ੍ਹ, ਇਸ ਪਿੰਡ ਵਿਚ...ਸ਼ਾਮ ਗੜ੍ਹ ਵਿਚ ਅਨੇਕਾਂ ਦੀਪੀਆਂ ਬਣ ਰਹੀਆਂ ਨੇ—ਅਨੇਕਾਂ ਦੀਪੀਆਂ ਉਭਰ ਰਹੀਆਂ ਨੇ ।

ਅਸਰ ਦੀਪੀ ਦਾ......ਗ੍ਰਹਿਣ ਨਵੀਂ ਪਨੀਰੀ ਦਾ ।

ਦੀਪੀ ਦੀ ਅਵਾਜ਼ ਪਿੰਡ ਦੀ ਨੌਜਵਾਨ ਫਿਜ਼ਾ ਦੀ ਅਵਾਜ਼ ਬਣਦੀ ਗਈ । ਦੀਪੀ ਦਾ ਪ੍ਰਕਾਸ਼ ਪਿੰਡ ਦੀ ਚੰਚਲਤਾ ਬਣਦਾ ਗਿਆ । ਸ਼ਾਮ ਗੜ੍ਹ ਦੀ ਫਿਜ਼ਾ...ਸ਼ਾਮਗੜ੍ਹ ਦੀ ਚੰਚਲਤਾ ਬਜ਼ੁਰਗਾਂ ਲਈ ਕਾਂਬਾ ਬਣ ਚੱਲਿਆ । ਉਹਨਾਂ ਦਾ ਅੰਦਰ ਡਰਦਾ ਰਹਿੰਦਾ, ਪਰ ਉਹ ਜ਼ਬਾਨ ਉਤੇ ਨਾਂ ਲਿਆਉਂਦੇ । ਉਹਨਾਂ ਦਾ ਅੰਦਰ ਕੰਬਦਾ ਰਹਿੰਦਾ, ਪਰ ਉਹ ਕੋਈ ਰੋਮ ਵੀ ਫਰਕਣ ਨਾ ਦਿੰਦੇ ।

ਇਕ ਦਿਨ ਨਵਦੀਪ ਦੀ ਕੁੜਤੀ ਨਾਲ ਉਹ ਘੁੱਗੀਆਂ ਵਾਲਾ ਬੈਜ਼ ਲੱਗਿਆ ਵੇਖਕੇ ਹੈਰਾਨ ਰਹਿ ਗਏ । ਨਵਦੀਪ ਜਦੋਂ ਦਸਦੀ ਇਹ ਅਮਨ ਦੀ ਨਿਸ਼ਾਨੀ ਹੈ—ਇਹ ਸ਼ਾਂਤੀ ਦਾ ਚਿੰਨ੍ਹ ਹੈ ਲੋਕ ਘੁੱਗੀ ਵਲ ਨਹੀਂ ਦੀਪੀ ਦੀਆਂ ਅੱਖਾਂ ਵਲ ਵੇਖਦੇ ਰਹਿੰਦੇ ।

ਫੇਰ ਇਕ ਦਿਨ ਦੀਪੀ ਦਸ ਦਸ ਪੈਸੇ ਨੂੰ ਉਹ ਬੈਜ਼ ਵੇਚਣ ਲੱਗ ਪਈ । ਬੱਚੇ ਖਰੀਦਣ ਲੱਗ ਪਏ । ਜਵਾਨ ਖਰੀਦਣ ਲੱਗ ਪਏ । ਪਰ ਬਜ਼ੁਰਗ ਨਾ ਖਰੀਦਣ—ਨਾ ਜਵਾਬ ਦੇਣ ।

ਲੋਕ ਹੈਰਾਨ ਰਹਿ ਗਏ ਜਦੋਂ ਇਕ ਦਿਨ ਪ੍ਰੋਫੈਸਰ ਪ੍ਰਮਵੀਰ ਨੇ ਦੀਪੀ ਤੋਂ ਬੈਜ ਖਰੀਦ ਦਿਆਂ ਅੱਖਾਂ ਭਰ ਲਈਆਂ । ਪ੍ਰੋਫੈਸਰ ਪਰਮਵੀਰ ਸ਼ਾਮ ਗੜ੍ਹ ਦਾ ਰੀਟਾਇਰਡ ਪ੍ਰੋਫੈਸਰ ਸੀ । ਜਿਸ ਪੂਰੇ ਪੰਦਰਾਂ ਸਾਲ ਪ੍ਰੋਫੈਸਰੀ ਕੀਤੀ ਸੀ । ਸਾਰੀ ਜਵਾਨੀ ਸ਼ਹਿਰਾਂ ਵਿਚ ਬਿਤਾ ਕੇ ਪ੍ਰੋਫੈਸਰ ਪ੍ਰਮਵੀਰ ਬੁਢਾਪੇ ਬਾਰੇ ਆਕੇ ਪਿੰਡ ਰਿਹਾ ਸੀ ।

ਲੋਕ ਪ੍ਰੋਫੈਸਰ ਨੂੰ ਦੇਵਤਾ ਮੰਨਦੇ ਸਨ । ਸਭ ਤੋਂ ਸਿਆਣਾਂ, ਸਭ ਤੋਂ ਮਹਾਨ । ਡੇਰੇ ਦੇ ਮਹੰਤ, ਗੁਰਦਵਾਰੇ ਦੇ ਗਰੰਥੀ ਤੇ ਕੁਟੀ ਦੇ ਪ੍ਰਸਿਧ ਸੰਤ ਕਾਸਤੀ ਗਿਰ ਨਾਲੋਂ ਵੀ ਵੱਧ ਲੋਕ ਉਸਦੀ ਇਜ਼ਤ ਕਰਦੇ ਸਨ ।

ਲੋਕਾਂ ਲਈ ਪ੍ਰੋਫੈਸਰ ਇਕ ਸਵਾਲ ਬਣ ਗਿਆ ।

ਲੋਕਾਂ ਪੁਛਿਆ......।

ਲੋਕਾਂ ਸਵਾਲ ਕੀਤਾ......।

ਪ੍ਰੋਫੈਸਰ ਦੀ ਜ਼ਬਾਨ ਚੁਪ ਰਹੀ, ਪਰ ਅੱਖਾਂ ਵਿਸ ਪਈਆਂ । ਉਸਦੀਆਂ ਅੱਖਾਂ ਨੇ ਉਸਦੇ ਪਵਿਤਰ ਖਿਆਲਾਂ ਵਰਗੇ ਹੰਝੂ ਕੇਰੇ । ਇਹਨਾਂ ਹੰਝੂਆਂ ਨੇ ਲੋਕਾਂ ਦੀ ਜ਼ਬਾਨ ਨੂੰ ਜਿੰਦਰੇ ਮਾਰ ਦਿੱਤੇ। ਲੋਕਾਂ ਦੀਆਂ ਅੱਖਾਂ ਸਵਾਲ ਕਰ ਰਹੀਆਂ ਸਨ—ਪਰ ਪ੍ਰੋਫੈਸਰ ਦੇ ਹੰਝੂ ਵਕਤ ਮੰਗ ਰਹੇ ਸਨ ।

ਲੋਕ ਚੁੱਪ ਹੋ ਗਏ । ਪ੍ਰੋਫੈਸਰ ਦੇ ਹੰਝੂ ਖੁਸ਼ਕ ਹੋ ਗਏ।

ਵਕਤ ਅਪਣੀ ਰਫਤਾਰ ਤਿਲਕਦਾ ਗਿਆ । ਦੀਪੀ ਅਪਣੇ ਰੌਂ ਵਿਚ ਪ੍ਰਬਲ ਰਹੀ । ਵਕਤ ਦੇ ਨਾਲ ਨਾਲ, ਸਮੇਂ ਦੇ ਅੰਗ ਸੰਗ ਦੀਪੀ ਅਪਣੇ ਅਮਲਾਂ ਵਿਚ, ਅਪਣੇ ਖਿਆਲਾਂ ਵਿਚ ਪ੍ਰਪੱਕ ਹੁੰਦੀ ਗਈ । ਉਸ ਕਿਸੇ ਵਲ ਵੀ ਨਿਗਾਹ ਨਾਂ ਮਾਰੀ । ਉਸ ਕਿਸੇ ਵਲ ਧਿਆਨ ਨਾ ਦਿੱਤਾ । ਉਹ ਨਵੀਂ ਦੁਨੀਆਂ, ਤੇ ਨਵੀਂ ਰੋਸ਼ਨੀ ਵਿਚੋਂ ਹਰ ਖਿਆਲ ਅਪਣੇ ਅਮਲਾਂ ਨਾਲ ਲੈਸ ਕਰਕੇ, ਅਪਣੇ ਵਿਚਾਰਾਂ ਨਾਲ ਤਰ ਕਰਕੇ ਤੋਰਦੀ ਰਹੀ ।

ਹੁਣ ਦੀਪੀ ਨਾਲ ਦੀਪੀ ਦੀ ਕਲਪਣਾਂ ਵਰਗੇ ਮੁੰਡ ਵੀ ਆਉਣ ਲੱਗੇ । ਕਦੇ ਕਿੰਨੀਆਂ

ਕਿੰਨੀਆਂ ਕੁੜੀਆਂ...ਕਦੇ ਕਿੰਨੇ ਕਿੰਨੇ ਮੁੰਡੇ। ਕੂੰਜਾਂ ਦੀ ਡਾਰ ਵਾਂਗ ਇਹ ਆਉਂਦੇ...ਕੂੰਜਾਂ ਦੀ ਡਾਰ ਵਾਂਗ ਚਲੇ ਜਾਂਦੇ।

ਸ਼ਾਮ ਗੜ੍ਹ ਦਾ ਸਭ ਤੋਂ ਸੰਗਾਊ, ਸਭ ਤੋਂ ਗਰੀਬ ਮੁੰਡਾ ਜਦੋਂ ਕਾਲਜ ਵਿਚ ਦਾਖਲ ਹੋਇਆ ਤਾਂ ਦੀਪੀ ਦਾ ਅਸਰ ਉਸ ਉਤੇ ਵੀ ਪਿਆ। ਦੀਪੀ ਦਾ ਸਾਥ, ਦੀਪੀ ਦਾ ਮਿਲਾਪ ਸਤਨਾਮ ਦੀ ਸੰਗ ਨੂੰ ਤਬਦੀਲ ਕਰਦਾ ਗਿਆ।

ਦਿਨ ਲੋਕਾਂ ਦੀ ਪਰਵਾਹ ਨਾ ਕਰਦੇ ਲੰਘ ਗਏ। ਦੀਪੀ ਨੇ ਐਮ. ਏ. ਕਰ ਲਈ। ਸਤਨਾਮ ਬੀ. ਏ. 'ਚ ਦਾਖਲ ਹੋਇਆ। ਪਰ ਅਚਨਚੇਤ ਪਿੰਡ ਵਿਚ ਇੱਕ ਦਿਨ ਧਮਾਕਾ ਪੈ ਗਿਆ... 'ਸਤਨਾਮ ਕਾਲਜ ਵਿਚੋਂ ਕਢ ਦਿੱਤਾ ਗਿਐ'।

ਸਭ ਤੋਂ ਪਹਿਲਾਂ ਲੋਕਾਂ ਦਾ ਨਜ਼ਲਾ ਦੀਪੀ ਉਤੇ ਝੜਿਆ...'ਪਹਿਲਾਂ ਈ ਪਤਾ ਸੀ ਬਈ ਕੋਈ ਨਾ ਕੋਈ ਕਾਰਾ ਕਰਵਾਊਗੀ'

'ਉਸ ਕੁੜੀ ਦੇ ਚੱਜ ਈ ਕਸੂਤੇ ਨੇ'

'ਸਤਨਾਮ ਨੇ ਬੀ ਉਹਦੇ ਆਖੇ ਲੱਗਣ ਵਾਲੀ ਹੱਦ ਈ ਲਾਹ ਦਿੱਤੀ ਐ'

'ਉਹਦੇ ਨਾਲੋਂ ਬੀ ਚਾਰ ਕਦਮ ਅੱਗੇ ਧਰਦੈ'

'ਦੀਂਦਾ ਈ ਸੀ ਬਈ ਇਕ ਦਿਨ ਚੰਦ ਚੜੂਗਾ'

ਜੋ ਜਿਸਦੇ ਮੂੰਹ ਆਇਆ ਬੋਲਿਆ। ਜੋ ਜਿਸਦੀ ਜ਼ਬਾਨ ਨੇ ਆਖਿਆ ਕਹਿ ਦਿੱਤਾ। ਨਾ ਕੋਈ ਦੀਪੀ ਨੂੰ ਸਮਝਦਾ ਸੀ...ਨਾ ਕਿਸੇ ਸਤਨਾਮ ਨੂੰ ਸਮਝਿਆ। ਸਿਰਫ ਇੱਕੋ ਬੰਦਾ ਸੀ ਪਿੰਡ ਵਿਚ...ਪ੍ਰੋਫੈਸਰ ਪ੍ਰਮਵੀਰ। ਉਹ ਜਾਣਦਾ ਸੀ ਸਤਨਾਮ ਠੀਕ ਹੈ। ਉਹ ਸਮਝਦਾ ਸੀ ਜੇ ਸਤਨਾਮ ਵਰਗੇ ਮੁੰਡੇ ਇੰਝ ਲੋਕਾਂ ਦੀਆਂ ਤਕਲੀਫਾਂ, ਤੰਗੀਆਂ ਤੇ ਮੁਸੀਬਤਾਂ ਲਈ ਚੀਖਣਗੇ ਤਾਂ ਹੀ ਦੇਸ਼ ਦਾ ਭਲਾ ਹੋ ਸਕੇਗਾ। ਪਰ ਉਹ ਗੁੰਗਿਆਂ ਮੂਹਰੇ ਬੀਨ ਵਜਾਉਣੀ ਠੀਕ ਨਹੀਂ ਸੀ ਸਮਝਦਾ। ਵਕਤ ਹੋਰ ਅਗੇ ਤਿਲਕਦਾ ਗਿਆ।

ਲੋਕਾਂ ਦੇ ਦੁੱਖ, ਤਕਲੀਫਾਂ ਤੇ ਅਜਿਹ ਬੋਝ ਸੀਖ ਵਾਂਗ ਸਤਨਾਮ ਦੇ ਚੁਭਦੇ ਗਏ। ਜਿੰਨਾਂ ਬਹੁਤ ਦਰਦ ਹੋਇਆ...ਉਂਨੀ ਵੱਡੀ ਉਸ ਕੂਕ ਮਾਰੀ। ਜਿੰਨੀਂ ਵੱਡੀ ਉਸ ਕੂਕ ਮਾਰੀ...ਉਂਨਾ ਵੱਡਾ ਸਰਕਾਰ ਨੇ ਉਸਨੂੰ ਖਤਰਨਾਕ ਸਮਝ ਲਿਆ। ਜਿੰਨਾਂ ਬਹੁਤਾ ਉਹ ਖਤਰਨਾਕ ਸਮਝਿਆ ਜਾਣ ਲੱਗਾ...ਉਂਨਾਂ ਬਹੁਤਾ ਉਹ ਦੀਪੀ ਦੇ ਨੇੜੇ ਹੋਇਆ।

ਸਾਰਾ ਸ਼ਾਮ ਗੜ੍ਹ ਇਕ ਦਿਨ ਠਠੰਬਰ ਗਿਆ। ਪੁਲਸ ਪਿੰਡ ਦਾ ਪੱਤਾ ਪੱਤਾ ਫਰੋਲ ਰਹੀ ਸੀ।

ਸਾਰਾ ਸ਼ਾਮ ਗੜ੍ਹ ਉਬਾਲਾ ਖਾ ਗਿਆ—ਜਦੋਂ ਪੁਲਸ ਨੇ ਸਤਨਾਮ ਦੇ ਬਾਪੂ ਤੇ ਮਾਂ ਨੂੰ ਡੰਗਰਾਂ ਵਾਂਗ ਹੱਕ ਕੇ ਮੂਹਰੇ ਲਾ ਲਿਆ।

ਸਾਰਾ ਸ਼ਾਮ ਗੜ੍ਹ ਆਫਰੀਨ ਮੰਨ ਗਿਆ—ਜਦੋਂ ਪੁਲਸ ਨਾਲ ਦੀਪੀ ਉਲਝ ਪਈ। ਉਸ ਪੁਲਸ ਤੋਂ ਸਤਨਾਮ ਦੇ ਬਾਪੂ ਨੂੰ ਆਪਣਾ ਬਾਪੂ ਸਮਝਕੇ—ਸਤਨਾਮ ਦੀ ਮਾਂ ਨੂੰ ਅਪਣੀ ਮਾਂ ਸਮਝਕੇ ਛੁਡਾ ਲਿਆ। ਉਸ ਸਤਨਾਮ ਦੇ ਬਾਪੂ ਨੂੰ, ਸਤਨਾਮ ਦੀ ਮਾਂ ਨੂੰ ਫਤਵਾ ਦੇ ਦਿੱਤਾ ਕਿ ਸਤਨਾਮ ਹੁਣ ਉਹਨਾਂ ਦਾ ਸਤਨਾਮ ਨਹੀਂ। ਉਸ ਸਰੀਹਨ ਸਾਰੇ ਪਿੰਡ ਨੂੰ ਕਹਿ ਦਿੱਤਾ—ਸਤਨਾਮ ਇਕੱਲੇ ਸ਼ਾਮ ਗੜ੍ਹ ਦਾ ਹੀ ਸਤਨਾਮ ਨਹੀਂ।

ਸਾਰਾ ਪਿੰਡ ਦੀਪੀ ਦੀ ਗਲ ਸੁਣਕੇ ਸਿਰ ਝੁਕਾ ਗਿਆ। ਪਰ ਇਕੱਲੇ ਪ੍ਰੋਫੈਸਰ ਨੇ ਗਲ ਸਮਝਕੇ ਸਿਰ ਉਤੇ ਚੁਕਿਆ।

ਆਏ ਦਿਨ ਪੁਲਸ ਛਾਪੇ ਮਾਰਦੀ ਰਹੀ।

ਪਰ ਇੱਕ ਦਿਨ ਧੱਮਾਕਾ ਪੈ ਗਿਆ। ਲੋਕ ਅਖਬਾਰ ਪੜ੍ਹਦੇ......'ਇਕੋ ਪਿੰਡ ਦੇ ਮੁੰਡੇ ਕੁੜੀ ਦੀ ਉੱਘੇ ਹੋਟਲ ਵਿਚ ਸੁਹਾਗ ਰਾਤ ?'

'ਇੱਕੋ ਪਿੰਡ ਦੇ ਕੁੜੀ ਮੁੰਡੇ ਦੀ ਇਕ ਉੱਘੇ ਹੋਟਲ ਵਿਚ ਗ੍ਰਿਫਤਾਰੀ'

ਸਾਰਾ ਸ਼ਾਮ ਗੜ੍ਹ ਰੋ ਪਿਆ...ਪਰ ਪ੍ਰੋਫੈਸਰ ਪ੍ਰਮਵੀਰ ਅੱਜ ਹੱਸਿਆ। ਸਾਰੇ ਸ਼ਾਮ ਗੜ੍ਹ ਨੇ ਜਦੋਂ ਨਵਦੀਪ ਨੂੰ ਅਪਣੀ ਧੀ ਮੰਨਣੋਂ ਇਨਕਾਰ ਕਰ ਦਿੱਤਾ ਤਾਂ ਦੋਵੇਂ ਹੱਥ ਉਪਰ ਚੱਕ ਕੇ ਪ੍ਰੋਫੈਸਰ ਨੇ ਦੁਹਾਈ ਦਿੱਤੀ :

'ਮੁੱਕਰੋ ਨਾਂ...ਉਹ ਮੇਰੀ ਧੀ ਐ...ਉਹ ਮੇਰੀ ਕੁੜੀ ਐ' ਸਾਰਾ ਪਿੰਡ ਹੈਰਾਨੀਆਂ ਨੇ ਘੇਰ ਲਿਆ।

ਸਾਰਾ ਪਿੰਡ ਇਕੱਠਾ ਹੋ ਕੇ ਪ੍ਰੋਫੈਸਰ ਕੋਲ ਗਿਆ।

ਚੌੜੀਆਂ ਅੱਖਾਂ ਕਰਕੇ ਪ੍ਰੋਫੈਸਰ ਸਾਰੇ ਪਿੰਡ ਵਲ ਝਾਕਿਆ। ਅੱਜ ਪ੍ਰੋਫੈਸਰ ਇਕ ਪ੍ਰੋਫੈਸਰ ਦੇ ਨਾਤੇ ਨਹੀਂ, ਸਗੋਂ ਪ੍ਰਮਵੀਰ ਦੇ ਨਾਤੇ ਕਹਿਣ ਲੱਗਿਆ...

'ਰੱਬ ਲੇਖੇ ਨਵਦੀਪ ਨੂੰ ਮੇਰੀ ਕੁੜੀ ਆਖ ਦਿਉ'

'ਕਿਉਂ...?'

'ਏਸ ਲਈ ਕਿ ਮੈਂ ਅਪਣਾ ਸਿਰ ਫਖਰ ਨਾਲ ਉੱਚਾ ਕਰ ਸਕਾਂ'

'ਕਾਹਤੋਂ...?'

'ਏਸ ਲਈ ਕਿ ਮੈਂ ਐਸੀ ਕੁੜੀ ਦਾ, ਐਸੀ ਧੀ ਦਾ ਪਿਉ ਅਖਵਾ ਸਕਾਂ ਜਿਸਨੇ ਇਕ ਮਮੂਲੀ ਸਤਨਾਮ ਨੂੰ ਦੇਸ ਦਾ ਹੀਰੋ ਬਣਾ ਦਿੱਤੈ। ਨਵਦੀਪ ਨਿਰੀ ਨਵਦੀਪ ਹੀ ਨਹੀਂ ਸਿਰਜਣ ਹਾਰ ਵੀ ਹੈ। ਉਸ ਨੇ ਇਕ ਮੁੰਡੇ ਤੋਂ ਇਕ ਮਨੁੱਖ ਸਿਰਜਿਐ'।

ਲੋਕ ਚੁੱਪ ਸਨ। ਘੁਸਰ ਘੁਸਰ ਹੋਈ। ਬਿਨਾਂ ਕੁਝ ਬੋਲੇ, ਬਿਨਾਂ ਕੁਝ ਆਖੇ ਲੋਕ ਪ੍ਰੋਫੈਸਰ ਦੇ ਘਰੋਂ ਮੁੜ ਪਏ। ਤੁਰੇ ਜਾਂਦੇ ਲੋਕਾਂ ਨੂੰ ਅਪਣੀ ਉੱਚੀ ਚੌਕੜੀ ਤੇ ਖੜ੍ਹਕੇ ਉਹ ਬਿਲਕਿਆ...

"ਕਾਸ਼ ! ਨਵਦੀਪ ਮੇਰੀ ਧੀ ਹੁੰਦੀ...।"

— o —

ਜੋ ਸੱਚ-ਮੁਚ ਮਹਾਨ ਲੇਖਕ ਹੈ ਉਸ ਦੇ ਰਾਜਨੀਤਕ ਵਿਚਾਰ ਚਾਹੇ ਕੁਝ ਵੀ ਕਿਉਂ ਨਾ ਹੋਣ ਉਹ ਵਾਸਤਵਿਕਤਾ ਦੇ ਨਾਲ ਭਿਆਨਕ ਕਰਾਂਤੀਕਾਰੀ ਯੁਧ ਵਿੱਚ ਜੂਝੇ ਬਿਨਾਂ ਕਦੇ ਰਹਿ ਨਹੀਂ ਸਕਦਾ, ਕਿਉਂਕਿ ਉਹ ਵਾਸਤਵਿਕਤਾ ਨੂੰ ਬਦਲਣਾ ਚਾਹੁੰਦਾ ਹੈ।

—ਰੈਲਫਫੌਕਸ




# ਜੀਉ !

● ਹਰਸਰਨ ਸਿੰਘ

(ਜਗਤਾਰ ਦੇ ਨਾਂ)

ਪਾਤਰ :—ਕਵੀ, ਮੰਗਲ, ਬਹਿਰਾ ਤੇ ਇੱਕ ਕੁੜੀ ।

ਹਰਦਵਾਰ ਵਿਚ ਇੱਕ ਹੋਟਲ ਦਾ ਕਮਰਾ, ਜਿਸ ਵਿਚ ਇੱਕ ਪਲੰਘ, ਇੱਕ ਮੇਜ਼ ਤੇ ਇੱਕ ਕੁਰਸੀ ਪਏ ਹੋਏ ਹਨ । ਦੀਵਾਰ 'ਤੇ ਮੂੰਹ ਵੇਖਣ ਵਾਲਾ ਸ਼ੀਸ਼ਾ ਲਗਾ ਹੋਇਆ ਹੈ । ਇਕ ਦਰਵਾਜ਼ਾ ਪਿਛਲੀ ਦੀਵਾਰ ਵਿਚ ਲਗਾ ਹੋਇਆ ਹੈ ।

ਜਦੋਂ ਪਰਦਾ ਉਠਦਾ ਹੈ ਤਾਂ ਰੰਗ-ਮੰਚ 'ਤੇ ਬਿਲਕੁਲ ਹਨੇਰਾ ਹੁੰਦਾ ਹੈ । ਕੁਝ ਚਿਰ ਦੇ ਪਿਛੋਂ ਬਾਹਰਲੇ ਬੂਹੇ ਦੇ ਖੁਲ੍ਹਣ ਦੀ ਆਵਾਜ਼ ਸੁਣਾਈ ਦਿੰਦੀ ਹੈ, ਫਿਰ ਬਿਜਲੀ ਦੇ ਬਟਣ ਦੀ 'ਟਿੱਚ' ਦੀ ਆਵਾਜ਼ ਆਉਂਦੀ ਹੈ ਤੇ ਉਸੇ ਵੇਲੇ ਕਮਰੇ ਵਿਚ ਚਾਨਣ ਹੋ ਜਾਂਦਾ ਹੈ । ਕਮਰੇ ਵਿਚ ਇੱਕ ਨੌਜਵਾਨ ਪਤਲੇ ਸਰੀਰ ਵਾਲਾ ਤੇ ਮੁਟਿਆਲੇ ਕਪੜੇ ਪਾਏ ਦਿਸਦਾ ਹੈ । ਉਸੇ ਵੇਲੇ ਦੋ ਹੋਰ ਨੌਜਵਾਨ ਅੰਦਰ ਆਉਂਦੇ ਹਨ । ਇੱਕ ਚੰਗੇ ਤਕੜੇ ਸਰੀਰ ਵਾਲਾ, ਕੰਬਲ ਦੀ ਝੁਲ ਮਾਰੀ ਹੋਈ ਤੇ ਤੇੜ ਤਹਿਮਤ ਬਧੀ ਹੋਈ । ਦੂਜਾ ਉਮਰ ਵਿਚ ਛੋਟਾ ਸਾਧਾਰਣ ਸਰੀਰ ਵਾਲਾ, ਗਰਮ ਪੈਂਟ ਕੋਟ ਪਾਇਆ ਹੋਇਆ, ਹੱਥ ਵਿਚ ਚਮੜੇ ਦਾ ਬੈਗ ।

ਬਹਿਰਾ : (ਤਗੜੇ ਸਰੀਰ ਵਾਲੇ ਨੂੰ, ਕਮਰੇ ਵਲ ਸੈਣਤ ਕਰਕੇ) ਦੇਖ ਲੈ ।

ਮੰਗਲ : ਇਹ ਠੀਕ ਹੈ । (ਬਹਿਰੇ ਨੂੰ) ਬਿਸਤਰਾ ਲਿਆ ਕੇ ਵਿਛਾ ।

ਬਹਿਰਾ : ਕਿਯਾ ?

ਮੰਗਲ : ਬਿੱਸਤਰ ਲਾ, ਸੂਰ ਦੇ—

ਬਹਿਰਾ : ਅਬੀ ਲਾਇਆ । ਮਗਰ ਦਾਦਾ ਯਹਿ ਗਾਲੀ ਵਾਲੀ

ਮੰਗਲ : ਜਾਂਦਾ ਏ ਕਿ (ਹੱਥ ਚੁਕਦਾ ਹੈ)

ਬਹਿਰਾ : ਅਬੀ ਲਾਇਆ । (ਬਾਹਰ ਵੱਲ ਨਠਦਾ ਹੈ) ਅਬੀ ਲਾਇਆ ।

ਮੰਗਲ : (ਉਚੀ) ਨਿਯਾ ਬਿਸਤਰ ਲਾਨਾ ।
(ਨਾਲ ਦੇ ਸਾਥੀ ਨੂੰ) ਤੂੰ ਅਜੇ ਕੁਰਸੀ 'ਤੇ ਬੈਠ ।
(ਸਾਥੀ ਅਗੇ ਵਧਦਾ ਹੈ ਤੇ ਠੇਡਾ ਜਿਹਾ ਖਾਂਦਾ ਹੈ । ਮਗਲ ਉਸ ਨੂੰ ਫੜਦਾ ਹੈ ।)

ਮੰਗਲ : ਅੱਧੀ ਬੋਤਲ ਨਾਲ ਈ ਪਗ ਡੋਲਣ ਲਗ ਪਏ ਤੇਰੇ ?

ਕਵੀ : ਮੰਗਲ, ਮੈਂ ਸੋਚਦਾਂ, ਅਜ ਦੀ ਰਾਤ......ਅਜ ਦੀ ਰਾਤ ਕਿਵੇਂ ਲੰਘੇਗੀ ?

ਮੰਗਲ : ਲੰਘ ਜਾਊ, ਜਿਵੇਂ ਅਗੇ ਲੰਘਦੀਆਂ ਰਹੀਆਂ ।

ਕਵੀ : ਅਜ ਦੀ ਰਾਤ—ਮੈਂ......ਮੈਂ......, ਜਿਵੇਂ ਕਬਰ ਵਿੱਚ ਇਕੱਲੀ ਲਾਸ਼ ।

ਮੰਗਲ : ਤੂੰ ਅਜ ਸਾਰਾ ਦਿਨ ਇਹੋ ਜਿਹੀਆਂ ਹੀ ਗਲਾਂ ਕਰਦਾ ਰਿਹਾ ਏਂ ਕਵੀਸ਼ਰਾ ! ਮੇਰੀ ਮੰਨ ਤੇ ਪਾ ਅਧ ਪਾ ਹੋਰ ਪੀ ਲੈ, ਸੋ ਗਮਾਂ ਦਾ ਇੱਕੋ ਦਾਰੂ । ਮੈਂ ਛੇਤੀ ਨਾਲ ਲੈ ਆਉਂਨਾਂ ।

ਕਵੀ : ਨ ਮੰਗਲ, ਤੂੰ ਨ ਜਾਈਂ । ਅਜ ਦੀ ਰਾਤ—

ਮੰਗਲ : (ਟੋਕ ਕੇ) ਮੈਂ ਹੁਣ ਨਾ ਗਿਆ ਤਾਂ ਹੋਰ ਘੜੀ ਨੂੰ ਚਲਾ ਜਾਊਂ । ਮੈਂ ਅਗੇ ਵੀ ਤੈਨੂੰ ਦਸਿਆ ਕਿ ਮੈਂ ਰਾਤ ਤੇਰੇ ਕੋਲ ਨਹੀਂ ਰਹਿਣਾ ।

ਕਵੀ : ਮੇਰੇ ਕੋਲ ਕਿਸੇ ਨਹੀਂ ਰਹਿਣਾ । ਮੈਂ ਇਕਲਾ—

ਮੰਗਲ : (ਟੋਕ ਕੇ) ਤੂੰ ਬੁਰਾ ਮੰਨ ਗਿਆ ਏਂ । ਮੈਂ ਤਾਂ—

ਕਵੀ : (ਰੋਂਦਿਆਂ) ਮੇਰੇ ਕੋਲ ਮੇਰੀ ਮਾਂ ਨ ਰਹੀ, ਜਿਸ ਮੈਨੂੰ ਜੰਮਿਆ ਪਾਲਿਆ ।

ਮੰਗਲ : ਮੈਨੂੰ ਪਤੈ ਮਾਵਾਂ ਦਾ ਦੁਖ ਬਹੁਤ ਹੁੰਦਾ, ਪਰ ਮੈਂ ਤਾਂ—

ਕਵੀ : (ਟੋਕ ਕੇ) ਮੇਰੀ ਮਾਂ ਮੈਨੂੰ ਪਿਆਰ ਦਿੱਤਾ ਕਰਦੀ ਸੀ । ਮੈਨੂੰ ਚੁੰਮਿਆ ਕਰਦੀ ਸੀ ਤੇ ਆਖਿਆ ਕਰਦੀ ਸੀ 'ਮੈਂ ਚੁੰਮਾਂ ਤੇਰੇ ਵਾਲ, ਤੂੰ ਮੇਰਾ ਇੱਕੋ ਇੱਕ ਏਂ ਲਾਲ ।'

ਮੰਗਲ : ਤੇਰੀ ਰਾਤ ਨਹੀਂ ਲੰਘਣੀ, ਮੈਨੂੰ ਦਿਸਦਾ । (ਘੜੀ ਵਲ ਤਕ ਕੇ) ਅਜੇ ਵੀ ਵਕਤ ਆ । ਮੈਂ ਤੈਨੂੰ ਗਡੀ ਝੜਾ ਆਉਂਨਾਂ । ਉਠ, ਮੇਰਾ ਰਕਸ਼ਾ ਬਾਹਰ ਖੜੋਤਾ, ਮੈਂ ਤੈਨੂੰ ਇੱਕ ਦਮ ਸਟੇਸ਼ਨ ਤੇ ਪਹੁੰਚਾ ਦੇਣਾ ।

ਕਵੀ : (ਰੋਂਦਿਆਂ) ਮੇਰੀ ਮਾਂ ਕਿਥੇ ਚਲੀ ਗਈ ਏ ? ਤੂੰ ਮੈਨੂੰ ਮੇਰੀ ਮਾਂ ਕੋਲ ਪਹੁੰਚਾ ਦੇ ।

ਮੰਗਲ : ਜਿਥੇ ਤੇਰੀ ਮਾਂ ਚਲੀ ਗਈ, ਉਥੇ ਤੂੰ ਜਿਉਂਦੇ ਜੀ ਨਹੀਂ ਅਪੜ ਸਕਦਾ !

ਕਵੀ : (ਵਧੇਰੇ ਰੋਂਦਿਆਂ) ਮੈਂ ਜ਼ਿੰਦਗੀ ਦੀਆਂ ਵੀਰਾਨ ਰਾਹਾਂ ਤੇ ਇਕੱਲਾ ਹੋ ਗਿਆ ।

ਮੰਗਲ : ਇਥੇ ਜਿਹੜਾ ਵੀ ਆਉਂਦਾ, ਦਿਨੇ ਗੰਗਾ ਵਿਚ ਫੁੱਲ ਰੋਹੜਦਾ ਤੇ ਰਾਤੀਂ ਗਡੀ ਚੜ੍ਹ ਜਾਂਦਾ । ਤੂੰ ਮੇਰੇ ਪਿੰਡ ਦਾ ਨਿਕਲ ਪਿਉਂ, ਮੈਂ ਰਾਤ ਰਖ ਲਿਆ । ਸੋਚਿਆ ਤੇਰਾ ਜੀ ਪਰਚਾਵਾ ਕਰੂੰ, ਪਰ ਤੂੰ ਤੇ—

ਕਵੀ : (ਹੰਝੂ ਪੂੰਝਦਿਆਂ) ਅਛਾ, ਤੂੰ ਜਾਹ-ਜਾ ਕੇ ਆਰਾਮ ਕਰ, ਸਾਰਾ ਦਿਨ ਮੈਨੂੰ ਆਪਣੇ ਰਕਸ਼ੇ ਤੇ ਘੁੰਮਾਉਂਦਾ ਰਿਹਾ ਏਂ, ਤੂੰ ਇੱਕ ਪੈਸਾ ਵੀ ਨਹੀਂ ਕਮਾਇਆ ।

ਮੰਗਲ : ਮੈਂ ਰੋਜ਼ ਕਮਾਉਂਦਾ ਹੀ ਰਹਿੰਦਾ । (ਜਿਹਬ ਵਿਚੋਂ ਕਢਕੇ) ਇਹ ਵੇਖ ਪਿਛਲੇ ਦੋ ਦਿਨਾਂ ਦੀ ਕਮਾਈ । ਮੈਂ ਇੱਕ ਦਿਨ ਦੀ ਕਸਰ ਦੂਜੇ ਦਿਨ ਕਢ ਲੈਣਾ ਜਾਣਦਾਂ ।

ਪਹਿੰਠ

ਜਿਹੜੀ ਸਵਾਰੀ ਬਿਨਾਂ ਪੈਸੇ ਚੁਕਾਏ ਮੇਰੇ ਰਕਸ਼ੇ ਤੇ ਬੈਠ ਜਾਂਦੀ, ਮੈਂ ਉਸ ਤੋਂ ਤਿਗਣੇ ਚੌਣੇ ਪੈਸੇ ਮੰਗਦਾਂ। ਚੂੰ ਚਰਾਂ ਕਰਨ ਤੇ ਮੈਂ ਉਹਦੀ ਧੌਣ ਫੜਦਾਂ।

ਕਵੀ : ਤੂੰ ਹੁਣ ਜਾ, ਮੈਂ ਟਿਕ ਜਾਵਾਂਗਾ।

ਮੰਗਲ : ਤੇਰੀ ਪੀਤੀ ਤਾਂ ਉਤਰ ਗਈ ਲਗਦੀ, ਤੂੰ ਕੀ ਟਿਕਣਾਂ ?

ਕਵੀ : ਮੈਂ ਟਿਕ ਜਾਵਾਂਗਾ।

ਮੰਗਲ : ਮੈਂ ਇਕ ਅਧੀਆ ਭਜ ਕੇ ਲੈ ਆਉਨਾਂ।

ਕਵੀ : ਨਹੀਂ। ਮੇਰੇ ਵਿਚ ਹੋਰ ਪੀਣ ਦੀ ਹਿੰਮਤ ਨਹੀਂ।
(ਕਿੱਲੀ ਤੇ ਕੋਟ ਟੰਗਦਾ ਹੈ।)

ਮਗਲ : ਮੈਨੂੰ ਦਿਸਦਾ ਤੂੰ ਰਾਤ ਰੋ ਰੋ ਕੇ ਕਟਣੀ ਏਂ। ਕਵੀਸ਼ਰਾਂ ਦੇ ਦਿਲ ਕੁੜੀਆਂ ਬਰਗੇ ਹੁੰਦੇ। ਗਲ ਸੁਣ। ਜ਼ਰਾ ਲਾਗੇ ਹੋ। (ਕਵੀ ਉਸ ਦੇ ਨੇੜੇ ਆਉਂਦਾ ਹੈ।) ਜੇ ਤੂੰ ਕਹੇਂ ਤਾਂ ਮੈਂ ਤੇਰੇ ਕੋਲ ਕਿਸੇ ਨੂੰ ਛਡ ਜਾਂਦਾਂ।

ਕਵੀ : ਨਹੀਂ ਮੰਗਲ ਨਹੀਂ। ਮੇਰੀਆਂ ਨਸਾਂ ਵਿਚ ਜੰਮ ਰਿਹਾ ਏ ਖ਼ੂਨ।

ਮੰਗਲ : ਤੂੰ ਮੇਰੀ ਗਲ ਤਾਂ ਸਮਝ ਗਿਆ ਏਂ ਨਾਂ ?

ਕਵੀ : ਨ ਮੰਗਲ, ਨ। ਜ਼ਿੰਦਗੀ ਦੀ ਰੌਂ ਲੁਕ ਰਹੀ ਏ ਕਿਸੇ ਮਾਰੂ ਥਲ ਵਿਚ, ਤੇ ਉਠਦੇ ਨੇ ਚੰਗਿਆੜੇ—

ਮੰਗਲ : ਤੇਰਾ ਜੀ ਲਗਾ ਰਹੂ ਕਵੀਸ਼ਰਾ, ਨਾਲੇ ਰਾਤ ਕਟ ਜਾਊ।

ਕਵੀ : ਨਹੀਂ ਮੰਗਲ, ਨਹੀਂ। ਮੈਨੂੰ ਅਜ ਦੀ ਰਾਤ ਇਕੱਲਿਆਂ ਲੰਘਾ ਲੈਣ ਦੇ। ਮੈਨੂੰ ਦਿਸਦਾ ਏ, ਮੇਰੀ ਸਾਰੀ ਉਮਰ ਅਜ ਦੀ ਰਾਤ ਵਾਂਗ ਹੀ ਲੰਘੇਗੀ।

ਮੰਗਲ : ਸਾਰੀ ਉਮਰ ਦਾ ਬੰਦੋਬਸਤ ਤੂੰ ਆਪ ਕਰ ਲਵੀਂ। ਅਜ ਦੀ ਰਾਤ ਦਾ ਬੰਦੋਬਸਤ ਮੈਂ......

ਕਵੀ : ਨ ਮੰਗਲ, ਨ ! ਜੇ ਮੈਂ ਅੱਜ ਦੀ ਰਾਤ ਇਕਲਿਆਂ ਲੰਘਾ ਲਈ ਤਾਂ ਮੈਂ ਅਵਸ਼ ਸਾਰੀ ਉਮਰ ਲੰਘਾ ਲਵਾਂਗਾ। ਅਜ ਦੀ ਰਾਤ ਇਮਤਿਹਾਨ ਦੀ ਰਾਤ ਏ।

ਮੰਗਲ : ਚੰਗਾ, ਤੇਰੀ ਮਰਜ਼ੀ।

ਕਵੀ : (ਹਉਕਾ ਲੈ ਕੇ) ਅਜ ਦੀ ਰਾਤ......

ਮੰਗਲ : ਫੇਰ ਅਜ ਦੀ ਰਾਤ......ਮੈਂ ਇਥੋਂ ਕਦੀ ਨ ਜਾਂਦਾ, ਪਰ ਮੈਂ ਜ਼ਰੂਰ ਕਿਧਰੇ ਹੋਰ ਰਹਿਣਾ ਹੁੰਦਾ।

ਕਵੀ : ਮੰਗਲ, ਤੂੰ ਜਾ।
(ਬਹਿਰਾ ਬਿਸਤਰਾ ਲੈ ਕੇ ਆਉਂਦਾ ਹੈ।)

ਮੰਗਲ : ਤੂੰ ਬੜਾ ਚਿਰ ਕਰ ਦਿੱਤਾ, ਸਾਲਿਆ।

ਬਹਿਰਾ : ਕਿਯਾ ਦਾਦਾ ?

ਮੰਗਲ : ਕਿਸੀ ਕਾਰਖ਼ਾਨੇ ਸੇ ਲਾਨੇ ਚਲਾ ਗਿਆ ਥਾ ?

ਬਹਿਰਾ : ਦਾਦਾ ਤੁਮ ਨੇ ਬੋਲਾ ਲਿਯਾ ਬਿਸਤਰ ਹੋ। ਮੈਂ ਨੇ ਮੈਨੇਜਰ ਸੇ ਬੋਲਾ। ਮੈਨੇਜਰ ਨੇ ਬੋਲਾ ਬੀਬੀ ਜੀ ਸੇ ਬੋਲੋ। ਮੈਂ ਬੀਬੀ ਜੀ ਕੇ ਪਾਸ ਗਿਆ ਔਰ ਉਸ ਸੇ ਬੋਲਾ।

ਮੰਗਲ : ਅਛਾ, ਭੌਂਕ ਨ।

ਬਹਿਰਾ : ਕਿਯਾ ਦਾਦਾ ?

ਮੰਗਲ : ਤੁਮ ਨੇ ਇਨ ਬਾਬੂ ਜੀ ਕਾ ਧਿਆਨ ਰਖਨਾ ਹੈ, ਸੁਨਾ ?

ਬਹਿਰਾ : ਸੁਨਾ, ਦਾਦਾ। ਤੁਮ......

ਮੰਗਲ : (ਟੋਕ ਕੇ) ਜੇਕਰ ਇਨ੍ਹਾਂ ਦੀ ਰਾਤ ਚੰਗੀ ਨ ਲੰਘੀ ਤਾਂ ਮੈਂ ਤੇਰੀ ਮਾਂ...

ਬਹਿਰਾ : ਕਿਯਾ ਦਾਦਾ ? ਮਾਂ ਕਿਯਾ...?

ਮੰਗਲ : ਇੱਨ ਕੀ ਮਾਂ ਮਰ ਗਈ ਹੈ। ਯਹਿ ਸਾਰੀ ਰਾਤ ਰੋਤੇ ਨ ਰਹੇਂ : ਸੁਨਾ ?

ਬਹਿਰਾ : ਸੁਨਾ ਦਾਦਾ, ਤੁਮ ਫਿਕਰ ਨਾ ਕਰੋ।

ਮੰਗਲ : ਅਛਾ ਕਵੀਸ਼ਰਾ ! ਮੈਂ ਚਲਿਆਂ। ਤੜਕ ਸਾਰ ਤੇਰੇ ਕੋਲ ਫਿਰ ਆ ਜਾਵਾਂਗਾ। (ਚਲਾ ਜਾਂਦਾ ਹੈ।)

ਬਹਿਰਾ : (ਬਿਸਤਰਾ ਵਿਛਾਉਂਦਿਆਂ) ਦਾਦਾ ਸੇ ਬਹੁਤ ਡਰ ਲਗਤਾ। ਵੋਹ ਕਤਲ ਕਰ ਦੇਤਾ। ਦਾਦਾ ਤੁਮਹਾਰਾ ਰਿਸ਼ਤੇਦਾਰ ਹੈ ?

ਕਵੀ : ਨਹੀਂ।

ਬਹਿਰਾ : ਤੋ ਆਪ ਕਾ ਦੋਸਤ ਹੋਗਾ।

ਕਵੀ : ਮੇਰੇ ਪਿੰਡ ਦਾ ਹੈ।

ਬਹਿਰਾ : ਪਿੰਡ ਕਿਯਾ ?

ਕਵੀ : ਮੇਰੇ ਗਾਉਂ ਕਾ ਹੈ।

ਬਹਿਰਾ : ਯਹਾਂ ਏਕ ਖੂਬਸੂਰਤ ਔਰਤ ਦਾਦਾ ਪੈ ਬਹੁਤ ਮਹਿਰਬਾਨ ਹੈ। ਅਰੇ ਬਾਪਰੇ (ਆਪਣੇ ਮੂੰਹ ਤੇ ਚੁਪੇੜਾਂ ਮਾਰਦਾ ਹੈ।) ਮੇਰੇ ਪੇਟ ਮੇਂ ਕੋਈ ਬਾਤ ਨਹੀਂ ਰਹਿਤੀ। ਮੁਝੇ ਇਸ ਸੇ ਨੁਕਸਾਨ ਭੀ ਹੋਤਾ ਹੈ। ਪਰ ਨਿਸੋੜੀ ਆਦਤ ਨਹੀਂ ਜਾਤੀ। ਅਛਾ, ਤੁਮ ਦਾਦਾ ਸੇ ਮਤ ਕਹਿਨਾਂ। ਮੈਂ ਰਾਤ ਕੋ ਤੁਮਾਰਾ ਬਹੁਤ ਖਿਆਲ ਰਖੇਗਾ। ਬਿਸਤਰ ਬਿਛਾ ਦਿਆ। ਤੁਮ ਅਬ ਲੇਟ ਜਾਉ। ਵੋਹ ਘੰਟੀ ਹੈ, ਬੈਲ, ਬੈਲ, ਜਬ ਭੀ ਤੁਮ ਬਜਾਏਗਾ, ਮੈਂ ਦਗਰਾ ਕੇ ਜਿੰਨ ਕੀ ਤਰ੍ਹਾ ਹਾਜ਼ਰ ਹੋ ਜਾਊਂਗਾ। ਅਛਾ, ਅਬ ਮੈਂ ਜਾਤਾ। (ਚਲਾ ਜਾਂਦਾ ਹੈ। ਉਹ ਬਾਹਰਲਾ ਬੂਹਾ ਭੀੜ ਜਾਂਦਾ ਹੈ। ਕਵੀ ਪਲੰਘ ਵਲ ਹੌਲੇ ਹੌਲੇ ਜਾਂਦਾ ਹੈ ਅਤੇ ਪਲੰਘ ਉਤੇ ਬੈਠ ਜਾਂਦਾ ਹੈ। ਬੂਟਾਂ ਦੇ ਤਸਮੇਂ ਖੋਲ੍ਹਦਾ ਹੈ।)

ਕਵੀ : ਉਡਦੇ ਨੇ ਚੰਗਿਆੜੇ ਮੇਰੀ ਕਲਪਣਾ ਵਿੱਚ, ਕਿਸੇ ਬਲ ਰਹੀ ਚਿਖਾ ਦੇ। (ਸਿਰ ਨੂੰ ਫੜ ਲੈਂਦਾ ਹੈ।)

ਕਵੀ : ਹਰ ਪਾਸੇ ਹੈ ਚੁੱਪ......

ਵਿਨ੍ਹ ਰਹੀਆਂ ਨੇ ਜਿਸ ਨੂੰ ਗੰਗਾ ਦੀਆਂ ਸ਼ੂਕਦੀਆਂ ਲਹਿਰਾਂ......(ਰੁਗ ਭਰੇ ਗਲੇ ਨਾਲ) ਕਰ ਚਲਿਆਂ ਤੈਨੂੰ ਇਨ੍ਹਾਂ ਦੇ ਹਵਾਲੇ, ਮੇਰੀਏ ਅੰਮੜੀਏ ! (ਰੋਂਦਾ ਹੈ। ਕੁਝ ਚਿਰ ਪਿੱਛੋਂ ਮੂੰਹ ਤੋਂ ਹਥ ਚੁਕਦਾ ਹੈ।)

ਕਵੀ : ਕੌਣ ਕਹਿ ਸਕਦਾ ਹੈ ਕਿ ਤੇਰੀ ਆਤਮਾ ਹੋਵੇਗੀ ਬ੍ਰਹਮੰਡ ਦੇ ਵਿਕਾਸ ਦੇ ਕਿਸ ਪੜਾਅ ਤੇ ?

(ਛਤ ਵਲ ਤਕਦਾ ਹੈ ਟਿਕ ਟਿਕੀ ਬੰਨ੍ਹ ਕੇ)

ਜਦੋਂ ਕਿ ਮੈਨੂੰ ਵੀ ਕੋਈ ਆਇਆ ਲੈ ਕੇ ਇਸੇ ਤਰ੍ਹਾਂ ਇਸ ਜਗ੍ਹਾ, ਕਰਨ ਲਈ ਹਵਾਲੇ ਗੰਗਾ ਮਾਈ ਦੇ......ਇਹ ਵੀ ਤਾਂ ਨਹੀਂ ਕਹਿ ਸਕਦਾ ਕੋਈ......ਇਹ ਵੀ ਤਾਂ ਨਹੀਂ ਕਹਿ ਸਕਦਾ ਕੋਈ। (ਰੋਂਦਾ ਹੈ।)

ਨਿਰਾਸ਼ਾ, ਦੁੱਖ ਤੇ ਵਿਸ਼ਾਦ ਦੀ ਅੱਗ ਨਾਲ ਸੜੀਆਂ ਮੇਰੀਆਂ ਅਸਥੀਆਂ ਪਾ ਸਕਣਗੀਆਂ, ਗੰਗਾ ਦਾ ਸੀਤਲ, ਪਵਿਤਰ ਤੇ ਕਲਿਆਣਕਾਰੀ ਸੰਗਮ, ਮੇਰੀਏ ਅੰਮੜੀਏ ! ਮੇਰੀਏ ਅੰਮੜੀਏ !!

(ਕੁਝ ਚਿਰ ਦੇ ਪਿੱਛੋਂ ਬਾਹਰਲਾ ਬੂਹਾ ਖੁਲ੍ਹਦਾ ਹੈ ਤੇ ਇੱਕ ਇਸਤਰੀ ਉਮਰ ੨੦-੨੨ ਵਰ੍ਹੇ, ਉਦਾਸ ਮੂੰਹ ਕਪੜੇ ਸਾਧਾਰਣ, ਅੰਦਰ ਆਉਂਦੀ ਹੈ। ਉਹ ਬੂਹਾ ਭੀੜ ਦਿੰਦੀ ਹੈ ਤੇ ਖੜੋਕੇ ਕਵੀ ਵਲ ਤਕਣ ਲਗ ਪੈਂਦੀ ਹੈ। ਉਹ ਕੁਝ ਚਿਰ ਦੇ ਪਿਛੋਂ ਫਿਰ ਤੁਰਦੀ ਹੈ ਤੇ ਕਵੀ ਵਲ ਤਕਦੀ ਰਹਿੰਦੀ ਹੈ। ਕਵੀ ਆਪਣੇ ਮੂੰਹ ਤੋਂ ਹਥ ਪਰ੍ਹੇ ਕਰਦਾ ਹੈ ਤੇ ਪਹਿਲਾਂ ਸਾਹਮਣੇ ਵਲ ਤਕਦਾ ਰਹਿੰਦਾ ਹੈ। ਇਸਤਰੀ ਚੁੱਪ ਚਾਪ ਖੜੋਤੀ ਰਹਿੰਦੀ ਹੈ।)

**ਕਵੀ** : ਤੁਸੀਂ......ਤੁਸੀਂ ਕੌਣ ?
(ਇਸਤਰੀ ਕੋਈ ਉਤਰ ਨਹੀਂ ਦਿੰਦੀ)

**ਕਵੀ** : ਤੁਸੀਂ ਕੌਣ ਹੋ ?
(ਇਸਤਰੀ ਚੁੱਪ ਰਹਿੰਦੀ ਹੈ।)
ਸ਼ਾਇਦ ਤੁਸੀਂ ਮੇਰੀ ਬੋਲੀ ਨਹੀਂ ਜਾਣਦੇ। ਮੈਂ ਨੇ ਪੁਛਾ ਹੈ ਆਪ ਕੌਣ ਹੈਂ ?

**ਇਸਤਰੀ** : ਮੈਂ......ਮੈਂ ਇੱਕ ਨਾਰੀ ਹਾਂ।

**ਕਵੀ** : ਮੇਰਾ ਮਤਲਬ ਸੀ, ਤੁਸੀਂ ਇਥੇ ਕਿਵੇਂ ਆਏ ਹੋ।
(ਇਸਤਰੀ ਚੁੱਪ ਰਹਿੰਦੀ ਹੈ।)

**ਕਵੀ** : ਮੈਂ ਤੁਹਾਨੂੰ ਜਾਣਦਾ ਨਹੀਂ।

**ਇਸਤਰੀ** : (ਰੋ ਕੇ, ਖਿੱਝ ਨਾਲ) ਮੈਨੂੰ ਤੁਸੀਂ ਸੱਦਿਆ ਹੀ ਕਿਉਂ ਸੀ ਜੇਕਰ ਇੰਜ ਧਧਕਾਰਨਾ ਸੀ ?

**ਕਵੀ** : ਮੈਂ......ਮੈਂ ਤਾਂ ਨਹੀਂ......ਮੈਂ ਤਾਂ ਕੋਈ ਨਹੀਂ ਸਦਿਆ।

**ਇਸਤਰੀ** : (ਉਸੇ ਤਰ੍ਹਾਂ) ਮੇਰੇ ਨਾਲ ਹਰ ਰੋਜ਼ ਛਲ ਫਰੇਬ ਹੁੰਦਾ ਹੈ।

**ਕਵੀ** : ਮੈਂ ਸੱਚ ਮੁੱਚ ਤੁਹਾਨੂੰ......

**ਇਸਤਰੀ** : ਕਲ ਰਾਤ ਵੀ ਮੈਨੂੰ ਇਹੋ ਕੁਝ ਸੁਣਨਾ ਪਿਆ ਸੀ।

**ਕਵੀ** : ਕਲ ਰਾਤ ਮੈਂ ਗਡੀ ਵਿਚ ਸੀ। ਮੇਰੇ ਕੋਲ ਮੇਰੀ ਮਾਂ ਦੇ ਸਰੀਰ ਦੇ ਪੁਸ਼ਪ ਸਨ। ਮੇਰੀਆਂ ਨਸਾਂ ਵਿਚ ਲਹੂ ਜੰਮ ਰਿਹਾ ਸੀ ਤੇ ਮੇਰੇ ਨੈਣ ਪੱਥਰ ਹੋ ਰਹੇ ਸਨ।

**ਇਸਤਰੀ** : ਮੇਰੇ ਦੁਖ ਨੂੰ ਕੋਈ ਨਹੀਂ ਵੇਖਦਾ, ਸਗੋਂ ਮੈਨੂੰ ਹੋਰ ਦੁਖੀ ਕਰਦੇ ਨੇ।

**ਕਵੀ** : ਮੈਂ ਆਪਣੇ ਬਾਰੇ ਕਹਿ ਸਕਨਾਂ ਕਿ ਮੈਂ ਤੁਹਾਨੂੰ ਕੋਈ ਦੁਖ ਨਹੀਂ ਦਿੱਤਾ।

**ਇਸਤਰੀ** : (ਵਧੇਰੇ ਰੋਂਦਿਆਂ) ਮੈਂ ਕੀ ਕਰਾਂ ? ਕਿਥੇ ਜਾਂ ?

**ਕਵੀ** : ਮੇਰੇ ਆਪਣੇ ਸਾਹਮਣੇ ਘੁੱਪ ਹਨੇਰਾ ਹੈ। (ਉਠ ਖੜੋਂਦਾ ਹੈ, ਇਸਤਰੀ ਰੋਂਦੀ ਜਾਂਦੀ ਹੈ।)

ਕਵੀ : ਮੈਂ ਸ਼ਾਇਦ ਤੁਹਾਨੂੰ ਹਮਦਰਦੀ ਦਾ ਇਕ ਸ਼ਬਦ ਵੀ ਨ ਦੇ ਸਕਾਂ। ਮੈਂ ਮਾਂ ਦੇ ਸੋਗ ਵਿਚ ਬੁਸਾ ਪਿਆ ਹਾਂ। ਅਜ ਮੇਰੇ ਮੂੰਹੋਂ ਜੋ ਕੁਝ ਵੀ ਨਿਕਲੇਗਾ ਉਹ ਰੁਲਾ ਰੁਲਾ ਦੇਵੇਗਾ।

ਇਸਤਰੀ : ਮੈਨੂੰ ਮੇਰੀ ਮੌਤ ਚਾਹੀਦੀ ਹੈ, ਮੌਤ।

ਕਵੀ : ਮੌਤ ਮੰਗਿਆਂ ਨਹੀਂ ਮਿਲਿਆ ਕਰਦੀ। ਮੇਰੀ ਮਾਂ ਮੈਨੂੰ ਦਸਦੀ ਹੁੰਦੀ ਸੀ ਕਿ ਜਦੋਂ ਉਸ ਦੇ ਸਿਰ ਦਾ ਸਾਈਂ ਮਰ ਗਿਆ ਤਾਂ ਉਹ ਕਿਤਨੇ ਦਿਨ ਮੌਤ ਮੰਗਦੀ ਰਹੀ ਸੀ। ਪਰ ਉਸ ਨੂੰ ਮੌਤ ਨ ਮਿਲੀ। ੧੮ ਸਾਲ ਲੰਘ ਗਏ। ਹੁਣ ਜਦੋਂ ਉਹ ਮੌਤ ਨੂੰ ਸੁਫਨੇ ਵਿਚ ਵੀ ਮੰਗਣਾ ਨਹੀਂ ਚਾਹੁੰਦੀ ਸੀ, ਉਸ ਨੂੰ ਮੌਤ ਆਣ ਮਿਲੀ।

ਇਸਤਰੀ : (ਰੋਂਦਿਆਂ, ਗੁਸੇ ਨਾਲ) ਮੈਂ ਸਿਰਫ ਚਾਰ ਦਿਨ ਹੋਰ ਜਿਊਣਾ ਏ, ਉਸ ਤੋਂ ਪਿੱਛੋਂ ਗੰਗਾ ਵਿਚ ਡੁਬ ਮਰਨਾ ਏ।

ਕਵੀ : (ਗੰਭੀਰਤਾ ਨਾਲ) ਚਾਰ ਦਿਨਾਂ ਦੀ ਉਡੀਕ ਪਿੱਛੋਂ ਤੁਸੀਂ ਗੰਗਾ ਵਿਚ ਡੁਬ ਮਰਨਾ ਏ।

ਇਸਤਰੀ : ਮੈਨੂੰ ਜੋਤਸ਼ੀਆਂ ਨੇ ਦਸਿਆ ਏ ਕਿ ਉਹ ਦਸਾਂ ਦਿਨਾਂ ਪਿੱਛੋਂ ਵਾਪਸ ਆ ਜਾਵੇਗਾ। ਅਜ ਛੇ ਦਿਨ ਲੰਘ ਗਏ ਨੇ।

ਕਵੀ : (ਗੰਭੀਰਤਾ ਨਾਲ) ਛੇ ਦਿਨ ਲੰਘ ਗਏ ਨੇ। ਉਹ ਗਿਆ ਕਿਥੇ ਏ?

ਇਸਤਰੀ : ਘਰੋਂ ਉਹ ਨੌਕਰੀ ਦੀ ਭਾਲ ਵਿੱਚ ਗਿਆ ਸੀ। ਉਹ ਇਕ ਮਹੀਨੇ ਤੋਂ ਹਰ ਰੋਜ਼ ਇੰਜ ਹੀ ਜਾਇਆ ਕਰਦਾ ਸੀ ਪਰ ਉਸ ਦਿਨ ਉਹ ਪਰਤ ਕੇ ਨ ਆਇਆ।

ਕਵੀ : ਉਹ ਕਿਥੇ ਚਲਾ ਗਿਆ?

ਇਸਤਰੀ : ਮੈਨੂੰ ਲੋਕਾਂ ਦਸਿਆ ਏ ਉਹ ਗੰਗਾ ਦੇ ਵਗਦੇ ਪਾਣੀ ਵਿੱਚ ਕੁਦ ਕੇ ਅਗੇ ਚਲਾ ਗਿਆ ਏ।

ਕਵੀ : (ਦੁਖ ਨਾਲ) ਉਸ ਆਤਮ-ਹਤਿਆ ਕਰ ਲਈ।

ਇਸਤਰੀ : (ਚੀਖਕੇ) ਨਹੀਂ, ਨਹੀਂ।

ਕਵੀ : ਉਹ ਇਸ ਵਿਤਕਰੇ ਭਰੀ ਦੁਨੀਆਂ ਤੋਂ ਦੂਰ ਚਲਾ ਗਿਐ।

ਇਸਤਰੀ : ਨਹੀਂ, ਨਹੀਂ,। ਲੋਕੀਂ ਆਖਦੇ ਨੇ ਕੁਝ ਮੀਲਾਂ ਤੇ ਮਲਾਹ ਜਾਂ ਮਾਛੀ ਉਸ ਨੂੰ ਫੜ ਬਾਹਰ ਕਢ ਲੈਣਗੇ।

ਕਵੀ : (ਗੰਭੀਰਤਾ ਨਾਲ) ਵਗਦੇ ਪਾਣੀਆਂ ਦੇ ਹਾਣੀ ਕਦੀ ਪਰਤ ਕੇ ਨਹੀਂ ਆਏ।

ਇਸਤਰੀ : ਉਹ ਜ਼ਰੂਰ ਆਵੇਗਾ। ਜ਼ਰੂਰ ਆਵੇਗਾ। ਮੈਨੂੰ ਜੋਤਸ਼ੀਆਂ ਨੇ ਦਸਿਆ ਏ, ਦਸਾਂ ਦਿਨਾਂ ਦੇ ਵਿਚ ਵਿਚ ਉਹ ਜ਼ਰੂਰ ਆਵੇਗਾ।

ਕਵੀ : ਅਜ ਛੇ ਦਿਨ ਲੰਘ ਗਏ ਨੇ, ਪਰ ਉਹ ਨਹੀਂ ਆਇਆ।

ਇਸਤਰੀ : ਉਹ ਜ਼ਰੂਰ ਆਵੇਗਾ। ਅਜੇ ਚਾਰ ਦਿਨ ਬਾਕੀ ਪਏ ਹੋਏ ਨੇ, ਉਹ ਜ਼ਰੂਰ ਆਵੇਗਾ।

ਕਵੀ : ਜੇ ਉਡੀਕਣਾ ਹੀ ਏ ਤਾਂ ਚਾਰ ਦਿਨਾਂ ਦੀ ਹੱਦ ਕਿਉਂ? ਉਡੀਕਾਂ ਵਿਚ ਤਾਂ ਲੋਕੀਂ ਉਮਰਾਂ ਲੰਘਾ ਦੇਂਦੇ ਨੇ।

ਇਸਤਰੀ : ਉਡੀਕਣ ਨੂੰ ਤਾਂ ਮੈਂ ਸੌ ਜਨਮ ਉਡੀਕ ਲਵਾਂ ਪਰ ਮੈਂ ਇਹ ਉਮਰ ਕਿਸ ਦੇ ਆਸਰੇ ਲੰਘਾਵਾਂ ?

ਕਵੀ : ਉਮਰ ਲੰਘਾਉਣ ਦੀ ਇੱਛਾ ਦੀ ਲੋਅ ਜਗਦੀ ਰਖਣੀ ਚਾਹੀਦੀ ਏ, ਆਸਰਾ ਕੋਈ ਨ ਕੋਈ ਲਭ ਹੀ ਪੈਂਦਾ ਏ।

ਇਸਤਰੀ : ਜਿਹੜਾ ਆਸਰਾ ਮੈਨੂੰ ਲਭਾ ਏ, ਜਦੋਂ ਉਹ ਵੇਖੇ ਸੁਣੇਗਾ ਤਾਂ ਮੇਰਾ ਸੰਘ ਘੁਟ ਸੁਟਗਾ।

ਕਵੀ : ਤੁਸੀਂ ਅਜਿਹਾ ਆਸਰਾ ਕਬੂਲ ਹੀ ਕਿਉਂ ਕੀਤਾ ਏ ?

ਇਸਤਰੀ : ਮੈਨੂੰ ਜੇਕਰ ਇਹ ਦਸ ਦਿਨ ਨਰਕਾਂ ਵਿਚ ਵੀ ਲੰਘਾਉਣੇ ਪੈਂਦੇ ਤਾਂ ਲੰਘਾਉਂਦੀ। (ਵਧੇਰੇ ਰੋਂਦਿਆਂ) ਮੈਂ ਇਕ ਵਾਰ ਆਪਣੇ ਪ੍ਰੀਤਮ ਦਾ ਮੁਖ ਵੇਖਣਾ ਚਾਹੁੰਦੀ ਹਾਂ।

ਕਵੀ : ਉਹ ਨਹੀਂ ਆਵੇਗਾ।

ਇਸਤਰੀ : ਨਹੀਂ, ਨਹੀਂ। ਉਹ ਜ਼ਰੂਰ ਆਵੇਗਾ।

ਕਵੀ : ਉਸ ਬੇਕਾਰੀ ਤੋਂ ਤੰਗ ਆਕੇ ਆਤਮ-ਹਤਿਆ ਕਰ ਲਈਏ।

ਇਸਤਰੀ : ਨਹੀਂ, ਨਹੀਂ।

ਕਵੀ : ਉਹ ਸੱਚ ਮੁੱਚ ਨਹੀਂ ਆਵੇਗਾ।

ਇਸਤਰੀ : ਨਹੀਂ, ਨਹੀਂ।

ਕਵੀ : ਦਰਿਆਂ ਦੀਆਂ ਲਹਿਰਾ ਨੇ ਛੇਤੀਂ ਹੀ ਉਸ ਨੂੰ ਮੌਤ ਦੀ ਨੀਂਦਰ ਸੁਲਾ ਦਿੱਤਾ ਹੋਵੇਗਾ।

ਇਸਤਰੀ : ਨਹੀਂ, ਨਹੀਂ।

ਕਵੀ : ਉਹ ਹੁਣ ਨਹੀਂ ਆਵੇਗਾ। (ਦੁਖ ਨਾਲ) ਜਿਵੇਂ ਮੇਰੀ ਮਾਂ ਹੁਣ ਮੇਰੇ ਕੋਲ ਨਹੀਂ ਆ ਸਕਦੀ। ਮੇਰੀ ਮਾਂ ਤੇ ਤੇਰਾ ਪ੍ਰੀਤਮ ਦੋਵੇਂ ਕਦੀ ਨਹੀਂ ਆਉਣਗੇ। ਕਦੀ ਵੀ ਨਹੀਂ ਆਉਣਗੇ।

(ਕੁੜੀ ਦੇ ਨੇੜੇ ਆਉਂਦਾ ਹੈ।)

ਕਵੀ : ਤੁਸੀਂ—ਤੁਸੀਂ ਪੜ੍ਹੇ ਲਿਖੇ ਹੋ ?

ਇਸਤਰੀ : ਨਹੀਂ।

ਕਵੀ : ਤੁਹਾਡਾ ਪਿੰਡ ਕਿਹੜਾ ਏ ?

ਇਸਤਰੀ : ਮੇਰਾ ਪਿੰਡ ਕੋਈ ਨਹੀਂ। ਜਿਸ ਪਿੰਡ ਵਿਚ ਲੋਕ ਮੇਰੇ ਪਰੇਮ ਦੇ ਵੈਰ ਪੈ ਗਏ, ਉਹ ਪਿੰਡ ਮੇਰਾ ਕਿਵੇਂ ਹੋ ਸਕਦਾ ਏ ?

ਕਵੀ : ਤੁਹਾਡੇ ਮਾਤਾ-ਪਿਤਾ ?

ਇਸਤਰੀ : ਉਹ ਮੈਨੂੰ ਬੂਹਿਆਂ ਪਿੱਛੇ ਬੰਦ ਕਰ ਕਰ ਕੇ ਰਖਿਆ ਕਰਦੇ ਸਨ।

ਕਵੀ : ਜੇਕਰ ਤੁਸੀਂ ਚਾਹੋ ਤਾਂ ਮੈਂ ਤੁਹਾਡੇ ਮਾਤਾ ਪਿਤਾ ਕੋਲ ਛੱਡ ਆ ਸਕਨਾਂ।

ਇਸਤਰੀ : ਮੈਂ ਉਹਨਾਂ ਲਈ ਮਰ ਚੁਕੀ ਹਾਂ, ਤੇ ਉਹ ਮੇਰੇ ਲਈ।

ਕਵੀ : ਅਸੀਂ ਲਖ ਰਿਸ਼ਤੇ ਮੁਕਾ ਲਈਏ, ਪਰ ਸਾਡੇ ਦਿਲ ਰਿਸ਼ਤਿਆਂ ਦੀਆਂ ਡੋਰੀਆਂ ਦੇ ਆਖਰੀ ਸਿਰੇ ਪਕੜ ਕੇ ਬੈਠੇ ਰਹਿੰਦੇ ਨੇ।

ਇਸਤਰੀ : ਮੇਰਾ ਦਿਲ ਸਭ ਡੋਰੀਆਂ ਛਡ ਚੁਕਾ ਏ। ਉਸ ਇੱਕ ਡੋਰੀ ਪੀਡੀ ਪਕੜ ਕੇ ਰਖੀ ਹੋਈ ਸੀ, ਹੁਣ ਉਹ ਵੀ ਉਸ ਦੇ ਹਥੋਂ ਖਿਸਕਦੀ ਨਜ਼ਰ ਆਉਂਦੀ ਏ।

ਕਵੀ : ਦਿਲ ਦੇ ਹਥ ਕਦੀ ਖਾਲੀ ਨਹੀਂ ਰਹਿੰਦੇ, ਉਨ੍ਹਾਂ ਵਿੱਚ ਕਿਸੇ ਨ ਕਿਸੇ ਦੀ ਡੋਰੀ ਜ਼ਰੂਰ ਰਹਿੰਦੀ ਹੈ।

ਇਸਤਰੀ : (ਦ੍ਰਿੜਤਾ ਨਾਲ) ਜੇਕਰ ਮੇਰੇ ਦਿਲ ਦੇ ਹੱਥੋਂ ਆਖਰੀ ਡੋਰੀ ਨਿਕਲ ਗਈ, ਤਾਂ ਮੈਂ ਉਸ ਨੂੰ ਕਿਸੇ ਹੋਰ ਦੀ ਡੋਰੀ ਕਦੇ ਨ ਫੜਨ ਦਿਆਂਗੀ।

ਕਵੀ : ਮੈਂ ਤੁਹਾਡੇ ਨਾਲ ਏਸ ਬਾਬਤ ਵੀ ਗਲ ਕਰਦਾਂ। ਪਹਿਲਾਂ ਤੁਸੀਂ ਬੈਠ ਜਾਉ। ਸਰਦੀ ਵਿਚ ਖੜੋਤਿਆਂ ਤੁਹਾਡੇ ਹਥ ਪੈਰ ਵੀ ਸੁਨ ਹੋ ਗਏ ਹੋਣਗੇ। ਇਸ ਬਲਬ ਦੀ ਲੋਅ ਵੀ ਕਿਤਨੀ ਮਧੱਮ ਏ! ਬਹਿਰੇ ਨੇ ਸਾਡੀ ਸੁਧ ਬੁਧ ਹੀ ਨਹੀਂ ਲਈ।

(ਬੈਲ ਬਜਾਉਂਦਾ ਹੈ)

ਬਹਿਰਾ : (ਆਕੇ) ਹਾਂ ਸਾਹਿਬ! (ਇਸਤਰੀ ਨੂੰ ਵੇਖ ਕੇ) ਅਰੇ ਬਾਪ ਰੇ! ਤੁੰਮ ਯਹਾਂ? ਤੁੰਮ ਨੇ ਤੋਂ ਸਾਥ ਵਾਲੇ ਕਮਰੇ ਮੇਂ ਜਾਨਾ ਥਾ। ਬਾਬਾ, ਪਹਿਲੇ ਤੋ ਤੁੰਮ ਕਿਸੀ ਕੋ ਪਸੰਦ ਨਹੀਂ ਆਤਾ, ਅਗਰ ਆ ਜਾਤਾ ਤੋ ਤੁੰਮ ਗਲਤ ਕਮਰੇ ਮੇਂ ਚਲਾ ਜਾਤਾ। ਸਾਥ ਵਾਲੇ ਕਮਰੇ ਮੇਂ ਜਾਉ, ਸੇਠ ਤੁਮਾਰਾ ਇੰਤਜ਼ਾਰ ਕਰ ਕਰ ਕੇ ਸੂਖ ਗਿਆ ਹੋ ਗਾ। ਜਾਉ, ਜਾਉ। (ਕਵੀ ਨੂੰ) ਦਾਦਾ ਕੋ ਮਤ ਬਤਾਨਾ ਸਾਹਿਬ, ਵੋਹ ਮੁਝੇ ਮਾਰ ਡਾਲੇਗਾ। ਯਹਿ ਗਲਤੀ ਸੇ ਇਧਰ ਆ ਗਿਆ। ਪਹਿਲੇ ਮੈਂ ਇਸੇ ਉਸ ਕਮਰੇ ਮੈਂ ਛੋੜ ਆਊਂ, ਫਿਰ ਤੁਮਾਰੀ ਸੇਵਾ ਕਰਤਾ ਹੂੰ। ਜੋ ਭੀ ਸੇਵਾ ਤੁੰਮ ਕਹੇਗਾ, ਹੰਮ ਕਰੇਗਾ। (ਇਸਤਰੀ ਨੂੰ) ਚਲੋ ਨ ਬਾਬਾ।

(ਇਸਤਰੀ ਭੁਬ ਮਾਰ ਕੇ ਰੋਂਦੀ ਹੈ ਤੇ ਤੁਰ ਪੈਂਦੀ ਹੈ।)

ਕਵੀ : ਠਹਿਰੋ।

ਬਹਿਰਾ : ਹੁਕਮ ਕਰੋ, ਬਾਬਾ।

ਕਵੀ : (ਇਸਤਰੀ ਨੂੰ) ਮੈਂ ਚਾਹੁੰਦਾਂ ਤੂ ਮੇਰੇ ਕੋਲ ਹੀ ਰਹੇਂ।

ਬਹਿਰਾ : ਤੁਮ ਰਖਣਾ ਚਾਹਤਾ? ਤੁੰਮ ਰਖਲੋ ਬਾਬਾ, ਮੈਂ ਸੇਠ ਸੇ ਕਹਿ ਦੂੰਗਾ ਮਾਲ ਵਾਲ ਨਹੀਂ ਹੈ। (ਚਲਾ ਜਾਂਦਾ ਹੈ।)

ਕਵੀ : ਤੇਰੇ ਨਾਲ ਤੇਰੇ ਪਰੀਤਮ ਦੀ ਮੈਂ ਵੀ ਉਡੀਕ ਕਰਾਂਗਾ। ਚਾਰ ਦਿਨ ਬਾਦ ਜੇਕਰ ਉਹ ਨ ਆਇਆ ਤਾਂ ਮੈਂ ਤੈਨੂੰ ਮਰਨ ਨਹੀਂ ਦੇਵਾਂਗਾ। ਕਿਸੇ ਕੀਮਤ 'ਤੇ ਵੀ ਮਰਨ ਨਹੀਂ ਦੇਵਾਂਗਾ। ਮੈਂ ਤੈਨੂੰ ਜਿਉਂਦਾ ਰਖਾਂਗਾ।

ਇਸਤਰੀ : ਮੈਂ ਜਿਉਂਦੇ ਨਹੀਂ ਰਹਿਣਾ। ਜਿਉਂਦੇ ਨਹੀਂ ਰਹਿਣਾ ਨਹੀਂ, ਨਹੀਂ।

ਕਵੀ : ਮੈਂ ਤੈਨੂੰ ਜਿਉਂਦਾ ਰਖਾਂਗਾ।

ਇਸਤਰੀ : (ਪਾਗਲਾਂ ਵਾਂਗ) ਨਹੀਂ, ਨਹੀਂ।

(ਕਵੀ ਦੀਵਾਰ ਤੇ ਲਗੇ ਬਿਜਲੀ ਦੇ ਬਟਨ ਨੂੰ ਦਬਾਉਂਦਾ ਹੈ ਤੇ ਇੱਕ ਹੋਰ ਬਲਬ ਜਗ ਪੈਂਦਾ ਹੈ ਜਿਸ ਨਾਲ ਚਾਨਣ ਪਹਿਲਾਂ ਨਾਲੋਂ ਵਧ ਹੋ ਜਾਂਦਾ ਹੈ। ਇਸਤਰੀ ਰੋਂਦੀ ਜਾਂਦੀ ਹੈ। ਕਵੀ ਬਾਹਰਲਾ ਬੂਹਾ ਖੋਲ੍ਹਦਾ ਹੈ ਤੇ ਪਰਦਾ ਡਿਗਦਾ ਹੈ।)

# ਜਿਨ੍ਹਾਂ ਮਨ ਹੋਰ ਮੁਖ ਹੋਰ

ਅ. ਛ.

ਮੇਰੇ ਮਿਤਰ ਦੀ ਚਾਰ ਸਾਲ ਦੀ ਬੱਚੀ ਨਾਲ ਗੁਆਂਢੀਆਂ ਦੇ ਮੁੰਡੇ ਨੇ ਜ਼ਬਰਦਸਤੀ ਕੀਤੀ। ਇਹੋ ਜਿਹੀ ਗਲ ਦਾ ਪਤਾ ਕਿਸੇ ਨੂੰ ਨਹੀਂ ਲਗਦਾ। ਸਵਾਏ ਉਸ ਬੱਚੀ ਦੇ ਤੇ ਉਸ ਮੁੰਡੇ ਦੇ ਹੋਰ ਕਿਸੇ ਨੂੰ ਇਸ ਗਲ ਦਾ ਭੇਤ ਨਹੀਂ ਸੀ। ਬੱਚੀ ਰੋਈ, ਮਾਂ ਨੂੰ ਕਾਰਨ ਪਤਾ ਲਗਾ, ਪਿਤਾ ਡਿਊਟੀ ਤੋਂ ਵਾਪਸ ਆਇਆ। ਪੁਲੀਸ ਨੂੰ ਰਿਪੋਰਟ ਦਿੱਤੀ ਗਈ ਤਾਂ ਉਨ੍ਹਾਂ ਕਿਹਾ ਕਿ ਜੇ ਮੌਕੇ ਦਾ ਗਵਾਹ ਬਣ ਸਕੇ ਤਾਂ ਤੁਸੀਂ ਉਸ ਮੁੰਡੇ ਨੂੰ ਸਜ਼ਾ ਦਿਵਾ ਸਕਦੇ ਹੋ। ਕਿੰਨੀ ਹਾਸੋ ਹੀਣੀ ਗਲ ਸੀ ਕਿ ਸੱਚ ਦੇ ਪ੍ਰਮਾਣ ਲਈ ਝੂਠ ਦਾ ਸਹਾਰਾ ਜ਼ਰੂਰੀ ਸੀ।

ਗਵਾਹੀ ਲਈ ਮੈਨੂੰ ਤਿਆਰ ਕੀਤਾ ਗਿਆ। ਮੇਰੇ ਮਨ ਵਿਚ ਇਹ ਗਲ ਨਹੀਂ ਆਈ ਕਿ ਮੈਂ ਝੂਠ ਬੋਲਾਂਗਾ ਤੇ ਮੈਨੂੰ ਪਾਪ ਲਗੇ ਗਾ। ਮੈਨੂੰ ਇਸ ਗਲ ਦਾ ਵੀ ਚੇਤਾ ਨਹੀਂ ਆਇਆ ਕਿ ਇਸ ਤਰ੍ਹਾਂ ਕਰਨਾ ਮੇਰੀ ਆਤਮਾ ਮੰਨੇਗੀ ਕਿ ਨਹੀਂ। ਮੈਨੂੰ ਉਸ ਵੇਲੇ ਸਿਰਫ ਏਸ ਗਲ ਦਾ ਚੇਤਾ ਆਇਆ ਕਿ ਇਸ ਤਰ੍ਹਾਂ ਕਰਨ ਨਾਲ ਮੇਰੀ ਸਰਕਾਰੀ ਨੌਕਰੀ 'ਤੇ ਤਾਂ ਕੋਈ ਅਸਰ ਨਹੀਂ ਹੋਏਗਾ। ਸਮੱਸਿਆ ਝੂਠ ਜਾਂ ਸੱਚ ਦੀ ਨਹੀਂ ਸਿਰਫ ਆਪਣੀ ਖਲੜੀ ਦੇ ਬਚਾਅ ਦੀ ਸੀ, ਆਪਣੇ ਭਵਿਖ ਦੀ ਸੁਰਖਿਆ ਦੀ ਸੀ। ਸਚ ਦੇ ਨਤਾਰੇ ਲਈ ਮੈਂ ਝੂਠ ਦਾ ਲੜ ਫੜਨ ਨੂੰ ਤਿਆਰ ਸਾਂ ਪਰ ਰੋਟੀ ਏਸ ਲੜ ਨੂੰ ਛਿਜਣ ਲਈ ਮਜਬੂਰ ਕਰ ਰਹੀ ਸੀ। ਪਹਿਲੀ ਪੇਸ਼ੀ ਵੇਲੇ ਮੈਂ ਬਹਾਨਾ ਲਾ ਛਡਿਆ 'ਤੇ ਆਪਣੀ ਵਹੁਟੀ ਕੋਲੋਂ ਚਿਠੀ ਲਿਖਵਾ ਦਿਤੀ ਕਿ ਮੈਂ ਬਾਹਰ ਗਿਆ ਹੋਇਆ ਸਾਂ। ਚਿਠੀ ਲਿਖਣ ਵੇਲੇ ਵੀ ਇਹੋ ਖਿਆਲ ਸੀ ਕਿ ਮਿੱਤਰ ਕੀ ਕਹੇਗਾ। ਜ਼ਰੂਰ ਸੋਚੇਗਾ ਕਿ ਮੈਂ ਜਾਣਕੇ ਬਹਾਨਾ ਲਾਇਆ ਏ। ਉਹ ਆਪ ਵੀ ਸ਼ਾਇਦ ਇਹੋ ਜਿਹੀ ਸਥਿਤੀ ਵਿੱਚ ਏਸੇ ਤਰ੍ਹਾਂ ਹੀ ਕਰਦਾ ਹੋਵੇਗਾ। ਅਸੀਂ ਸਾਰੇ

ਏਸੇ ਤਰ੍ਹਾਂ ਕਰਦੇ ਹਾਂ। ਸੱਚ ਨੂੰ ਜਾਣਦੇ ਹੋਏ ਵੀ ਅਸੀਂ ਸੱਚ ਬੋਲਣ ਦੀ ਹਿੰਮਤ ਨਹੀਂ ਕਰਦੇ। ਮੈਂ ਇਹ ਨਹੀਂ ਕਹਾਂਗਾ ਸਚ ਬੋਲਣਾ ਤਲਵਾਰ ਦੀ ਧਾਰ ਤੇ ਚੱਲਣ ਸਮਾਣ ਏ ਪਰ ਸੱਚ ਬੋਲਣਾ ਹੈ ਬੜਾ ਔਖਾ। ਸ਼ਾਇਦ ਮੈਂ ਦੂਜਿਆਂ ਨੂੰ ਵੀ ਆਪਣੇ ਵ ਗਾ ਸਮਝਦਾ ਹਾਂ। ਦੁਨੀਆਂ ਵਿੱਚ ਇਹੋ ਜਿਹੇ ਲੋਕ ਜ਼ਰੂਰ ਹੋਣਗੇ ਜਿਹੜੇ ਸੱਚ ਬੋਲਦੇ ਹੋਣਗੇ। ਆਮ ਲੋਕੀਂ ਉਨ੍ਹਾਂ ਨੂੰ ਪਾਗਲ ਸਮਝਦੇ ਨੇ। ਸ਼ਾਇਦ ਮੈਂ ਮਧ ਵਰਗ ਨੂੰ ਹੀ ਬਹੁਤਾ ਜਾਣਦਾ ਹਾਂ ਏਸੇ ਲਈ ਇਹੋ ਜਿਹੀਆਂ ਗੱਲਾਂ ਨੂੰ ਵਧੇਰੇ ਮਹੱਤਤਾ ਦਿੰਦਾ ਹਾਂ ਜਿਹੜੀਆਂ ਮੱਧ-ਵਰਗ ਦੇ ਵਿਹਾਰ ਦੇ ਪ੍ਰਮਾਣ ਰਾਹੀਂ ਸਿੱਧ ਕੀਤੀਆਂ ਜਾ ਸਕਦੀਆਂ ਹਨ।

ਜਾਂ ਸ਼ਾਇਦ ਮੈਂ ਰਾਜਸੀ ਆਗੂਆਂ ਨੂੰ ਜਾਣਦਾ ਹਾਂ ਜਿਹੜੇ ਇਨ੍ਹਾਂ ਹੀ ਅਸੂਲਾਂ ਨੂੰ ਆਪਣੇ ਵਿਹਾਰ ਵਿਚ ਸਿੱਧ ਕਰਦੇ ਹਨ। ਫਰਕ ਸਿਰਫ ਇਹ ਹੈ ਕਿ ਮੱਧ ਵਰਗੀ ਬਹੁਤੀ ਵਾਰ ਜਦੋਂ ਇਹੋ ਜਿਹੇ ਵਿਹਾਰ ਦਾ ਪਰਦਰਸ਼ਨ ਕਰਦੇ ਹਨ ਤਾਂ ਉਹ ਸੱਚੀ ਮੁੱਚੀ ਹੀ ਐਸੀ ਸਥਿਤੀ ਦੀ ਕੜਿਕੀ ਵਿਚੋਂ ਨਿਕਲਣ ਦੇ ਉਪਰਾਲੇ ਨੂੰ ਸਹੀ ਅਤੇ ਉਚਿਤ ਸਮਝਦੇ ਹੋਏ ਆਪਣੇ ਵਿਹਾਰ ਨੂੰ ਸਿਧ ਕਰਦੇ ਹਨ। ਇਹੋ ਵਿਹਾਰ ਜਦੋਂ ਰਾਜਸੀ ਆਗੂ ਜਾਂ ਸਮਾਜ ਸੇਵਕਾਂ ਦੇ ਕਰਮ ਖੇਤਰ ਵਿਚ ਪਰਦਰਸ਼ਤ ਹੁੰਦਾ ਹੈ ਤਾਂ ਉਹ ਸਮਾਜ ਸੇਵਾ, ਦੇਸ ਸੇਵਾ, ਦੇਸ ਭਗਤੀ ਆਦਿ ਦੇ ਰੂਪ ਵਿਚ ਜ਼ਾਹਰ ਹੁੰਦਾ ਹੈ। ਸ਼ਾਇਦ ਬਰਨਾਰਡ ਸ਼ਾਅ ਨੇ ਕਿਧਰੇ ਕਿਹਾ ਏ ਕਿ ਬਰਤਾਨਵੀ ਕੌਮ ਵਿੱਚ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਹ ਆਪਣੇ ਸੁਆਰਥ ਨੂੰ ਸਮਾਜ-ਕਲਿਆਨ ਲਈ ਲੋੜੀਂਦੇ ਸਿੱਧ ਕੀਤੇ ਹੋਏ ਕਾਰਜ ਦੀ ਅਵਸ਼ਕਤਾ ਨੂੰ ਪਰਚਾਰਦੇ ਹਨ। ਪਰ ਇਹੋ ਗਲ ਮੈਂ ਆਪਣੇ ਰਾਜਨੀਤਕ, ਸਮਾਜਕ ਆਗੂਆਂ ਬਾਰੇ ਵੀ ਕਹਿ ਸਕਦਾ ਹਾਂ ਕਿਉਂਕਿ ਉਨ੍ਹਾਂ ਦੀ ਕਥਨੀ ਤੇ ਕਰਨੀ ਏਸੇ ਗਲ ਨੂੰ ਦ੍ਰਿੜ ਕਰਵਾਂਦੀਆਂ ਹਨ। ਸਾਡਾ ਰਾਜ ਪ੍ਰਬੰਧ ਗਣ-ਤੰਤਰ ਹੈ। ਸਾਡੇ ਆਗੂਆਂ ਦੀ ਕਥਨੀ ਅਨੁਸਾਰ ਸਾਡੇ ਨਿਯਤ ਮੰਤਵ ਲੋਕ ਭਲਾਈ ਵਾਲੇ ਹਨ। ਦਿਨ ਰਾਤ ਸਟੇਜ 'ਤੇ ਚੜ੍ਹਕੇ ਇਨ੍ਹਾਂ ਉੱਚ ਨਿਯਮਾਂ ਦਾ ਪ੍ਰਚਾਰ ਪੂਰੇ ਜੋਸ਼ ਨਾਲ ਕੀਤਾ ਜਾਂਦਾ ਹੈ। ਸ਼ਾਇਦ ਉਹ ਅਜਿਹਾ ਕਰਨ ਵਿਚ ਪੂਰੀ ਤਰ੍ਹਾਂ ਠੀਕ ਹਨ ਕਿਉਂਕਿ ਜਿੰਨਾਂ ਚਿਰ ਸਾਡੀ ਜਨਤਾ ਉਨ੍ਹਾਂ ਦੀਆਂ ਕਹੀਆਂ ਗਲਾਂ ਨੂੰ ਮੰਨਦੀ ਹੈ ਉਨੀ ਦੇਰ ਉਹ ਆਪਣੀਆਂ ਰਾਜਨੀਤਕ ਕਲਾਬਾਜ਼ੀਆਂ ਨੂੰ ਚਾਲੂ ਰਖਦੇ ਹਨ ਤੇ ਜਦੋਂ ਵੀ ਲੋਕੀਂ ਕੋਈ ਸ਼ੰਕਾ ਪ੍ਰਗਟ ਕਰਨ ਤਾਂ ਇਹ ਘੁਲਾਟੀਏ ਕੋਈ ਹੋਰ ਅਜਿਹਾ ਦਾ ਮਾਰਦੇ ਹਨ ਕਿ ਜਨਤਾ ਖੁਸ਼ੀ ਨਾਲ ਤਾੜੀਆਂ ਵਜਾਂਦੀ ਹੈ, ਵਾਹ ਵਾਹ ਕਰਦੀ ਹੈ ਤੇ ਖੁਸ਼ ਖੁਸ਼ ਘਰੀਂ ਜਾਕੇ ਸੁਖ ਦੀ ਨੀਂਦਰ ਸੌਂਦੀ ਹੈ।

ਜੇ ਕੋਈ ਆਪਣੀਆਂ ਮੰਗਾਂ ਮਨਵਾਣ ਲਈ ਭੁਖ ਹੜਤਾਲ ਕਰਦਾ ਹੈ ਤਾਂ ਉਹਦਾ ਮਖੌਲ ਉਡਾਇਆ ਜਾਂਦਾ ਹੈ। ਉਹਨੂੰ ਬੁਜ਼ਦਿਲ, ਬਲੈਕ-ਮੇਲਰ ਕਿਹਾ ਜਾਂਦਾ ਹੈ ਤੇ ਗਾਂਧੀ ਜੀ ਦੇ ਵਰਤੇ ਏਸ ਹਥਿਆਰ ਨੂੰ ਅਯੋਗ ਵਰਤੋਂ ਵਿਚ ਲਿਆਂਦਾ ਜਾ ਰਿਹਾ ਅ ਖਿਆ ਜਾਂਦਾ ਹੈ। ਪਰ ਇਨ੍ਹਾਂ ਨੂੰ ਜਿਹਲ ਵਿਚ ਸੁਟ ਦੇਣਾ, ਲਾਠੀਆਂ ਚਲਾਣੀਆਂ, ਗੋਲੀਆਂ ਚਲਾਣੀਆਂ ਤੇ 'ਗੜ ਬੜ ਅੰਸ਼' ਨੂੰ ਸਖਤੀ ਨਾਲ ਕੁਚਲਣ ਦੀ ਕਾਰਵਾਈ ਨੂੰ ਉਚਿਤ ਕਹਿ ਕੇ ਇਹ ਗਲ ਭੁਲਾ ਦਿੱਤੀ ਜਾਂਦੀ ਹੈ ਕਿ ਇਹੋ ਗਲਾਂ ਅੰਗਰੇਜ਼ ਕਰਦੇ ਸਨ। ਉਹ ਤੇ ਵਦੇਸੀ ਸਨ ਉਨ੍ਹਾਂ ਤਾਂ ਆਪਣਾ ਰਾਜ ਕਾਇਮ ਰਖਣ ਲਈ ਅਜਿ-ਹੀਆਂ ਗੱਲਾਂ ਕੀਤੀਆਂ ਹੁਣ ਇਹੋ ਜਿਹਾ ਜ਼ੁਲਮ ਕਿਉਂ ਕੀਤਾ ਜਾਂਦਾ ਏ ? ਸ਼ਾਇਦ ਲੋਕਾਂ ਨੂੰ ਨਾਅਰੇ ਲਾਂਦਿਆਂ ਸੁਣਕੇ, ਮੰਗਾਂ ਮੰਗਦੇ ਵੇਖਕੇ, ਜਥੇਬੰਦੀ ਦੇ ਪਰਦਰਸ਼ਨ ਤੋਂ ਡਰਕੇ ਇਹਨਾਂ ਲੋਕਾਂ ਨੂੰ ਵੀ

ਆਪਣੀਆਂ ਗੱਦੀਆਂ ਦੀ ਚਿੰਤਾ ਲਗ ਜਾਂਦੀ ਹੈ। ਦੂਜੇ ਦੀ ਕੀਤੀ ਕਾਰਵਾਈ ਨੂੰ ਅਨੁਚਿਤ ਆਖ ਕੇ ਆਪਣੀਆਂ ਕਾਰਵਾਈ ਨੂੰ ਉੱਚਿਤ ਕਹਿਣਾ ਕੋਈ ਵੱਖਰੀ ਗਲ ਨਹੀਂ। ਇਸ ਲਈ ਇਹ ਰਾਜਸੀ ਨੇਤਾ ਜੋ ਕਰਦੇ ਹਨ ਉਹ ਨਵਾਂ ਨਹੀਂ ਹੁੰਦਾ। ਫਰਕ ਸਿਰਫ ਇਹ ਹੈ ਕਿ ਜਨ ਸਾਧਾਰਨ ਉਨ੍ਹਾਂ ਦੇ ਦਿਸਦੇ ਰੂਪ ਪਿਛੇ ਛੁਪੇ ਕਰੂਪ ਨੂੰ ਨਹੀਂ ਪਛਾਣ ਸਕਦੇ।

ਅਜ ਅਸੀਂ ਇਕ ਅਜਿਹੀ ਸਥਿਤੀ ਵਿਚੋਂ ਲੰਘ ਰਹੇ ਹਾਂ ਜਿਸ ਨੂੰ 'ਸੰਕਟ' ਦੀ ਸਥਿਤੀ ਮਿਥਿਆ ਗਿਆ ਹੈ। ਏਸ ਸੰਕਟ ਸਮੇਂ ਸਾਰੇ ਲੀਡਰਾਂ ਵਲੋਂ ਸਾਨੂੰ ਚਿਤਾਵਨੀਆਂ ਦੇ ਦੇ ਸਾਡੇ ਫਰਜ਼ ਸਾਨੂੰ ਚੇਤੇ ਕਰਵਾਏ ਗਏ ਹਨ। ਡੀਫੈਂਸ ਫੰਡ ਇੱਕਠੇ ਕੀਤੇ ਗਏ ਹਨ। ਹਰ ਦਫਤਰ ਦੇ ਮੁਖ ਕਰਮਚਾਰੀ ਨੇ ਵੱਧ ਤੋਂ ਵੱਧ ਫੰਡ ਇਕੱਠਾ ਕਰਨ ਦਾ ਯਤਨ ਕੀਤਾ ਹੈ। ਏਸ ਤਰ੍ਹਾਂ ਕਰਨ ਲਈ ਭਾਵੇਂ ਉਸ ਨੂੰ ਕਈ ਬਲੈਕ ਮਾਰਕੀਟੀਆਂ ਨੂੰ ਰਿਆਇਤ ਦੇਣੀ ਪਈ ਹੈ। ਮੇਰੇ ਇਕ ਨਜ਼ਦੀਕੀ ਰਿਸ਼ਤੇਦਾਰ ਨੇ ਬਲੈਕ ਕੀਤੀ, ਡਰ ਸੀ ਕਿ ਫੜਿਆ ਨਾ ਜਾਵੇ ਪਰ 500 ਰੁਪੈ ਡੀਫੈਂਸ ਫੰਡ ਵਿਚ ਦਿੱਤੇ ਤਾਂ ਕੁਝ ਵੀ ਨਹੀਂ ਹੋਇਆ। ਜੇ ਉਹ ਨਾ ਦਿੰਦਾ ਤਾਂ ਸ਼ਾਇਦ ਜਿਹਲ ਵਿਚ ਹੁੰਦਾ। ਵੈਸੇ ਮੈਂ ਸਮਝਦਾ ਹਾਂ ਕਿ ਉਸ ਅਫਸਰ ਨੇ ਵਧੇਰੇ ਫੰਡ ਇੱਕਠਾ ਕਰਕੇ ਦੇਸ ਦੀ ਸੇਵਾ ਕੀਤੀ ਹੈ। ਇਸ ਅਫਸਰ ਦੀ ਕਾਫੀ ਪ੍ਰਸੰਸਾ ਵੀ ਹੋਈ ਹੋਵੇਗੀ ਕਿਉਂਕਿ ਅਜਿਹੇ ਦੇਸ ਭਗਤ ਜਿਹੜੇ ਵੇਲੇ ਸਿਰ ਪੂਰੇ ਉਤਰਨ ਘੱਟ ਹੀ ਮਿਲਦੇ ਹਨ। ਇਨ੍ਹਾਂ ਅਫਸਰਾਂ ਨੇ ਦੇਸ ਸੇਵਾ ਕੀਤੀ ਜਾਂ ਸਵੈ-ਪ੍ਰਸੰਸਾ ਪ੍ਰਾਪਤ ਕੀਤੀ, ਕੌਣ ਕਹਿ ਸਕਦਾ ਹੈ ? ਚੁਪ ਦਾ ਸ਼ੜਯੰਤਰ ਸਭ ਪਾਸੇ ਪਸਰਿਆ ਹੋਇਆ ਹੈ। ਮੇਰੀ ਤਨਖਾਹ ਵਿਚੋਂ ਇਕ ਦਿਨ ਦੇ ਪੈਸੇ ਕਟੇ ਗਏ ਹਨ, ਇਕ ਦੋ ਦਿਨ ਸੋਚਦਾ ਰਿਹਾ ਕਿ ਕੀ ਕਰਾਂ। ਪਿਛੋਂ ਆਪਣੇ ਸਹਿ-ਕਰਮਚਾਰੀਆਂ ਨੂੰ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਦੇਸ 'ਤੇ ਬਣੀ ਭੀੜ ਵੇਲੇ ਸਾਨੂੰ ਵੱਧ ਚੜ੍ਹਕੇ ਦੇਸ ਦੀ ਰਖਿਆ ਵਿਚ ਹਿੱਸਾ ਪਾਣਾ ਚਾਹੀਦਾ ਹੈ। ਡਰ ਇਹੋ ਸੀ ਕਿ ਕਿਧਰੇ ਬਾਸ ਨਾਰਾਜ਼ ਨਾ ਹੋ ਜਾਵੇ। ਭਾਵੇਂ ਮਨ ਵਿਚ ਕਰੋਧ ਸੀ ਪਰ ਇਹ ਕਰੋਧ ਦੇਸ ਸੇਵਾ ਦਾ ਰੂਪ ਧਾਰਨ ਕਰਕੇ ਪਰਦਰਸ਼ਤ ਹੋਇਆਂ। ਲੋਕਾਂ ਦੀ ਵਾਹ ਵਾਹ ਵਾਧੂ ਵਿਚ ਮਿਲ ਗਈ।

ਸਾਡੇ ਨਾਲ ਇਕ ਇਸਤਰੀ ਕਰਮਚਾਰੀ ਅਜਿਹੀ ਦੇਸ ਭਗਤੀ ਦਾ ਪਰਦਰਸ਼ਨ ਕਰਨ ਵਿਚ ਬੜੀ ਸਫਲ ਰਹੀ ਸੀ। ਜਦੋਂ ਸੰਕਟ ਕਾਲ ਸਥਿਤੀ ਸਥਾਪਤ ਕੀਤੀ ਗਈ ਤਾਂ ਉਸ ਨੇ ਕਿਹਾ ਮੈਂ ਹਰ ਮਹੀਨੇ ਤਿੰਨ ਦਿਨਾਂ ਦੀ ਤਨਖਾਹ ਦੇਵਾਂਗੀ। ਤਨਖਾਹ ਤਾਂ ਪਤਾ ਨਹੀਂ ਉਸ ਕਿੰਨਾਂ ਚਿਰ ਦਿੱਤੀ ਪਰ ਥੋਹੜੀ ਦੇਰ ਪਿਛੋਂ ਉਸ ਨੂੰ ਉੱਚ ਪਦਵੀ ਦੀ ਪ੍ਰਾਪਤੀ ਜ਼ਰੂਰ ਹੋ ਗਈ। ਮੈਨੂੰ ਤੇ ਮੌਕਾ ਨਹੀਂ ਲਗਾ ਕਿ ਅਜਿਹੀ ਦੇਸ ਭਗਤੀ ਦਾ ਪ੍ਰਦਰਸ਼ਨ ਕਰ ਸਕਦਾ ਨਹੀਂ ਤਾਂ ਮੈਨੂੰ ਵੀ ਕੋਈ ਫਾਇਦਾ ਹੋ ਜਾਂਦਾ। ਸ਼ਾਇਦ ਮੈਂ ਸੁਭਾਵਕ ਘੱਟ ਬੋਲਣ ਵਾਲਾ ਹਾਂ ਇਸ ਲਈ ਮੌਕੇ ਨੂੰ ਸਮਝਦਾ ਹੋਇਆ ਵੀ ਉਸਦਾ ਪੂਰਾ ਫਾਇਦਾ ਨਹੀਂ ਉਠਾ ਸਕਦਾ। ਸੋਚਦਾ ਹਾਂ ਮੈਂ ਵੀ ਆਪਣੇ ਏਸ ਸੁਭਾਵਕ ਘਾਟੇ ਨੂੰ ਪੂਰਾ ਕਰਾਂ। ਮੂੰਹ ਕਾਲਾ ਕਰਕੇ, ਬਾਹਵਾਂ ਹਿਲਾ ਕੇ, ਛਾਤੀ ਤਾਣ ਕੇ ਤੇ ਠੋਕ ਕੇ ਆਪਣੀ ਸੁਹਿਰ-ਦਤਾ ਦਾ ਪ੍ਰਮਾਣ ਦੇ ਸਕਾਂ ਪਰ ਕੀ ਕਰਾਂ ਨਾਟਕ ਕਰਨਾ ਨਹੀਂ ਆਉਂਦਾ। ਜੇ ਆਉਂਦਾ ਹੈ ਤਾਂ ਉਹ 'ਰਾਮ ਲੀਲਾ' ਵਰਗਾ ਨਹੀਂ ਹੁੰਦਾ ਕਿ ਜਨਤਾ ਨੂੰ ਪ੍ਰਭਾਵਤ ਕਰ ਸਕੇ।

ਹਿੰਦ-ਪਾਕ ਝਗੜੇ ਵਿਚ ਦੋਹਾਂ ਪਾਸਿਆਂ ਤੋਂ ਦਸ ਬਾਰਾਂ ਹਜ਼ਾਰ ਫੌਜੀ ਮਾਰੇ ਗਏ ਹਨ। ਮੇਰੇ ਬਹੁਤ ਸਾਰੇ ਗੁਆਂਢੀ ਖਬਰਾਂ ਸੁਣ ਕੇ ਡਰਦੇ ਰਹੇ ਹਨ। ਪਾਕਿਸਤਾਨ ਨੂੰ ਗਾਲ੍ਹਾਂ ਕਢਦੇ, 'ਦੁਸ਼ਮਣ' ਲਈ ਮੰਦਾ ਚਿਤਵਦੇ ਤੇ ਹਵਾਈ ਹਮਲੇ ਦਾ ਹੂਟਰ ਵਜਦੇ ਹੀ ਸਹਿਮ ਜਾਂਦੇ, ਘਰਾਂ ਅੰਦਰ ਵੜ

ਜਾਂਦੇ, ਸੁਤੇ ਹੁੰਦੇ ਤਾਂ ਉਠ ਕੇ ਮੰਜੀਆਂ ਥਲੇ ਵੜ ਜਾਂਦੇ। ਜਿਹੜੇ ਵੱਡੇ ਦੇਸ ਭਗਤ ਸਨ, ਖੱਲੇ ਖਲੋਤੇ ਸਾਰੀ ਦੁਨੀਆਂ ਦੀ ਕਿਸਮਤ ਦਾ ਫੈਸਲਾ ਕਰ ਦਿੰਦੇ, ਅਕਾਸ਼ ਪਤਾਲ ਦੀਆਂ ਖਬਰਾਂ ਲੱਭ ਲਿਆਉਂਦੇ ਤੇ ਵਡੇ ਵਡੇ ਦੇਸੀ ਤੇ ਬਦੇਸੀ ਲੀਡਰਾਂ ਦੇ ਮਨਾਂ ਦੀਆਂ ਗਲਾਂ ਦਾ ਵਿਸ਼ਲੇਸ਼ਨ ਕਰਦੇ, ਉਹੀ ਦੇਸ ਭਗਤ ਸੱਭ ਨਾਲੋਂ ਪਹਿਲਾਂ ਦਿਲੀਉਂ ਪਾਰ ਚਲੇ ਗਏ। ਜਦੋਂ ਸਮਾਨ ਜਾਂ ਬਾਲ ਬੱਚੇ ਛਡ ਆਏ ਤਾਂ ਫੇਰ ਉਹੋ ਗਲੀਆਂ ਨੁਕਰਾਂ 'ਤੇ ਖਲੋਣਾ, ਲੰਘਦੇ ਜਹਾਜ਼ਾਂ ਨੂੰ ਵੇਖ ਕੇ ਸਹਿਮਣਾ, ਦੁਨੀਆਂ ਦੀ ਕਿਸਮਤ ਦਾ ਫੈਸਲਾ ਕਰਨਾ, 'ਵੈਰੀ' ਨੂੰ ਚੁਣ ਚੁਣ ਕੇ ਗਾਹਲਾਂ ਕਢਣੀਆਂ, ਦੇਸ ਲਈ ਕੁਰਬਾਨੀ ਕਰ ਸਕਣ ਦੀਆਂ ਡੀਂਗਾਂ।

ਮੇਰਾ ਇਕ ਗੁਆਂਢੀ ਪ੍ਰੋਫੈਸਰ ਝਗੜੇ ਦੇ ਪਹਿਲੇ ਦਿਨਾਂ ਵਿੱਚ ਹੂਟਰ ਵਜਣ 'ਤੇ ਬੜੇ ਭੇਦ ਭਰੇ ਅਦਾਜ਼ ਵਿਚ ਆ ਕੇ ਕਹਿਣਾ ਲਗਾ 'ਦੇਖੋ ਜੀ, ਡਰਨ ਵਿਚ ਈ ਭਲਾਈ ਏ, ਇਹਤਿਆਤ ਕਰਨ ਵਿਚ ਬੁਜ਼ਦਿਲੀ ਨਹੀਂ.........' ਤੇ ਫਿਰ ਉਹ ਪਾਕਿਸਤਾਨ ਨੂੰ ਬਹੁਤ ਸਾਰੀਆਂ ਗਾਹਲਾਂ ਕਢਦਾ। ਜਦੋਂ ਮੈਂ ਉਹਦੇ ਡਰ ਦਾ ਮਖੌਲ ਉਡਾਇਆ ਤਾਂ ਉਹਨੂੰ ਪਤਾ ਲਗ ਗਿਆ ਕਿ ਗੱਲ ਮਨ ਵਿਚ ਲੁਕਾ ਕੇ ਰਖਣ ਵਿਚ ਈ ਵਡਿਆਈ ਏ।

ਵਕੀਲ ਸਾਹਿਬ ਮੇਰੇ ਇਕ ਹੋਰ ਗੁਆਂਢੀ ਨੇ। ਦਿਨ ਚੜ੍ਹਦਾ ਤਾਂ ਉਹ ਅਕਾਲੀਆਂ ਨੂੰ ਗਾਹਲਾਂ ਕਢਣੀਆਂ ਸ਼ੁਰੂ ਕਰ ਦਿੰਦੇ। 'ਇਨ੍ਹਾਂ ਨੂੰ ਦੇਸ ਦੀ ਹਾਲਤ ਸਮਝਣੀ ਚਾਹੀਦੀ ਏ। ਸੰਕਟ ਦੇ ਸਮੇਂ ਵਰਤ ਰਖਣੇ ਕਿਥੋਂ ਦੀ ਦੇਸ ਭਗਤੀ ਏ, ਇਹ ਤੇ ਸਰਾਸਰ ਦੇਸ ਧਰੋਹੀ ਏ, ਇਹੋ ਜਿਹੇ ਆਦਮੀ ਨੂੰ ਗੋਲੀ ਮਾਰ ਦੇਣੀ ਚਾਹੀਦੀ ਏ।' ਪਰ ਉਨ੍ਹਾਂ ਦਾ ਵਸ ਨਹੀਂ ਚਲਦਾ। ਵਸ ਤੇ ਸਰਕਾਰ ਦਾ ਵੀ ਨਹੀਂ ਸੀ ਚਲਦਾ। ਕਿਉਂਕਿ ਸੰਤ ਫਤਿਹ ਸਿੰਘ ਗੁਰਦੁਆਰੇ ਦੀ ਚਾਰ-ਦੀਵਾਰੀ ਵਿਚ ਬੰਦ ਸੀ ਨਹੀਂ ਤੇ ਸ਼ਾਇਦ ਉਹ ਵਕੀਲ ਦੀ ਗਲ ਪੂਰੀ ਕਰਨ ਵਿਚ ਢਿੱਲ ਨਾ ਕਰਦੀ। ਇਹ ਅਕਾਲੀ ਵੀ ਵਾਹਵਾ ਨੇ। ਗੁਰਦੁਆਰੇ ਬਹਿਕੇ, ਬੋਲੀ ਦਾ ਵਾਸਤਾ ਪਾਂਦੇ ਨੇ। ਪ੍ਰਬੰਧਕ ਕਮੇਟੀ ਦਾ ਕਰੋੜਾਂ ਰੁਪਏ ਦਾ ਬਜਟ ਵਰਤਦੇ ਨੇ ਪਰ ਬੋਲੀ ਲਈ ਇਕ ਧੇਲਾ ਵੀ ਨਹੀਂ ਖਰਚਦੇ। ਪਰ ਧਰਮ ਦੇ ਅਨੁਜਾਈ ਉਨ੍ਹਾਂ ਦੀਆਂ ਸੁਣੀ ਜਾਂਦੇ ਨੇ, ਮੰਨੀ ਜਾਂਦੇ ਨੇ। ਨਹੀਂ ਜਾਣਦੇ ਕਿ ਇਨ੍ਹਾਂ ਬੋਲੀ ਦੇ ਹਿਤੂਆਂ ਦੇ ਮਨ ਵਿਚ ਕੀ ਏ।

ਸਾਡੇ ਲੀਡਰ ਰੋਜ਼ ਵਿਦਿਆਰਥੀਆਂ ਨੂੰ ਅਪੀਲਾਂ ਕਰਦੇ ਨੇ ਕਿ ਉਨ੍ਹਾਂ ਨੂੰ ਰਾਜਨੀਤੀ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ। ਪਰ ਸੁਤੰਤਰਤਾ ਤੋਂ ਪਹਿਲਾਂ ਇਹੋ ਗੱਲ ਅੰਗਰੇਜ਼ ਕਹਿੰਦਾ ਸੀ। ਹੁਣ ਵੀ ਚੀਨ ਵਿਰੁਧ ਜਲੂਸ ਕੱਢਣਾ ਹੋਵੇ ਤਾਂ ਵਿਦਿਆਰਥੀਆਂ ਦੇ ਉਤਸ਼ਾਹ ਨੂੰ ਸਲਾਹਿਆ ਜਾਂਦਾ ਹੈ। ਪਾਕਿਸਤਾਨ ਜਾਂ ਇੰਡੋਨੇਸ਼ੀਆ ਵਿਰੁਧ ਭੜਕਾਇਆ ਜਾਂਦਾ ਹੈ। ਉਨ੍ਹਾਂ ਦੀ 'ਹੂ ਹਾ' ਨੂੰ ਦੇਸ ਭਗਤੀ ਕਿਹਾ ਜਾਂਦਾ ਹੈ। ਸ਼ਾਇਦ ਵਿਦਿਆਰਥੀਆਂ ਲਈ ਰਾਜਨੀਤੀ ਉਦੋਂ ਵਰਜਿਤ ਹੈ ਜਦੋਂ ਇਹ ਦੇਸ ਦੀ ਰਾਜਨੀਤੀ ਨਾਲ ਸਬੰਧਤ ਹੋਵੇ। ਕਿਉਂਕਿ ਦੇਸ ਦੀ ਰਾਜਨੀਤੀ ਵਿਚ ਵਿਦਿਆਰਥੀ ਅਵਸ਼ ਹੀ ਵਿਰੋਧੀ ਪਾਰਟੀਆਂ ਦਾ ਸਾਥ ਦੇਣਗੇ। ਉਨ੍ਹਾਂ ਦੀ ਜੁਆਨੀ ਦਾ ਜੋਸ਼ ਤੇ ਉਲਾਰੂ ਰੁਚੀਆਂ ਉਨ੍ਹਾਂ ਨੂੰ ਵਿਦਰੋਹੀ ਬਣਾਈ ਰਖਦੀਆਂ ਹਨ। ਇਹ ਰਾਸ਼ਟਰੀ ਨੇਤਾਵਾਂ ਲਈ ਬੜਾ ਦੁਖਦਾਈ ਹੁੰਦਾ ਹੈ ਪਰ ਜੇ ਬਾਹਰ ਦੇ ਕਿਸੇ 'ਦੁਸ਼ਮਣ' ਵਿਰੁਧ ਏਸ ਜੋਸ਼ ਨੂੰ ਵਰਤਿਆ ਜਾ ਸਕੇ ਤਾਂ 'ਜੋ ਹੈ ਸੋ ਠੀਕ ਹੈ' ਵਾਲਾ ਕਰਤਵ ਪੂਰਾ ਹੋਈ ਜਾਂਦਾ ਹੈ। 'ਰਾਜਨੀਤੀ' ਵਰਜਿਤ ਤਾਂ ਹੀ ਹੁੰਦੀ ਹੈ ਜਦੋਂ ਇਹ ਸਥਾਪਤ ਰਾਜ ਪ੍ਰਬੰਧ ਦੀ ਵਿਰੋਧਤਾ ਕਰੇ।

ਅਜਿਹਾ ਕਰਨਾ ਸ਼ਾਇਦ ਬੜਾ ਜ਼ਰੂਰੀ ਹੈ। ਕਿਉਂਕਿ ਜੇ ਜਨ-ਸਾਧਾਰਨ ਨੂੰ ਅੰਦਰਲੀਆਂ ਗੱਲਾਂ ਦਾ ਪਤਾ ਲੱਗ ਜਾਏ ਤਾਂ ਉਹ ਸਥਾਪਤ ਰਾਜ ਪ੍ਰਬੰਧ ਨੂੰ ਦੂਜੇ ਦਿਨ ਹੀ ਉਲਟਾ ਦੇਣ। ਤੇ ਅਜਿਹਾ ਕਰਨਾ ਸਮਾਜ ਦੀ ਸਥਿਰਤਾ ਦੇ ਹੱਕ ਵਿਚ ਨਹੀਂ। ਜੇ ਜਨ ਸਾਧਾਰਨ ਨੂੰ ਸਾਰੀਆਂ ਗਲਾਂ ਦਾ ਪਤਾ ਲਗਦਾ ਰਹੇ ਤਾਂ ਸ਼ਾਇਦ ਰੋਜ਼ ਹੀ ਰਾਜ ਪ੍ਰਬੰਧ ਬਦਲਦੇ ਰਹਿਣ। ਤੁਸੀਂ ਆਪ ਸੋਚੋ ਇਹ ਕੋਈ ਚੰਗੀ ਗੱਲ ਨਹੀਂ। ਭਾਵੇਂ ਰਾਜ ਪ੍ਰਬੰਧ ਗਣਤੰਤਰ ਹੀ ਹੋਵੇ ਤਾਂ ਵੀ ਅਜਿਹੀ ਅਵਸਥਾ ਨਹੀਂ ਬਨਣ ਦਿੱਤੀ ਜਾ ਸਕਦੀ ਕਿ ਜਨਤਾ ਸਦਾ ਹੀ ਨਿਰਨਾ ਕਰਨ ਲਈ ਤੱਤਪਰ ਰਹੇ। ਇਸ ਤਰ੍ਹਾਂ ਤੇ ਗਣਤੰਤਰ ਹੀ ਖਤਰੇ ਵਿਚ ਪੈ ਜਾਏ। ਇਸ ਲਈ ਜੇ ਸਾਡੇ ਨੇਤਾ ਲੋਕਾਂ ਨੂੰ ਇਕ ਮੁਠ ਰਹਿਣ ਦੀਆਂ ਅਪੀਲਾਂ ਕਰਦੇ ਹਨ ਤੇ ਦੂਜੇ ਪਾਸੇ ਇਕ ਦੂਜੇ ਦੇ ਗਲਮੇ ਫੜੀ ਰਖਦੇ ਹਨ ਜਾਂ ਦੇਸ ਲਈ ਕੁਰਬਾਨੀ ਦੀਆਂ ਅਪੀਲਾਂ ਕਰਦੇ ਹਨ ਤੇ ਆਪਣੇ ਪੁੱਤਰਾਂ, ਰਿਸ਼ਤੇਦਾਰਾਂ ਨੂੰ ਸੰਕਟ ਦੀ ਅਵਸਥਾ ਰਾਹੀਂ ਹੀ ਪੈਸੇ ਬਨਾਣ ਦਿੰਦੇ ਹਨ, ਆਪ ਸੀਮਾਂ 'ਤੇ ਫੌਜਾਂ ਇਕੱਠੀਆਂ ਕਰਦੇ ਹਨ ਤੇ ਦੁਸ਼ਮਣ ਦੀਆਂ ਇੱਕਠੀਆਂ ਹੋਈਆਂ ਫੌਜਾਂ ਦੀ ਖਬਰ ਛਪਵਾ ਦਿੰਦੇ ਹਨ ਤਾਂ ਇਹਦੇ ਵਿਚ ਕੋਈ ਮਾੜੀ ਗੱਲ ਨਹੀਂ ਕਿਉਂਕਿ ਏਸੇ ਤਰ੍ਹਾਂ ਰਾਜ ਪ੍ਰਬੰਧ ਚਲਦੇ ਹਨ, ਸਥਿਰਤਾ ਕਾਇਮ ਰਹਿੰਦੀ ਹੈ।

ਸਾਡੀ ਜਨਤਾ ਵੀ ਬੜੀ ਚੀਜ਼ ਏ। ਰੋਜ਼ ਗਲਾਂ ਸੁਣਦੇ ਹੋਈ ਵੀ ਪਿਛੋਂ ਪਤਾ ਲਗੀਆ ਗਲਾਂ ਦੇ ਆਧਾਰ 'ਤੇ ਆਪਣੇ ਆਪ ਨੂੰ ਬੁਧੂ ਕਹਿੰਦੇ ਹੋਏ ਵੀ, ਅਗੋਂ ਲਈ ਇਨ੍ਹਾਂ ਲੀਡਰਾਂ' ਤੇ ਵਿਸ਼ਵਾਸ਼ ਨਾ ਕਰਨ ਦਾ ਵਿਚਾਰ ਧਾਰਨ ਕਰਦੇ ਹੋਏ ਵੀ ਲੋਕ ਲੀਡਰਾਂ ਦੇ ਭਾਸ਼ਨ ਸੁਣਦੇ ਹਨ, ਵਾਹ ਵਾਹ ਕਰਦੇ ਹਨ, ਤਾੜੀਆਂ ਵਜਾਂਦੇ ਤੇ ਖੁਸ਼ ਹੁੰਦੇ ਹਨ। ਕੀ ਉਹ ਕਦੀ ਕਹੀਆਂ ਗਲਾਂ ਦੀ ਤਹਿ ਵਿਚ ਪਹੁੰਚਣ ਦੀ ਕੋਸ਼ਸ਼ ਕਰਨਗੇ? ਅਜਿਹੀ ਰੁਚੀ ਉਨ੍ਹਾਂ ਵਿੱਚ ਪੈਦਾ ਹੋ ਜਾਵੇਗੀ ਕਿ ਉਹ ਏਸ ਵਹਿਣ ਵਿਚ ਵਹਿ ਜਾਣੋ ਬਚ ਜਾਣ? ਸ਼ਾਇਦ ਨਹੀਂ। ਮਨੁਖੀ ਮਨ ਦੀ ਇਹ ਕਮਜ਼ੋਰੀ ਹੈ ਕਿ ਉਹ ਪਸ਼ੂਆਂ ਵਾਂਗ ਸਿਧਾਇਆ ਜਾ ਸਕਦਾ ਹੈ ਤੇ ਅਜ ਦੇ ਪਰਚਾਰ ਦੇ ਸਾਧਨ ਸ਼ਾਇਦ ਕਦੀ ਵੀ ਸੁਤੰਤਰ ਮਨ ਨਾਲ ਨਾ ਸੋਚਣ ਦੇਣ ਤੇ ਸਾਡੇ ਆਗੂ ਜਿੰਨ੍ਹਾਂ ਦੇ 'ਮਨ ਹੋਰ ਮੁਖ ਹੋਰ' ਹੁੰਦਾ ਹੈ ਉਹ ਏਸ ਮੋਮ ਦੀ ਨੱਕ ਨੂੰ ਪੱਕੇ ਹੱਥੀਂ ਲੋੜ ਅਨੁਸਾਰ ਮੋੜਦੇ ਰਹਿਣ।

— o —

# ਬੁੱਧੀ ਜੀਵੀ ਵਰਗ ਤੇ ਰਾਜ ਸੱਤਾ

● ਪ੍ਰੀਤਮ ਸਿੰਘ

ਪ੍ਰਿੰ: ਸੰਤ ਸਿੰਘ ਸੇਖੋਂ ਨੇ ਤ੍ਰੈਮਾਸਕ 'ਸਿਰਜਣਾ' ਵਿਚ ਉਪ੍ਰੋਕਤ ਵਿਸ਼ੇ ਤੇ ਆਪਣੇ ਵਿਚਾਰ ਪ੍ਰਗਟ ਕਰਕੇ ਇਕ ਨਾਜ਼ਕ ਪਰ ਮਹੱਤਵ ਪੂਰਨ ਵਾਦ ਵਿਵਾਦ ਨੂੰ ਜਨਮ ਦਿੱਤਾ ਹੈ। ਉਹਨਾਂ ਨੇ ਹੋਰ ਸੱਜਣਾਂ ਨੂੰ ਵੀ ਸੱਦਾ ਦਿੱਤਾ ਹੈ ਕਿ ਉਹ ਇਸ ਬਾਰੇ ਸੋਚ ਵਿਚਾਰ ਕਰਨ ਤੇ ਆਪਣੇ ਵਿਚਾਰ ਪ੍ਰਗਟ ਕਰਨ।

ਇਕ ਤਾਂ ਵਿਸ਼ਾ ਕਾਫੀ ਮਹੱਤਵ ਪੂਰਨ ਤੇ ਨਾਜ਼ਕ ਹੈ, ਤੇ ਦੂਜੇ ਸੇਖੋਂ ਸਾਹਿਬ ਦੇ ਵਿਚਾਰ ਉਹਨਾਂ ਦੇ ਮੰਨੇ ਪਰਮੰਨੇ ਵਿਸ਼ਵਾਸ਼ਾਂ ਨਾਲੋਂ ਬਹੁਤ ਹੱਦ ਤਕ ਵੱਖਰੇ ਹਨ। ਇਸ ਲਈ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਉਨ੍ਹਾਂ ਦੇ ਲੇਖ ਨੂੰ ਬੜੇ ਗਹੁ ਨਾਲ ਘੋਖੀਏ।

ਕਿਸੇ ਵਿਸ਼ੇ ਤੇ ਕਲਮ ਚੁੱਕਣ ਤੋਂ ਪਹਿਲੋਂ ਸਾਨੂੰ ਉਸਨੂੰ ਚੰਗੀ ਤਰ੍ਹਾਂ ਪਰਿਭਾਸ਼ਤ ਕਰ ਲੈਣਾ ਚਾਹੀਦਾ ਹੈ ਤਾਂ ਜੋ ਬਹਿਸ ਦਾ ਦਾਇਰਾ ਸੀਮਤ ਰਹੇ ਅਤੇ ਭੰਬਲ ਭੂਸਿਆਂ ਵਿਚ ਨ ਔਟੱਲ ਜਾਏ।

ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸੇਖੋਂ ਸਾਹਿਬ ਨੇ 'ਬੁੱਧੀ ਜੀਵੀ ਵਰਗ' ਨੂੰ ਕਿਧਰੇ ਪਰਿਭਾਸ਼ਤ ਨਹੀਂ ਕੀਤਾ। ਇਸ ਲਈ 'ਬੁੱਧੀ ਜੀਵੀ ਵਰਗ' ਤੋਂ ਉਨ੍ਹਾਂ ਦਾ ਕੀ ਭਾਵ ਹੈ ? ਇਹ ਸਾਨੂੰ ਉਨ੍ਹਾਂ ਦੇ ਲੇਖ ਵਿਚੋਂ ਹੀ ਲੱਭਣਾ ਪਵੇਗਾ। ਉਨ੍ਹਾਂ ਦੇ ਵਿਚਾਰ ਅਨੁਸਾਰ ਬੁੱਧੀ ਜੀਵੀ ਵਰਗ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਇਸ ਦਾ ਵੱਡਾ ਭਾਗ, ਕਲਰਕ, ਦੁਕਾਨਾਂ ਆਦਿ ਦੇ ਕਾਮੇ ਹਨ, ਜਿਨ੍ਹਾਂ ਦੀ ਅਗਵਾਈ ਬੁੱਧੀ ਜੀਵੀ ਵਰਗ ਦਾ ਮੋਹਰਲਾ ਭਾਗ, ਪਰੋਫੈਸਰ, ਟੀਚਰ ਲੇਖਕ ਤੇ ਵਿਗਿਆਨੀ ਆਦਿ ਕਰ ਰਹੇ ਹਨ। ਅਤੇ ਸੇਖੋਂ ਸਾਹਿਬ ਦੇ ਵਿਚਾਰ ਅਨੁਸਾਰ ਸਾਡੇ ਬਹੁਤ ਸਾਰੇ ਕਲੇਸ਼ਾਂ ਦਾ 'ਹੱਲ ਇਹ ਹੀ ਹੈ ਕਿ ਬੁੱਧੀ ਜੀਵੀ ਵਰਗ ਨੂੰ ਰਾਜ ਸੱਤਾ ਵਿਚ ਉਹ ਭਾਗ ਪ੍ਰਾਪਤ ਹੋਵੇ ਜੋ ਇਸ ਨੂੰ ਹੁਣ ਪ੍ਰਾਪਤ ਨਹੀਂ।' ਇਹ ਸੇਖੋਂ ਸਾਹਿਬ ਦੇ ਲੇਖ ਦਾ ਮੂਲ ਧੁਰਾ ਹੈ ਜਿਸਦੇ ਦੁਵਾਲੇ ਉਨ੍ਹਾਂ ਦੇ ਵਿਚਾਰ ਘੁਮਦੇ ਹਨ।

ਪਹਿਲੋਂ ਅਸੀਂ ਸੇਖੋਂ ਸਾਹਿਬ ਦੀ ਬੁਧੀ ਜੀਵੀ ਵਰਗ ਦੀ ਪਰਿਭਾਸ਼ਾ ਤੇ ਵਿਚਾਰ ਕਰਾਂਗੇ ਅਤੇ ਪਿੱਛੋਂ ਬੁੱਧੀ ਜੀਵੀ ਵਰਗ ਤੇ ਰਾਜ ਸੱਤਾ ਦੇ ਪਰਸਪਰ ਸਬੰਧਾਂ ਬਾਰੇ ਉਹਨਾਂ ਦੇ ਵਿਚਾਰਾਂ ਦਾ ਵਿਸ਼ਲੇਸ਼ਨ ਕਰਾਂਗੇ।

ਸਾਡੇ ਵਿਚਾਰ ਅਨੁਸਾਰ ਸੇਖੋਂ ਸਾਹਿਬ ਮੁਢੋਂ ਹੀ ਖੁੰਝ ਗਏ ਹਨ ਤੇ ਇਸ ਕਰਕੇ ਅਖੀਰ ਤਕ ਉਹ ਕਿਸੇ ਮੰਜ਼ਲ 'ਤੇ ਪਹੁੰਚਣੋਂ ਅਸਮਰਥ ਰਹੇ ਹਨ।

ਕੀ ਬੁੱਧੀ ਜੀਵੀ ਵਰਗ ਦਾ ਵੱਡਾ ਭਾਗ ਕਲਰਕ, ਦੁਕਾਨਾਂ ਆਦਿ ਦੇ ਕਾਮੇ ਹੀ ਹਨ ? ਜੇ ਸੇਖੋਂ ਸਾਹਿਬ ਦੇ ਵਿਚਾਰ ਅਨੁਸਾਰ ਬੁੱਧੀ ਜੀਵੀ ਵਰਗ ਇਹ ਹੀ ਹੈ ਤਾਂ ਭਾਰਤ ਵਰਸ਼ ਦਾ ਮਾਮੂਲੀ ਪੜ੍ਹਿਆ ਲਿਖਿਆ ਹਰ ਨਾਗਰਕ ਵੀ ਬੁੱਧੀ ਜੀਵੀ ਵਰਗ ਦਾ ਮੈਂਬਰ ਹੋਣ ਦਾ ਦਾਅਵਾ ਕਰ ਸਕਦਾ ਹੈ। ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਅਜਿਹੇ ਬੁੱਧੀ ਜੀਵੀ ਵਰਗ ਨੂੰ ਰਾਜ ਸੱਤਾ ਵਿਚ ਭਾਗ ਕਿਵੇਂ ਪ੍ਰਾਪਤ ਹੋਵੇ ਜਿਹੜਾ ਕਿ ਸੇਖੋਂ ਸਾਹਿਬ ਦਿਵਾਉਣਾ ਚਾਹੁੰਦੇ ਹਨ। ਇਹ ਸਪਸ਼ਟ ਹੈ ਕਿ ਹਰ ਕਲਰਕ, ਹਰ ਵਿਦਿਆਰਥੀ, ਹਰ ਪਰੋਫੈਸਰ ਤੇ ਹਰ ਟੀਚਰ ਆਦਿ ਨੂੰ ਰਾਜ ਸੱਤਾ ਵਿਚ ਸਿੱਧੇ ਤੌਰ ਤੇ ਭਾਗ ਨਹੀਂ ਮਿਲ ਸਕਦਾ। ਇਹ ਕੰਮ ਤਾਂ ਉਹ ਆਪਣੇ ਪਰਤਿਨਿਧ ਭੇਜ ਕੇ ਹੀ ਕਰ ਸਕਦੇ ਹਨ, ਤੇ ਅਜਿਹਾ ਹੋ ਰਿਹਾ ਹੈ। ਟੀਚਰਾਂ ਦੇ ਵੱਖਰੇ ਚੋਣ ਹਲਕੇ ਹਨ ਜਿਸ ਵਿਚੋਂ ਕੇਵਲ ਟੀਚਰ ਹੀ ਰਾਜ ਵਿਧਾਨ ਪ੍ਰੀਸ਼ਦ ਦੀ ਮੈਂਬਰੀ ਲਈ ਖੜੇ ਹੁੰਦੇ ਹਨ ਤੇ ਕੇਵਲ ਟੀਚਰ ਹੀ ਚੁਣੇ ਜਾਂਦੇ ਹਨ। ਉਨ੍ਹਾਂ ਨੂੰ ਭਾਰਤੀ ਸੰਵਿਧਾਨ ਅਨੁਸਾਰ ਆਪਣੇ ਵਿਚਾਰ ਪਰਗਟ ਕਰਨ ਦੀ ਪੂਰੀ ਆਜ਼ਾਦੀ ਹੈ। ਏਸੇ ਤਰ੍ਹਾਂ ਹੀ ਗਰੈਜੂਏਟਾਂ ਦੇ ਵੱਖਰੇ ਚੋਣ ਹਲਕੇ ਹਨ ਜਿਸ ਵਿਚੋਂ ਕੇਵਲ ਗਰੈਜੂਏਟ ਹੀ ਨਿਰਵਾਚਤ ਹੁੰਦੇ ਹਨ। ਜੇ ਬੁੱਧੀ ਜੀਵ ਅਖਵਾਉਣ ਲਈ ਕੇਵਲ ਪੜ੍ਹੇ ਲਿਖੇ ਹੋਣਾ ਹੀ ਸ਼ਰਤ ਹੈ ਤਾਂ ਰਾਜਾ ਸ਼੍ਰੇਣੀ ਸਾਰੀ ਹੀ ਪੜ੍ਹੀ ਲਿਖੀ ਹੈ ਸਾਰੇ ਵਜ਼ੀਰ ਪੜ੍ਹੇ ਲਿਖੇ ਹੀ ਹੁੰਦੇ ਹਨ। ਭਾਰਤ ਦੇ ਕੇਂਦਰੀ ਮੰਤ੍ਰੀ ਮੰਡਲ ਵਿੱਚ ਕਈ ਵਿਗਿਆਨੀ, ਪਰੋਫੈਸਰ, ਲੇਖਕ ਆਦਿ ਸ਼ਾਮਲ ਹਨ। ਭਾਰਤ ਦੇ ਰਾਸ਼ਟਰਪਤੀ ਤੇ ਉਪਰਾਸ਼ਟਰਪਤੀ ਦੋਵੇਂ ਉਘੇ ਲੇਖਕ ਹਨ ਤੇ ਦੋਵੇਂ ਹੀ ਪਰੋਫੈਸਰ ਵੀ ਹਨ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸੇਖੋਂ ਸਾਹਿਬ ਦੇ ਸੁਪਨਿਆਂ ਦੇ ਜਿਸ ਬੁੱਧੀ ਜੀਵੀ ਵਰਗ ਨੂੰ ਰਾਜ ਸੱਤਾ ਵਿਚ ਭਾਗ ਮਿਲਣਾ ਚਾਹੀਦਾ ਸੀ ਉਹ ਮਿਲਿਆ ਹੋਇਆ ਹੈ। ਇਸ ਦੇ ਬਾਵਜੂਦ ਸੇਖੋਂ ਸਾਹਿਬ ਏਨੇ ਨਿਰਾਸ਼ ਤੇ ਉਦਾਸ ਕਿਉਂ ਹਨ ? ਪਰ ਸੇਖੋਂ ਸਾਹਿਬ ਚੋਣ ਪ੍ਰਬਧ ਤੋਂ ਸੰਤੁਸ਼ਟ ਨਹੀਂ ਹਨ। ਉਨ੍ਹਾਂ ਅਨੁਸਾਰ "ਇਸ ਚੋਣ ਪ੍ਰਣਾਲੀ ਵਿਚ ਬੁੱਧੀ ਜੀਵੀ ਵ ਗ ਪਾਸ ਪੂੰਜੀਵਾਦੀ ਸ਼੍ਰੇਣੀ ਦੀਆਂ ਜਥੇਬੰਦੀਆਂ ਨਾਲ ਟੱਕਰ ਲੈਣ ਦੀ ਸ਼ਕਤੀ ਨਹੀਂ, ਉਹ ਇਸ ਢੰਗ ਨਾਲ ਰਾਜ ਸੱਤਾ ਵਿਚ ਆਪਣਾ ਯੋਗ ਭਾਗ ਪ੍ਰਾਪਤ ਨਹੀਂ ਕਰ ਸਕਦਾ।" ਇਸ ਤੋਂ ਇਹ ਜਾਪਦਾ ਹੈ ਕਿ ਜਿਹੜਾ ਬੁੱਧੀ ਜੀਵ ਸੇਖੋਂ ਸਾਹਿਬ ਦੀ ਕਲਪਤ ਜਥੇਬੰਦੀ ਵਿਚ ਸ਼ਾਮਲ ਹੋ ਜਾਵੇ ਉਹ ਹੀ ਬੁੱਧੀ ਜੀਵ ਹੈ ਦੂਜਾ ਕੋਈ ਨਹੀਂ। ਕਿਉਂਕਿ ਕਈ ਲੇਖਕ ਪ੍ਰੋਫੈਸਰ ਤੇ ਵਿਗਿਆਨੀ ਚੋਣਾਂ ਰਾਹੀਂ ਰਾਜ ਸੱਤਾ ਵਿਚ ਯੋਗ ਭਾਗ ਪ੍ਰਾਪਤ ਕਰ ਚੁੱਕੇ ਹਨ ਅਤੇ ਕਰਦੇ ਰਹਿਣਗੇ। ਗਿਆਨੀ ਗੁਰਮੁਖ ਸਿੰਘ ਮੁਸਾਫਰ ਦੀ ਮਿਸਾਲ ਸਾਡੇ ਸਾਹਮਣੇ ਹੈ। ਕੀ ਸੇਖੋਂ ਸਾਹਿਬ ਉਨ੍ਹਾਂ ਨੂੰ ਬੁੱਧੀ ਜੀਵੀ ਵਰਗ ਵਿਚ ਸ਼ਾਮਿਲ ਨਹੀਂ ਸਮਝਦੇ ? ਕੀ ਉਹ ਪੰਜਾਬੀ ਦੇ ਉਘੇ ਲੇਖਕ ਤੇ ਕਵੀ ਨਹੀਂ ਹਨ ? ਇਸ ਗੱਲ ਨੂੰ ਛੱਡੋ ਪ੍ਰੋ: ਵਰਿਆਮ ਸਿੰਘ ਪੰਜਾਬ ਵਿਧਾਨ ਪ੍ਰੀਸ਼ਦ ਦੇ ਮੈਂਬਰ ਰਹੇ ਹਨ। ਭਾਈ ਜੋਧ ਸਿੰਘ ਤਾਂ ਬੜੇ ਲੰਬੇ ਅਰਸੇ ਤਕ ਪੰਜਾਬ ਵਿਧਾਨ ਪ੍ਰੀਸ਼ਦ ਨੂੰ ਸ਼ਸੋਭਤ ਕਰਦੇ ਰਹੇ ਹਨ। ਏਸੇ ਤਰ੍ਹਾਂ ਹੀ ਅਸੀਂ ਸਾਥੀ ਸੋਹਣ ਸਿੰਘ ਜੋਸ਼ ਨੂੰ ਵੀ ਮਿਸਾਲ ਦ ਤੌਰ 'ਤੇ ਪੇਸ਼ ਕਰ ਸਕਦੇ ਹਾਂ। ਆਖਰ ਸੇਖੋਂ ਸਾਹਿਬ ਦਾ ਇਸ਼ਾਰਾ ਕਿਸ ਬੁੱਧੀ ਜੀਵ ਵੱਲ ਹੈ ? ਕੀ ਇਹ ਸਾਰੇ ਮਹਾਂ

ਪੁਰਸ਼ ਬੁੱਧੀ ਜੀਵੀ ਵਰਗ ਤੋਂ ਬਾਹਰ ਹਨ । ਇਨ੍ਹਾਂ ਸੱਜਣਾਂ ਨੇ ਚੋਣ ਪ੍ਰਣਾਲੀ ਰਾਹੀਂ ਰਾਜ ਸੱਤਾ ਵਿਚ ਯੋਗ ਭਾਗ ਕਿਵੇਂ ਪ੍ਰਾਪਤ ਕਰ ਲਿਆ ?

ਸਾਡੇ ਸੰਵਿਧਾਨ ਵਿਚ ਚੋਣ ਪ੍ਰਣਾਲੀ ਤੋਂ ਅੱਡ ਨਾਮਜ਼ਦਗੀ ਦੀ ਵਿਉਂਤ ਹੈ । ਉਥੇ ਲੇਖਕ, ਕਲਾਕਾਰ ਜਾਂ ਵਿਗਿਆਨੀ ਜੋ ਚੋਣਾਂ ਦੇ ਟੰਟਿਆਂ ਵਿਚ ਨਹੀਂ ਪੈਣਾ ਚਾਹੁੰਦੇ ਉਨ੍ਹਾਂ ਨੂੰ ਸਰਕਾਰ ਖੁਦ ਵਿਧਾਨ ਪ੍ਰੀਸ਼ਦ ਤੇ ਰਾਜ ਸਭਾ ਦੇ ਮੈਂਬਰ ਨਾਮਜ਼ਦ ਕਰ ਦਿੰਦੀ ਹੈ । ਭਾਈ ਵੀਰ ਸਿੰਘ ਜੀ ਰਾਜ ਵਿਧਾਨ ਪ੍ਰੀਸ਼ਦ ਦੇ ਨਾਮਜ਼ਦ ਮੈਂਬਰ ਰਹੇ ਹਨ । ਰਾਜ ਸਭਾ ਵਿਚ ਪਰਿਥਵੀ ਰਾਜ ਕਪੂਰ ਤੇ ਡਾਕਟਰ ਸਾਹਿਬ ਸਿੰਘ ਸੇਖੋਂ ਵੀ ਨਾਮਜ਼ਦ ਮੈਂਬਰ ਰਹੇ ਹਨ । ਹੁਣ ਡਾਕਟਰ ਗੋਪਾਲ ਸਿੰਘ ਦਰਦੀ ਰਾਜ ਸਭਾ ਦੇ ਨਾਮਜ਼ਦ ਮੈਂਬਰ ਹਨ । ਕੀ ਇਹ ਸਾਰੇ ਸੱਜਣ ਬੁੱਧੀ ਜੀਵ ਨਹੀਂ ? ਸੇਖੋਂ ਸਾਹਿਬ ਇਹ ਆਖ ਆਪਣਾ ਪਿੱਛਾ ਛੁਡਾਣ ਦਾ ਜਤਨ ਕਰਨਗੇ ਕਿ ਸਰਕਾਰ ਉਨ੍ਹਾਂ ਆਦਮੀਆਂ ਨੂੰ ਨਾਮਜ਼ਦ ਕਰਦੀ ਹੈ ਜੋ ਸਰਕਾਰ ਦੇ ਚਾਪਲੂਸ ਹੁੰਦੇ ਹਨ ਪਰ ਜੇ ਉਨ੍ਹਾਂ ਦਾ ਇਹ ਵਿਚਾਰ ਸਹੀ ਹੋਵੇ ਤਾਂ ਉਨ੍ਹਾਂ ਦਾ ਉਪਰ ਲਿਖਤ ਦੋ ਅਗ੍ਹਾਂ ਵਧੂ ਬੁੱਧੀ ਜੀਵੀ ਤੇ ਅਮਨ ਘੁਲਾਟੀਆਂ ਦੇ ਸਬੰਧ ਵਿਚ ਕੀ ਵਿਚਾਰ ਹੈ, ਜਿਨ੍ਹਾਂ ਵਿਚੋਂ ਇਕ ਸਤਾਲਨ ਅਮਨ ਪੁਰਸਕਾਰ ਜੇਤੂ ਵੀ ਹੈ ?

ਅਸੀਂ ਸੇਖੋਂ ਸਾਹਿਬ ਦੇ ਵਿਚਾਰਾਂ ਨੂੰ ਇਕ ਹੋਰ ਦਰਿਸ਼ਟੀਕੋਣ ਤੋਂ ਵੀ ਦੇਖ ਸਕਦੇ ਹਾਂ । ਲੋਕ ਹਿਤ ਪਾਲਕ ਰਾਜ ਦੇ ਸਥਾਪਤ ਹੋਣ ਨਾਲ ਸਾਡੇ ਸਾਧਾਰਨ ਜੀਵਨ ਵਿੱਚ ਸਰਕਾਰੀ ਦਖਲ ਦਿਨੋਂ ਦਿਨ ਵੱਧ ਰਿਹਾ ਹੈ ਤੇ ਵੱਧਦਾ ਰਹੇਗਾ । ਦਿਨੋਂ ਦਿਨ ਸਰਕਾਰੀ ਸਕੂਲਾਂ, ਕਾਲਜਾਂ, ਹਸਪਤਾਲਾਂ ,ਪ੍ਰਯੋਗਸ਼ਾਲਾਵਾਂ, ਵਿਸ਼ਵਵਿਦਆਲਿਆਂ, ਲਾਇਬ੍ਰੇਰੀਆਂ ਆਦਿ ਦੀ ਗਿਣਤੀ ਵੱਧ ਰਹੀ ਹੈ ਅਤੇ ਇਸ ਲਈ ਅਗੇ ਤੋਂ ਟੀਚਰਾਂ, ਪਰੋਫੈਸਰਾਂ, ਵਿਦਿਆਰਥੀਆਂ, ਕਲਰਕਾਂ, ਵਿਗਿਆਨੀਆਂ ਤੇ ਹੋਰ ਪੜ੍ਹੇ ਲਿਖੇ ਲੋਕਾਂ ਦੀ ਬਹੁ-ਗਿਣਤੀ ਸਰਕਾਰੀ ਛਤਰ ਛਾਇਆ ਹੇਠ ਆ ਰਹੀ ਹੈ । ਹੁਣ ਪਰਾਈਵੇਟ ਅਦਾਰੇ ਘਟ ਰਹੇ ਹਨ ਹਨ । ਕੀ ਇਸ ਨਾਲ ਸੇਖੋਂ ਸਾਹਿਬ ਦੇ ਬੁੱਧੀ ਜੀਵੀ ਵਰਗ ਦੀ ਪ੍ਰਤਿਪਾਲਨਾ ਨਹੀਂ ਹੋ ਰਹੀ ?

ਸੇਖੋਂ ਸਾਹਿਬ ਨੇ ਵਿਦਿਆਰਥੀਆਂ ਨੂੰ ਵੀ ਬੁੱਧੀ ਜੀਵੀ ਵਰਗ ਵਿੱਚ ਸ਼ਾਮਲ ਕੀਤਾ ਹੈ । ਪਰ ਉਨ੍ਹਾਂ ਦੇ ਲੇਖ ਤੋਂ ਇਹ ਪਤਾ ਨਹੀਂ ਲਗਦਾ ਕਿ ਉਹ ਕਿਹੜੀ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਬੁੱਧੀ ਜੀਵ ਸਮਝਦੇ ਹਨ । ਵਿਦਿਆਰਥੀ ਤਾਂ ਪਹਿਲੀ ਸ਼੍ਰੇਣੀ ਦੇ ਵੀ ਹੁੰਦੇ ਹਨ ਤੇ ਪੀ. ਐਚ. ਡੀ. ਦੇ ਵੀ । ਕੀ ਹਰ ਵਿਦਿਆਰਥੀ ਬੁੱਧ ਜੀਵ ਹੈ ? ਫੇਰ ਸੇਖੋਂ ਸਾਹਿਬ ਵਿਦਿਆਰਥੀਆਂ ਨੂੰ ਰਾਜ ਸੱਤਾ ਵਿਚ ਭਾਗ ਕਿਵੇਂ ਦਿਵਾਣਾ ਚਾਹੁੰਦੇ ਹਨ ? ਵਿਦਿਆਰਥੀਆਂ ਦਾ ਮੁਢਲਾ ਕਰਤੱਵ ਗਿਆਨ ਪ੍ਰਾਪਤੀ ਹੈ ਜਾਂ ਰਾਜ ਸੱਤਾ ਵਿਚ ਭਾਗ ਲੈਣਾ ? ਸ਼ਾਇਦ ਇਨ੍ਹਾਂ ਨੁਕਤਿਆਂ ਵੱਲ ਸੇਖੋਂ ਸਾਹਿਬ ਦਾ ਧਿਆਨ ਹੀ ਨਹੀਂ ਗਿਆ ।

ਵਿਸ਼ਲੇਸ਼ਨ ਦੀ ਖੁਰਦਬੀਨ ਵਿੱਚੋਂ ਦੇਖਿਆਂ ਸੇਖੋਂ ਸਾਹਿਬ ਦੇ ਬੁੱਧੀ ਜੀਵੀ ਵਰਗ ਤੇ ਉਸ ਨੂੰ ਰਾਜ ਸੱਤਾ ਤੋਂ ਕਥਿਤ ਵਾਂਜਿਆਂ ਰਖਣ ਬਾਰੇ ਵਿਚਾਰ ਹਾਸੋ ਹੀਣੇ ਜਾਪਦੇ ਹਨ । ਇਹ ਇਸ ਲਈ ਹੈ ਕਿ ਸੇਖੋਂ ਸਾਹਿਬ ਦੀ ਬੁੱਧੀ ਜੀਵ ਦੀ ਪਰਿਭਾਸ਼ਾ ਹੀ ਗ਼ਲਤ ਹੈ ।

ਹੁਣ ਅਸੀਂ ਸੇਖੋਂ ਸਾਹਿਬ ਦੇ ਰਾਜ ਸੱਤਾ ਸਬੰਧੀ ਵਿਚਾਰਾਂ ਵੱਲ ਆਉਂਦੇ ਹਾਂ ।

ਸੇਖੋਂ ਸਾਹਿਬ ਨੇ ਇਕ ਪਾਸੇ ਤਾਂ ਭਾਰਤ ਦੀ ਰਾਜਾ ਵਰਗ ਵਿੱਚ ਕੀੜੇ ਕਢੇ ਹਨ ਪਰ ਦੂਜੇ ਪਾਸੇ ਉਸ ਵਿਚ ਭਾਗ ਲੈਣ ਦੀ ਲਾਲਸਾ ਵੀ ਪ੍ਰਗਟ ਕੀਤੀ ਹੈ ।

ਸੇਖੋਂ ਸਾਹਿਬ ਲਿਖਦੇ ਹਨ :

"ਜਿਸ ਢੰਗ ਨਾਲ ਵੀ ਭਾਰਤ ਦੀ ਪੂੰਜੀਵਾਦੀ ਰਾਜਾ ਸ਼੍ਰੇਣੀ ਨੇ ਅਮਰੀਕਾ, ਬਰਤਾਨੀਆ, ਨਾਲ ਮਿਲੀ-ਭੁਗਤ ਵਧਾਈ ਹੈ, ਅਤੇ ਗਵਾਂਢੀ ਦੇਸਾਂ ਨਾਲ ਦੁਸ਼ਮਣੀ, ਭਾਰਤੀ ਬੁੱਧੀ ਜੀਵੀ ਵਰਗ ਨੇ ਉਸ ਦੇ ਪਿੱਛੇ ਲਗ ਕੇ ਜੀਭ ਤੇ ਕਲਮ ਵਗਾਈ ਹੈ। ਅੱਜ ਕਲ ਵਿਦੇਸ਼ ਨੀਤੀ ਸ਼ਾਇਦ ਪੁਰਾਣੇ ਸਮਿਆਂ ਨਾਲੋਂ ਵਧੇਰੇ ਮਹੱਤਾ ਰਖਦੀ ਹੈ, ਕਿਉਂਕਿ ਇਸ ਉਤੇ ਅਮਨ ਸ਼ਾਂਤੀ ਦਾ ਵੱਡਾ ਆਸਰਾ ਹੈ। ਪੂੰਜੀਵਾਦੀ ਰਾਜਾ ਸ਼੍ਰੇਣੀ ਜਦੋਂ ਦੇਸ ਦੇ ਅੰਦਰਲੇ ਕਲੇਸ਼ਾਂ ਨਾਲ ਨਿੱਬੜਨ ਤੋਂ ਅਸਮਰਥ ਹੋ ਜਾਂਦੀ ਹੈ, ਤਾਂ ਇਹ ਵਿਦੇਸ਼ਾਂ ਨਾਲ ਝਗੜੇ ਸਹੇੜ ਲੈਂਦੀ ਹੈ। ਇਨ੍ਹਾਂ ਝਗੜਿਆਂ ਦੇ ਵੱਧ ਜਾਣ ਨਾਲ ਦੋਹਾਂ ਧਿਰਾਂ, ਆਪਣਿਆਂ ਤੇ ਪਰਾਇਆਂ ਤੋਂ ਕੁਝ ਵਧੀਕੀਆਂ ਹੋ ਜਾਂਦੀਆਂ ਹਨ। ਪਰ ਇਹ ਰਾਜਾ ਸ਼੍ਰੇਣੀ ਆਪਣੀਆਂ ਵਧੀਕੀਆਂ ਨੂੰ ਲੁਕਾਈ ਰਖਦੀ ਹੈ ਤੇ ਪਰਾਇਆਂ ਦੀਆਂ ਵਧੀਕੀਆਂ ਦੇ ਢੋਲ ਪਿੱਟਦੀ ਹੈ। ਬੁੱਧੀ ਜੀਵੀ ਵਰਗ ਦਾ ਭਾਗ ਹੈ ਇਨ੍ਹਾਂ ਢੋਲਾਂ ਦੇ ਪੋਲ ਨੂੰ ਵੇਖੇ।"

ਅੱਗੇ ਚਲ ਕੇ ਲਿਖਦੇ ਹਨ :

"ਸਾਡੇ ਦੇਸ ਦੀ ਵਿਦੇਸ਼ ਨੀਤੀ ਨੇ ਕਈ ਕਲੇਸ਼ ਉਤਪੰਨ ਕੀਤੇ ਹੋਏ ਹਨ। ਇਨ੍ਹਾਂ ਕਲੇਸ਼ਾਂ ਵਿਚ ਸਦਾ ਆਪਣੇ ਪੱਖ ਸਿੱਧ ਕਰੀ ਜਾਣ ਨਾਲ ਮਾਮਲੇ ਰਾਸ ਨਹੀਂ ਹੋਇਆ ਕਰਦੇ। ਅਜਿਹੇ ਸਮੇਂ ਬੁੱਧੀ ਜੀਵੀ ਵਰਗ ਦਾ ਕੰਮ ਹੈ, ਆਪਣੀ ਰਾਜਾ ਸ਼੍ਰੇਣੀ ਦੇ ਅੱਗੇ ਅਨੁਰੋਧ ਦੀ ਆਵਾਜ਼ ਉਠਾਵੇ।"

ਤੇ ਉਨ੍ਹਾਂ ਨੂੰ ਅਫਸੋਸ ਹੈ :

"ਅਸਾਡੇ ਦੇਸ਼ ਵਿਚ ਬੁੱਧੀ ਜੀਵੀ ਵਰਗ ਵਲੋਂ ਇਹ ਆਵਾਜ਼ ਨਹੀਂ ਉਠ ਰਹੀ।"

ਇਹ ਗੱਲ ਵਿਚਾਰਨ ਯੋਗ ਹੈ ਕਿ ਉਹ ਕਿਹੜੇ ਗਵਾਂਢੀ ਦੇਸ ਹਨ, ਜਿਨ੍ਹਾਂ ਨਾਲ ਭਾਰਤੀ ਰਾਜਾ ਸ਼੍ਰੇਣੀ ਨੇ ਖ਼ਾਹ ਮਖ਼ਾਹ ਦੁਸ਼ਮਣੀ ਮੁੱਲ ਲਈ ਹੋਈ ਹੈ। ਅਜ ਕੱਲ ਸਾਡੀ ਦੁਸ਼ਮਣੀ ਕੇਵਲ ਦੋ ਗਵਾਂਢੀ ਦੇਸਾਂ ਨਾਲ ਹੀ ਹੈ। ਇਕ ਪਾਕਿਸਤਾਨ ਤੇ ਦੂਜਾ ਚੀਨ। ਕੀ ਪਾਕਿਸਤਾਨ ਨਾਲ ਸਾਡੀ ਦੁਸ਼ਮਣੀ ਭਾਰਤੀ ਰਾਜਾ ਸ਼੍ਰੇਣੀ ਦੇ ਅਮਰੀਕਾ ਤੇ ਬਰਤਾਨੀਆਂ ਨਾਲ ਮਿਲੀ ਭੁਗਤ ਦਾ ਨਤੀਜਾ ਹੈ ? ਸਾਰਾ ਸੰਸਾਰ ਜਾਣਦਾ ਹੈ ਕਿ ਪਾਕਿਸਤਾਨ ਅਮਰੀਕਾ ਤੇ ਬਰਤਾਨੀਆਂ ਦਾ ਜ਼ਰ ਖਰੀਦ ਗੁਲਾਮ ਹੈ। ਇਹ ਦੋਵੇਂ ਸਾਮਰਾਜੀ ਦੇਸ ਭਾਰਤ ਵਿਚ ਲੋਕ ਰਾਜ ਨੂੰ ਵੱਧਦਾ ਫੁਲਦਾ ਨਹੀਂ ਦੇਖਣਾ ਚਾਹੁੰਦੇ। ਇਨ੍ਹਾਂ ਨੇ ਕਰੋੜਾਂ ਰੁਪਏ ਦਾ ਗੋਲੀ ਸਿੱਕਾ ਪਾਕਿਸਤਾਨ ਨੂੰ ਮੁਫਤ ਵਿਚ ਦਿੱਤਾ ਹੈ ਜਿਸ ਨਾਲ ਸਾਡੀ ਸ਼ਹਿਰੀ ਵਸੋਂ 'ਤੇ ਬੰਬਾਰੀ ਕੀਤੀ ਗਈ ਹੈ ਤੇ ਪਾਕਿਸਤਾਨ ਨੂੰ ਸਾਡੇ ਦੇਸ ਵਿਚ ਧਾੜਵੀ ਭੇਜਣ ਦੀ ਜੁਰਅਤ ਹੋਈ ਹੈ। ਕੀ ਇਸ ਮੁਆਮਲੇ ਵਿਚ ਭਾਰਤੀ ਬੁੱਧੀ ਜੀਵੀ ਵਰਗ ਦਾ ਆਪਣੀ ਸਰਕਾਰ ਦਾ ਸਾਥ ਦੇਣਾ ਅਨੁਚਤ ਹੈ ? ਸਾਡੀ ਦੂਜੀ ਦੁਸ਼ਮਣੀ ਚੀਨ ਨਾਲ ਹੈ। ਕੀ ਇਹ ਵੀ ਅਮਰੀਕਾ 'ਤੇ ਬਰਤਾਨੀਆਂ ਨਾਲ ਕਥਿਤ ਮਿਲੀ ਭੁਗਤ ਦੇ ਫਲ ਸਰੂਪ ਹੈ। ਚੀਨ ਨੇ ਉਸ ਭਾਰਤ ਤੇ ਹਮਲਾ ਕੀਤਾ ਜਿਸ ਨੇ ਕਿ ਦੁਨੀਆਂ ਦੀ ਹਰ ਸਭਾ ਵਿੱਚ ਚੀਨ ਦੀ ਹਿਮਾਇਤ ਕੀਤੀ। ਅਜ ਵੀ ਚੀਨ ਸਾਡੀਆਂ ਸਰਹੱਦਾਂ ਤੇ ਇਕਾ ਦੁੱਕਾ ਹਮਲੇ ਕਰ ਰਿਹਾ ਹੈ ਅਤੇ ਭਾਰਤ ਉਤੇ ਹਮਲੇ ਦਾ ਅਲਟੀਮੇਟਮ ਦੇ ਕੇ ਉਹ ਆਪਣੇ ਅਸਲੀ ਰੂਪ ਵਿਚ ਪਰਗਟ ਹੋ ਗਿਆ ਹੈ। ਜੇ ਇਕ ਮਿੰਟ ਲਈ ਸੇਖੋਂ ਸਾਹਿਬ ਦੀ ਦਲੀਲ ਨੂੰ ਸਹੀ ਮੰਨ ਲਿਆ ਜਾਵੇ ਤਾਂ ਫੇਰ ਇਹ ਵੀ ਮੰਨਣਾ ਪਵੇਗਾ ਕਿ ਕਦੇ ਵੀ ਕਿਸੇ ਦੇਸ 'ਤੇ ਹਮਲਾ ਨਹੀਂ ਹੋ ਸਕਦਾ। ਉਥੋਂ ਦੀ

ਸਰਕਾਰ ਹੀ ਹਮੇਸ਼ਾਂ ਧਾੜਵੀਆਂ ਨੂੰ ਸੱਦਾ ਦਿੰਦੀ ਹੈ ਤਾਂ ਜੋ ਉਹ ਅੰਦਰਲੇ ਉਤਪਤ ਕਲੇਸ਼ ਤੋਂ ਮੁਕਤੀ ਪ੍ਰਾਪਤ ਕਰ ਸਕੇ।

ਕਸ਼ਮੀਰ ਵਿਚ ਧਾੜਵੀ ਤੇ ਜਰਵਾਣੇ ਚੋਰੀ ਛੁਪੇ ਕਿਸਨੇ ਭੇਜੇ ਹਨ ? ਕੀ ਇਹ ਸਾਡੀ ਗਲਤ ਬਦੇਸ ਨੀਤੀ ਦਾ ਨਤੀਜਾ ਹੈ ? ਕੀ ਭਾਰਤੀ ਰਾਜਾ ਸ਼੍ਰੇਣੀ ਨੇ ਇਹ ਧਾੜਵੀ ਕਿਸੇ 'ਅੰਦਰਲੇ ਕਲੇਸ਼' ਨਾਲ ਨਿੱਬੜਨ ਤੋਂ ਅਸਮਰਥ ਹੋ ਜਾਣ ਉਪਰੰਤ ਬੁਲਾਏ ਹਨ ? ਆਖਰ ਸੇਖੋਂ ਸਾਹਿਬ ਦਾ ਸੰਕੇਤ ਕਿਸ ਵੱਲ ਹੈ ? ਉਹ ਕਿਸ ਦੀ ਹਮਾਇਤ ਕਰਨਾ ਚਾਹੁੰਦੇ ਹਨ ? ਉਹ ਕਿਸ ਢੋਲ ਦਾ ਪੋਲ ਖੋਲਣ ਲਈ ਬੁੱਧੀ ਜੀਵੀ ਵਰਗ ਨੂੰ ਉਕਸਾ ਰਹੇ ਹਨ ? ਜਨਰਲ ਨਿੱਮੋਂ ਦੀ ਰਿਪੋਰਟ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਧਾੜਵੀ ਪਾਕਿਸਤਾਨ ਨੇ ਭੇਜੇ ਸਨ। ਪਹਿਲ ਪਾਕਿਸਤਾਨ ਨੇ ਕੀਤੀ ਸੀ। ਵਧੀਕੀ ਪਾਕਿਸਤਾਨ ਦੀ ਹੈ ਤੇ ਫਿਰ ਚੀਨ ਦੀ ਜਿਸਨੇ ਕੁਝ ਭੇਡਾਂ ਬਕਰੀਆਂ ਵਾਪਸ ਲੈਣ ਦੇ ਬਹਾਨੇ ਭਾਰਤ 'ਤੇ ਹਮਲਾ ਕਰਨ ਦੀ ਵਿਉਂਤ ਬਣਾਈ ਸੀ। ਸੇਖੋਂ ਸਾਹਿਬ ਦੇ ਵਿਚਾਰ ਅਨੁਸਾਰ ਸਾਡੇ ਦੇਸ ਦੀ ਵਿਦੇਸ ਨੀਤੀ ਨੇ ਕਈ ਕਲੇਸ਼ ਉਤਪੰਨ ਕੀਤੇ ਹੋਏ ਹਨ। ਅਤੇ ਇਨ੍ਹਾਂ ਕਲੇਸ਼ਾਂ ਵਿੱਚ ਸਦਾ ਆਪਣਾ ਪੱਖ ਸਿੱਧ ਕਰੀ ਜਾਣ ਨਾਲ ਮਾਮਲੇ ਰਾਸ ਨਹੀਂ ਹੋਇਆ ਕਰਦੇ। ਪਰ ਸੇਖੋਂ ਸਾਹਿਬ ਸੰਕੇਤ ਕਿਉਂ ਕਰਦੇ ਹਨ ? ਉਹ ਦੋਸ਼ੀ ਧਿਰ ਦਾ ਸਪਸ਼ਟ ਨਾਂ ਲੈਣੋਂ ਕਿਉਂ ਕੰਨੀ ਕਤਰਾਉਂਦੇ ਹਨ ? ਉਹ ਬੁੱਧੀ ਜੀਵੀ ਵਰਗ ਨੂੰ 'ਚੜ੍ਹ ਜਾ ਬੱਚਾ ਸੂਲੀ; ਰਾਮ ਭਲੀ ਕਰੇਗਾ' ਦਾ ਸਬਕ ਦਿੰਦੇ ਹਨ ਪਰ ਆਪ ਮੈਦਾਨ ਵਿਚ ਨਿੱਤਰਨੋਂ ਝਿਜਕਦੇ ਸਨ।

ਸੇਖੋਂ ਸਾਹਿਬ ਦਾ ਦੁਖਾਂਤ ਇਹ ਹੈ ਕਿ ਉਹ ਸਮੇਂ ਨਾਲ ਨਹੀਂ ਤੁਰ ਸਕੇ। ਇਸੇ ਲਈ ਉਨ੍ਹਾਂ ਦੇ ਵਿਚਾਰ ਭਾਵੇਂ ਉਹ ਰਾਜਨੀਤੀ ਤੇ ਅਰਥ ਵਿਗਿਆਨ ਦੇ ਖੇਤਰ ਵਿਚ ਹੋਣ ਤੇ ਭਾਵੇਂ ਸਾਹਿਤ ਦੇ, ਸਮੇਂ ਦੇ ਅਨੁਕੂਲ ਨਹੀਂ ਜਾਪਦੇ ਅਤੇ ਸੇਖੋਂ ਸਾਹਿਬ ਕਿਸੇ ਵੀ ਮੰਜ਼ਲ 'ਤੇ ਪਹੁੰਚਣੋਂ ਅਸਮਰਥ ਹਨ ਤੇ ਰਸਤੇ ਦੀਆਂ ਭੂਲ ਭੁਲਈਆਂ ਵਿਚ ਹੀ ਭਟਕੇ ਰਹੇ ਹਨ। ਸੇਖੋਂ ਸਾਹਿਬ ਨੂੰ ਚਾਹੀਦਾ ਹੈ ਕਿ ਉਹ ਬੁੱਧੀ ਜੀਵੀ ਵਰਗ ਨੂੰ ਸਖਤ ਸੁਸਤ ਕਹਿਣ ਦੀ ਥਾਂ ਆਪਣੇ ਅੰਦਰ ਝਾਤੀ ਮਾਰਨ ਤੇ ਆਪਾ ਪੜਚੋਲ ਤੋਂ ਕੰਮ ਲੈਣ। ਉਹ ਇਹ ਵਿਚਾਰਨ ਕਿ ਬੁੱਧੀ ਜੀਵੀ ਵਰਗ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਤੁਰਨੋਂ ਕਿਉਂ ਨਾਂਹ ਕਰ ਰਿਹਾ ਹੈ ਤੇ ਉਨ੍ਹਾਂ ਦੀ ਅਗਵਾਈ ਕਿਉਂ ਨਹੀਂ ਸਵਿਕਾਰ ਕਰ ਰਿਹਾ ?

ਆਉ ਹੁਣ ਰਵਾਇਤੀ ਮਾਰਕਸਵਾਦੀ ਦ੍ਰਿਸ਼ਟੀ ਕੋਣ ਤੋਂ ਵੀ ਸੇਖੋਂ ਸਾਹਿਬ ਦੇ ਵਿਚਾਰਾਂ ਦੀ ਪੜਚੋਲ ਕਰੀਏ।

ਸੇਖੋਂ ਸਾਹਿਬ ਬੁੱਧੀ ਜੀਵੀ ਵਰਗ ਨੂੰ ਰਾਜ ਸੱਤਾ ਵਿਚ ਭਾਗ ਦਿਵਾਉਣਾ ਅੰਮ੍ਰਿਤ ਧਾਰੇ ਦੀ ਨਿਆਈਂ ਸਮਝਦੇ ਹਨ। ਉਨ੍ਹਾਂ ਦੇ ਵਿਚਾਰ ਅਨੁਸਾਰ ਇਸ ਨਾਲ ਸਾਰੇ ਕਲੇਸ਼ ਦੂਰ ਹੋ ਜਾਣਗੇ। ਪਰ ਮਾਰਕਸ ਤੇ ਲੈਨਿਨ ਦੇ ਰਾਜ ਸੱਤਾ ਤੇ ਬੁੱਧੀ ਜੀਵੀ ਵਰਗ ਬਾਰੇ ਵਿਚਾਰ ਸੇਖੋਂ ਸਾਹਿਬ ਦੇ ਬਿਲਕੁਲ ਪ੍ਰਤੀਕੂਲ ਹਨ।

ਲੈਨਿਨ ਦੇ ਵਿਚਾਰ ਅਨੁਸਾਰ ਸ਼੍ਰੇਣੀ ਬੱਧ ਸਮਾਜ ਵਿਚ ਰਾਜ ਸੱਤਾ ਇਕ ਸ਼੍ਰੇਣੀ ਦੀ ਦੂਜੀ ਸ਼੍ਰੇਣੀ ਤੇ ਆਪਣਾ ਅਧਿਕਾਰ ਜਮਾਈ ਰਖਣ ਦਾ ਸਾਧਨ ਹੈ। ਉਸ ਦੇ ਵਿਚਾਰ ਅਨੁਸਾਰ ਰਾਜਾ ਸ਼੍ਰੇਣੀ ਰਾਜ ਸੱਤਾ ਨੂੰ ਹਮੇਸ਼ਾਂ ਆਪਣੇ ਲਾਭ ਅਤੇ ਹੇਠਲੇ ਵਰਗ ਨੂੰ ਕੁਚਲਨ ਲਈ ਵਰਤਦੀ ਹੈ।

ਜੇ ਇਹੋ ਹੀ ਸੱਚ ਹੈ ਤਾਂ ਸੇਖੋਂ ਸਾਹਿਬ ਰਾਜ ਸੱਤਾ ਵਿਚ ਭਾਗ ਕਿਉਂ ਮੰਗਦੇ ਹਨ ? ਕੀ ਉਹ ਵੀ ਰਾਜਾ ਸ਼੍ਰੇਣੀ ਨਾਲ ਰਲ ਕੇ ਹੇਠਲੇ ਵਰਗ ਨੂੰ ਦਬਾਉਣ ਦੇ ਦੋਸ਼ੀ ਬਣਨਾ ਚਾਹੁੰਦੇ ਹਨ ?

ਲੈਨਿਨ ਦੇ ਵਿਚਾਰ ਅਨੁਸਾਰ ਬੁੱਧੀ ਜੀਵੀ ਵਰਗ ਆਜ਼ਾਦੀ ਨਾਲ ਸੋਚਣ ਦੀ ਸਮੱਰਥਾ ਹੀ ਨਹੀਂ ਰਖਦਾ। ਉਸਦਾ ਮੁਖ ਉਦੇਸ਼ ਰਾਜਾਵਰਗ ਸ਼੍ਰੇਣੀ ਦੀ ਚਾਪਲੂਸੀ ਕਰਨਾ ਹੀ ਹੈ। ਲੈਨਿਨ ਨੇ ਆਪਣੇ ਲੇਖ 'ਪਾਰਟੀ ਸੰਘਠਨ ਤੇ ਪਾਰਟੀ ਸਾਹਿੱਤ' ਵਿਚ ਲਿਖਿਆ ਹੈ :

"ਬੁਰਜੁਆ ਲੇਖਕ, ਕਲਾਕਾਰ ਅਤੇ ਐਕਟਰਸ ਦੀ ਆਜ਼ਾਦੀ ਖੁਫੀਆ ਤੌਰ ਤੇ (ਮੱਕਾਰੀ ਨਾਲ ਬਹਰੂਪ ਭਰ ਕੇ) ਤਜੋਰੀਆਂ, ਰਿਸ਼ਵਤਾਂ ਤੇ ਵਜ਼ੀਫਿਆਂ ਤੇ ਨਿਰਭਰ ਹੁੰਦੀ ਹੈ।"

ਲੈਨਿਨ ਨੇ ਏਸੇ ਤਰ੍ਹਾਂ ਹੀ ਆਪਣੀ ਪੁਸਤਕ 'Materialism and Emperio-Criticism ਵਿਚ ਪਰੋਫੈਸਰਾਂ ਬਾਰੇ ਵਿਚਾਰ ਪਰਗਟ ਕੀਤਾ ਹੈ :

"ਅਰਥ ਸ਼ਾਸਤਰ ਦੇ ਪਰੋਫੈਸਰਾਂ ਦੇ ਇਕ ਸ਼ਬਦ ਉਤੇ ਵੀ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ, ਜਦੋਂ ਕਿ ਉਹ ਅਰਥ ਵਿਗਿਆਨ ਦੇ ਸਿਧਾਂਤਾਂ ਦਾ ਜ਼ਿਕਰ ਕਰ ਰਹੇ ਹੋਣ। ਸਮੁੱਚੇ ਤੌਰ ਤੇ ਅਰਥ ਵਿਗਿਆਨ ਦੇ ਪਰੋਫੈਸਰ ਵੀ ਪੂੰਜੀਵਾਦੀ ਸ਼੍ਰੇਣੀ ਦੇ ਵਿਦਵਾਨ ਸੇਲਜ਼ਮੈਨਾਂ ਤੋਂ ਵੱਧ ਕੁਝ ਨਹੀਂ ਅਤੇ ਫਿਲਾਸਫੀ ਦੇ ਪਰੋਫੈਸਰ ਕੇਵਲ ਧਾਰਮਿਕ ਆਗੂਆਂ ਦੇ ਹੀ ਵਿਦਵਾਨ ਸੇਲਜ਼ਮੈਨ ਹਨ।"

ਮਾਰਕਸ ਦੇ ਵਿਚਾਰ ਅਨੁਸਾਰ ਸਮਾਜ ਦਾ ਕਲਿਆਨ ਉਦੋਂ ਹੀ ਸੰਭਵ ਹੈ ਜਦ ਰਾਜ ਸੱਤਾ ਮਜ਼ਦੂਰ ਵਰਗ ਦੇ ਹੱਥ ਆ ਜਾਵੇ। ਮਾਰਕਸ ਨੇ ਸਮਾਜ ਪਰਿਵਰਤਨ ਦੀ ਨੀਂਹ ਮਜ਼ਦੂਰਾਂ ਦੇ ਮੋਢਿਆਂ 'ਤੇ ਹੀ ਰੱਖੀ ਹੈ।

ਹੈਰਾਨੀ ਵਾਲੀ ਗੱਲ ਹੈ ਕਿ ਜਦੋਂ ਮਾਰਕਸ ਤੇ ਲੈਨਿਨ ਦੇ ਵਿਚਾਰ ਬੁੱਧੀ ਜੀਵੀ ਵਰਗ ਬਾਰੇ ਏਨੇ ਉਲਟ ਹਨ ਤਾਂ ਪ੍ਰਿੰ. ਸੇਖੋਂ ਨੂੰ ਬੁੱਧੀ ਜੀਵੀ ਵਰਗ ਨੂੰ ਰਾਜ ਸੱਤਾ ਵਿੱਚ ਭਾਗ ਦਿਵਾਉਣ ਲਈ ਵਕਾਲਤ-ਦੀ ਕਿਵੇਂ ਸੁੱਝੀ ? ਕੀ ਉਹ ਮਾਰਕਸਵਾਦ ਤੋਂ ਬੇਮੁਖ ਹੋ ਗਏ ਹਨ ?

ਕੁਝ ਦਾਰਸ਼ਿਨਿਕਾਂ ਦਾ ਵਿਚਾਰ ਹੈ ਕਿ ਸਮਾਜ ਦਾ ਕਲਿਆਨ ਤਦ ਹੋ ਸਕਦਾ ਹੈ ਜੇਕਰ ਉਸਦੀ ਵਾਗ ਡੋਰ ਮਹਾਨ ਆਦਮੀਆਂ (supermen) ਦੇ ਹੱਥ ਦੇ ਦਿੱਤੀ ਜਾਵੇ। ਇਹ ਖਿਆਲ ਬੀਜ ਰੂਪ ਵਿਚ ਅੱਫਲਾਤੂਨ ਦੀ ਪੁਸਤਕ 'ਗਣ ਰਾਜ' ਵਿਚ ਵੀ ਮਿਲਦਾ ਹੈ। ਉਸ ਦੇ ਕਥਨ ਅਨੁਸਾਰ ਸਮਾਜ ਦੀ ਭਲਾਈ ਇਸ ਵਿਚ ਹੈ ਕਿ ਜਾਂ ਤੇ ਫਲਾਸਫਰ ਰਾਜ ਸੰਭਾਲ ਲੈਣ ਜਾਂ ਰਾਜੇ—ਫਿਲਾਸਫਰ ਬਣ ਜਾਣ। ਸੇਖੋਂ ਸਾਹਿਬ ਦੇ ਵਿਚਾਰ ਇਸ ਅਫਲਾਤੂਨੀ ਵਿਚਾਰ ਦੇ ਬਹੁਤ ਨੇੜੇ ਹੋ ਗਏ ਜਾਪਦੇ ਹਨ। ਪਰ ਸੇਖੋਂ ਸਾਹਿਬ ਅਫਲਾਤੂਨ ਭਗਤ ਕਦੋਂ ਤੋਂ ਬਣ ਗਏ ਹਨ ? ਕਿਉਂਕਿ ਜੇ ਉਨ੍ਹਾਂ ਦੇ ਵਿਚਾਰ ਬੁੱਧੀ ਜੀਵੀ ਵਰਗ ਤੇ ਰਾਜ ਸੱਤਾ ਬਾਰੇ ਮਾਰਕਸ ਤੇ ਲੈਨਿਨ ਵਾਲੇ ਹੀ ਹਨ ਤਾਂ ਬੁੱਧੀ ਜੀਵੀ ਵਰਗ ਤੇ ਰਾਜ ਸੱਤਾ ਦੋਨੋਂ ਹੀ ਗਰਦਨ ਜ਼ਦਨੀ ਤੇ ਨਿੰਦਨ ਯੋਗ ਹਨ। ਬੁੱਧੀ ਜੀਵੀ ਵਰਗ ਨੂੰ ਰਾਜ ਸੱਤਾ ਵਿੱਚ ਭਾਗ ਦੇਣ ਨਾਲ ਕਿਸੇ ਦਾ ਵੀ ਭਲਾ ਨਹੀਂ ਹੋਣ ਲੱਗਾ।

ਭਾਵੇਂ ਮਾਰਕਸਵਾਦੀ ਬੁੱਧੀ ਜੀਵੀ ਵਰਗ ਨੂੰ (ਜੇ ਉਹ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਉਣੋਂ ਇਨਕਾਰ ਕਰ ਦੇਵੇ) ਬੜੀ ਨਫਰਤ ਦੀ ਨਿਗਾਹ ਨਾਲ ਦੇਖਦੇ ਹਨ ਅਤੇ ਉਨ੍ਹਾਂ ਦਾ ਕੋਈ ਸਥਾਨ ਨਹੀਂ ਮੰਨਦੇ ਪਰ ਫੇਰ ਵੀ ਬੁੱਧ-ਜੀਵ ਕੌਣ ਹੈ ? ਤੇ ਉਸਦਾ ਕੀ ਕਰਤਵ ਹੈ ? ਇਹ ਪ੍ਰਸ਼ਨ ਉਠੱਣੇ ਅਵਸ਼ ਹਨ ਤੇ ਇਨ੍ਹਾਂ ਬਾਰੇ ਵਿਚਾਰ ਪਰਗਟ ਕੀਤੇ ਬਿਨਾਂ ਅਸੀਂ ਆਪਣਾ ਪਿੱਛਾ ਨਹੀਂ ਛੁਡਾ ਸਕਦੇ ਤੇ ਨਾ ਹੀ ਇਸ ਬਹਿਸ ਦਾ ਕੋਈ ਲਾਭ ਹੋ ਸਕਦਾ ਹੈ।

ਸਾਡੇ ਵਿਚਾਰ ਅਨੁਸਾਰ ਬੁੱਧੀ ਜੀਵ ਤੇ ਬਾਕੀ ਲੋਕਾਂ ਵਿੱਚ ਮੁਢਲਾ ਅੰਤਰ ਕੇਵਲ ਨਿਰਨਾ ਕਰਨ ਦੇ ਢੰਗ ਵਿਚ ਹੀ ਹੈ । ਨਿਰਨਾ ਕਰਨ ਦਾ ਢੰਗ ਹੀ ਉਸ ਨੂੰ ਦੂਜਿਆਂ ਤੋਂ ਅੱਡਰਾ ਕਰਦਾ ਹੈ । ਬੁੱਧੀ ਜੀਵ ਦੇ ਨਿਰਨੇ ਉਚੱਤਮ ਗਿਆਨ ਤੇ ਵਧੀਆ ਸੋਚਣ ਸ਼ਕਤੀ ਨੂੰ ਪਰਤਿਬਿੰਬਤ ਕਰਦੇ ਹਨ । ਉਸਦੇ ਕਿਸੇ ਸਥਿਤੀ ਬਾਰੇ ਫੈਸਲੇ ਵਿਚੋਂ ਹਮੇਸ਼ਾ ਨਿਰਲੇਪਤਾ ਝਲਕਦੀ ਹੈ । ਉਹ ਜਜ਼ਬਾਤ ਦੇ ਵੇਗ ਦਾ ਸ਼ਿਕਾਰ ਨਹੀਂ ਹੁੰਦਾ । ਵਕਤੀ ਜੋਸ਼ ਜਾਂ ਤਅਸਬ ਉਸਦੇ ਫੈਸਲਿਆਂ ਨੂੰ ਪ੍ਰਭਾਵਤ ਨਹੀਂ ਕਰਦੇ । ਬੁੱਧੀ ਜੀਵ ਭਾਵੇਂ ਉਹ ਰਾਜ ਸੱਤਾ ਵਿਚ ਹਿੱਸੇਦਾਰ ਹੋਵੇ ਤੇ ਭਾਵੇਂ ਨਾ ਧੱਕੇ ਸ਼ਾਹੀ ਤੇ ਨਾ ਇਨਸਾਫੀ ਦੇ ਖਿਲਾਫ ਆਵਾਜ਼ ਉਠਾਂਦਾ ਹੈ ।

ਇਹ ਪਰਿਭਾਸ਼ਾ ਯਥਾਰਥ ਦੀ ਕਸਵੱਟੀ ਉਤੇ ਪੂਰੀ ਉਤਰਦੀ ਹੈ । ਅਤੇ ਹਰ ਸਮੇਂ, ਹਰ ਸਮਾਜ ਵਿੱਚ ਪੂਰੀ ਉਤਰਦੀ ਰਵੇਗੀ ।

ਸੋਸ਼ਲਿਸਟ ਨਿਜ਼ਾਮ ਵਿੱਚ ਬੁੱਧੀ ਜੀਵੀ ਵਰਗ ਨੂੰ ਅਮੂਮਨ ਤੇ ਲੇਖਕਾਂ ਤੇ ਕਲਾਕਾਰਾਂ ਨੂੰ ਖਾਸ ਤੌਰ ਤੇ ਸਰਕਾਰੀ ਸਰਪਰਸਤੀ ਹਾਸਲ ਹੈ । ਪਰ ਇਸ ਦੇ ਨਾਲ ਹੀ ਸਰਕਾਰੀ ਨਯੰਤਰਨ ਵੀ ਏਨਾ ਕਰੜਾ ਹੈ ਜਿੰਨਾ ਕਿ ਅਜ ਤਕ ਕਿਸੇ ਸਮਾਜ ਵਿਚ ਨਹੀਂ ਹੋਇਆ । ਲੈਨਿਨ ਨੇ ਆਪਣੇ ਲੇਖ 'ਪਾਰਟੀ ਸੰਘਠਨ ਤੇ ਪਾਰਟੀ ਸਾਹਿੱਤ' ਵਿਚ ਵਿਚਾਰ ਪਰਗਟ ਕੀਤਾ ਸੀ, ਕਿ "ਸਾਹਿੱਤ ਨੂੰ ਪਾਰਟੀ ਦੀ ਵਾਹਦ ਮਹਾਨ ਮਸ਼ੀਨਰੀ ਵਿਚ ਕੇਵਲ ਇਕ ਗਰਾਰੀ ਜਾਂ ਢਿੱਬਰੀ ਦਾ ਹੀ ਕੰਮ ਦੇਣਾ ਚਾਹੀਦਾ ਹੈ ।" ਸਰਕਾਰੀ ਸਰਪਰਸਤੀ ਕੇਵਲ ਉਸੇ ਬੁੱਧੀ ਜੀਵ ਨੂੰ ਨਸੀਬ ਹੁੰਦੀ ਹੈ ਜੋ ਸਰਕਾਰੀ ਪਾਲਿਸੀ ਦੀ ਹਾਂ ਵਿਚ ਹਾਂ ਮਿਲਾਏ । ਦੂਜਿਆਂ ਨੂੰ ਤਕੜੀ ਮੁਸੀਬਤ ਦਾ ਸਾਮ੍ਹਣਾ ਕਰਨਾ ਪੈਂਦਾ ਹੈ । ਬੋਰਸ ਪੈਸਟਰਨੈਕ ਦਾ ਕੇਸ ਸਾਡੇ ਸਾਮ੍ਹਣੇ ਹੈ । ਪਰ ਇਸਦੇ ਬਾਵਜੂਦ ਬੁੱਧੀ ਜੀਵੀ ਵਰਗ ਮੋਟੇ ਤੌਰ ਤੇ ਆਪਣੇ ਕਰਤੱਵ ਨੂੰ ਨਹੀਂ ਭੁਲਿਆ । ਹੰਗਰੀ ਦੇ ਇਨਕਲਾਬ ਦੀ ਮਿਸਾਲ ਵੀ ਸਾਡੇ ਸਾਮ੍ਹਣੇ ਹੈ । ਹੰਗਰੀ ਦੇ ਬੁੱਧੀ ਜੀਵੀ ਵਰਗ ਦਾ ਉਸ ਕਰਾਂਤੀ ਵਿਚ ਕਿੰਨਾਂ ਕੁ ਹੱਥ ਸੀ, ਇਸ ਦਾ ਪ੍ਰਮਾਣ ਸਾਨੂੰ ਖਰੁਸਚੇਵ ਦੀ ਹੰਗਰੀ ਦੇ ਇਨਕਲਾਬ ਬਾਰੇ ੧੯੫੭ ਵਿਚ ਕੀਤੀ ਗਈ ਇਕ ਤਕਰੀਰ ਤੋਂ ਪਤਾ ਲਗਦਾ ਹੈ, ਜਿਸ ਵਿਚ ਉਸ ਨੇ ਆਖਿਆ ਸੀ, ਕਿ ਜੇ ਕੁਝ ਲੇਖਕਾਂ ਨੂੰ ਵੇਲੇ ਸਿਰ ਗੋਲੀ ਮਾਰ ਦਿੱਤੀ ਜਾਂਦੀ ਤਾਂ ਉਹ ਸਭ ਕੁਛ ਨਾ ਵਾਪਰਦਾ ਜਿਹੜਾ ਕਿ ਵਾਪਰਿਆ ।

ਬੁੱਧੀ ਜੀਵੀ ਵਰਗ ਚਾਹੇ ਉਸਨੂੰ ਰਾਜ ਸੱਤਾ ਵਿਚ ਭਾਗ ਮਿਲੇ ਜਾਂ ਨਾ, ਭਾਵੇਂ ਉਸਨੂੰ ਸਰਕਾਰੀ ਸਰਪਰਸਤੀ ਹਾਸਲ ਹੋਵੇ ਜਾਂ ਨਾ, ਸਮਾਜੀ ਇਨਕਲਾਬ ਲਿਆਉਣ ਵਿਚ ਹਰ ਸਮੇਂ, ਹਰ ਸਮਾਜ ਵਿਚ ਆਪਣਾ ਮਹੱਤਵ ਪੂਰਨ ਹਿੱਸਾ ਪਾਉਂਦਾ ਰਹੇਗਾ । ਉਹ ਆਪਣੇ ਕਰਤੱਵ ਦਾ ਪਾਲਨ ਕੀਤੇ ਬਿਨਾ ਨਹੀਂ ਰਹਿ ਸਕਦਾ, ਭਾਵੇਂ ਫਰਾਂਸ ਦਾ ਇਨਕਲਾਬ ਹੋਵੇ ਤੇ ਭਾਵੇਂ ਰੂਸ ਦੀ ਯੁਗ ਪਲਟਾਊ ਕਰਾਂਤੀ ਤੇ ਭਾਵੇਂ ਹੰਗਰੀ, ਪੋਲੈਂਡ ਤੇ ਪੂਰਬੀ ਜਰਮਨੀ ਦੀ ਅੱਖਾਂ ਖੋਲ੍ਹ ਦੇਣ ਤੇ ਝੰਜੋੜ ਦੇਣ ਵਾਲੀ ਬਗਾਵਤ । ਇਸ ਤੋਂ ਬਿਨਾ ਬੁੱਧੀ ਜੀਵ, ਬੁੱਧੀ ਜੀਵ ਅਖਵਾਉਣ ਦਾ ਹੀ ਹਕਦਾਰ ਨਹੀਂ ।

# ਪ੍ਰਯੋਗ-ਧਾਰਾ ਦਾ ਸੰਕਟ ਮੋਚਨ

● ਅਮਰਜੀਤ ਸਿੰਘ

ਪੰਜਾਬੀ ਸਾਹਿੱਤ ਵਿੱਚ ਜਿਸ ਪ੍ਰਯੋਗ ਧਾਰਾ ਦਾ ਅੱਜ ਬਹੁਤ ਚਰਚਾ ਹੈ ਉਹ ਧਾਰਾ ਪੱਛਮੀ ਸਾਹਿਤ ਦੀ ਨਿਰੋਲ ਨਕਲ ਨਹੀਂ ਕਹੀ ਜਾ ਸਕਦੀ। ਇਸ ਧਾਰਾ ਦੀਆਂ ਰੇਖਾਵਾਂ ਅੰਮ੍ਰਿਤਾ-ਮੋਹਨ ਸਿੰਘ ਪੀੜ੍ਹੀ ਤੋਂ ਪਿਛੋਂ ਲਿਖਣ ਵਾਲੇ ਕਵੀਆਂ ਦੀ ਚੇਤਨਾ ਵਿਚ ਉਭਰਨੀਆਂ ਸ਼ੁਰੂ ਹੋ ਗਈਆਂ ਸਨ। ਇਹ ਰੇਖਾਵਾਂ ਮੱਧ ਵਰਗ ਦੇ ਆਪਣੇ ਬੌਧਕ disenchantment ਦਾ ਪ੍ਰਤਿਬਿੰਬ ਸਨ। ਇਹ disenchantment ਲੰਮੇ ਸਮੇਂ ਤਕ ਆਸ਼ਾਵਾਦੀ ਤਣਾਵ-ਭਰਪੂਰ ਨਾਅਰੇ-ਬਾਜ਼ੀ ਦੇ ਜੀਵਨ ਦੇ ਪ੍ਰਤਿਕਰਮ ਵਿਚੋਂ ਉਪਜੀ ਸੀ। ਸਮਾਜਵਾਦੀ ਯਥਾਰਥਵਾਦ ਦੇ ਉਲਾਰੂ ਰੂਪ ਦੀ ਜਿਹੜੀ ਨੁਹਾਰ ਪੰਜਾਬੀ ਸਾਹਿੱਤ ਵਿਚ ਉਘੜੀ ਸੀ ਇਹ ਉਸਦੇ ਉਤਾਰ ਦਾ ਚਿੰਨ੍ਹ ਸੀ। ਉਹ ਅਨੁਭਵ ਨਿੰਦਨਯ ਨਹੀਂ ਸਗੋਂ ਉਹਦੀ ਯਾਦ ਅਜ ਵੀ ਇਕ ਤਾਂਘ ਨੂੰ ਟੁੰਭਦੀ ਹੈ।

ਪਰ ਉਸ ਸਮੇਂ ਦੀ ਪੁਨਰ ਸੁਰਜੀਤੀ ਇਕ ਮ੍ਰਿਗ ਤ੍ਰਿਸ਼ਨਾ ਹੈ। ਜੇ ਉਹਦੀ ਪੁਨਰ ਸੁਰਜੀਤੀ ਹੋਈ ਵੀ ਤਾਂ ਉਹ ਨਵੇਂ ਪ੍ਰੀਵਰਤਿਤ ਵਾਤਾਵਰਣ ਦੇ ਅਨੁਕੂਲ ਨਵੀਆਂ ਪ੍ਰਵਿਰਤੀਆਂ ਦੇ ਆਧਾਰ 'ਤੇ ਹੋਵੇਗੀ। 'ਸਿਰਜਣਾ' ਦਾ ਆਗਮਨ ਏਸ ਪੁਨਰ ਸੁਰਜੀਤੀ ਲਈ ਨਵੀਆਂ ਧਾਰਨਾਵਾਂ ਦੀ ਖੋਜ ਵਿਚ ਪਹਿਲਾ ਪੜਾਅ ਹੈ। ਇਸ ਦਾ ਵਿਕਾਸ ਹੀ ਦਸੇਗਾ ਕਿ ਨਵੀਨ ਲਹਿਰ ਦੀਆਂ ਸੰਭਾਵਨਾਵਾਂ ਕਿਥੋਂ ਤਕ ਗਤੀਸ਼ੀਲ ਰਹਿਕੇ ਨਵੀਆਂ ਲੋੜਾਂ ਤੇ ਚਣੌਤੀਆਂ ਨਾਲ ਨਜਿਠ ਸਕਦੀਆਂ ਹਨ।

ਪ੍ਰਯੋਗ-ਧਾਰਾ ਦਾ ਸਿਧਾਂਤਕ ਆਗਮਨ ਪ੍ਰਗਤੀਵਾਦ ਦੇ ਵਿਰੋਧ-ਕੇਂਦ੍ਰਿਤ ਭਾਵਾਂ ਦੁਆਰਾ ਹੋਇਆ। ਭਾਵੇਂ ਪਿਛੋਂ ਏਸ ਗੱਲ ਨੂੰ ਗੋਲ-ਮੋਲ ਢੰਗ ਨਾਲ ਵਾਪਸ ਲੈਣ ਦਾ ਯਤਨ ਕੀਤਾ ਗਿਆ। ਪਰ ਮੂਲ ਰੂਪ ਵਿੱਚ ਏਸ ਧਾਰਾ ਦੇ ਪਿਛੋਕੜ ਵਿਚ ਜਿਹੜੀ ਭਾਵਨਾ ਕੰਮ ਕਰ

ਰਹੀ ਸੀ ਉਹ ਪ੍ਰਗਤੀਵਾਦੀ ਵਿਚਾਰਾਂ ਅਤੇ ਸਮਾਜਵਾਦੀ ਯਥਾਰਥਵਾਦ ਦੇ ਪ੍ਰਚਲਤ ਰੂਪ ਦੀ ਵਿਰੋਧਤਾ ਹੀ ਸੀ। ਅਸਲ ਵਿਚ ਮਧ ਵਰਗੀ ਬੁਧੀ ਜੀਵ ਨੇ ਜੇ ਇਕ ਪਾਸੇ ਪ੍ਰਗਤੀਵਾਦੀ ਕੀਮਤਾਂ ਵਲੋਂ ਮੂੰਹ ਮੋੜਿਆ ਹੈ ਤੇ ਸਮਾਜ ਨੂੰ ਕ੍ਰਾਂਤੀਕਾਰੀ ਪ੍ਰੀਵਰਤਣ ਦੁਆਰਾ ਬਦਲਣ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ ਛੱਡ ਕੇ ਸਨਕੀ ਰੁਚੀ ਨੂੰ ਅਪਣਾਇਆ ਹੈ ਤਾਂ ਦੂਜੇ ਉਸਨੇ ਆਪਣੀ ਅੰਤਹਿ-ਕਰਣ ਦੀ ਸੁਤੰਤਰਤਾ ਨੂੰ ਏਸ ਸਮਾਜ-ਪ੍ਰਬੰਧ ਦੀਆਂ ਕੀਮਤਾਂ ਅੱਗੇ ਹੀਣਾ ਸਮਝ ਕੇ ਆਪਣੇ ਆਪ ਨੂੰ ਇਸ ਤੋਂ ਵਖ ਵੀ ਕੀਤਾ ਹੈ ਤੇ ਕੁਝ ਖੇਤਰਾਂ ਵਿਚ ਇਸ ਨਾਲ ਸਮਝੌਤਾ ਕਰਕੇ ਏਸ ਪ੍ਰਬੰਧ ਦੁਆਰਾ ਮਿਲੀਆਂ ਸੰਭਾਵਨਾਵਾਂ ਦਾ ਲਾਭ ਵੀ ਉਠਾਇਆ ਹੈ। ਸਪਸ਼ਟ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਮਧ-ਵਰਗੀ ਬੁਧੀ ਜੀਵ ਨੇ 'ਜੋ ਹੈ, ਸੋ ਠੀਕ ਹੈ' ਨੂੰ ਅਚੇਤ -- ਰੂਪ ਵਿਚ ਪ੍ਰਵਾਨ ਕਰ ਲਿਆ ਜਾਪਦਾ ਹੈ। ਸਨਕੀ ਪਣੇ ਅਤੇ 'ਪ੍ਰਵਾਨਗੀ' ਦੇ ਦਵੰਦ ਦੀ ਉਪਜ ਦਾ ਰੂਪ ਪੰਜਾਬੀ ਕਾਵਿ ਖੇਤਰ ਵਿਚ ਪ੍ਰਯੋਗ-ਧਾਰਾ ਦਾ ਤਕਮਾ ਮੋਢੇ ਤੇ ਲਾ ਕੇ ਟੁਰਨ ਦਾ ਚਾਹਵਾਨ ਜਾਪਦਾ ਹੈ।

ਪ੍ਰਯੋਗ ਧਾਰਾ ਦਾ ਅਜਿਹੀਆਂ ਰੁਚੀਆਂ ਦਾ ਪਰਗਟਾਵਾ ਸਹਿਜੇ ਹੀ ਉਨ੍ਹਾਂ ਬੁਧੀ-ਜੀਵਾਂ ਲਈ ਇਕ ਚਿਤਾਵਣੀ ਦਾ ਕਾਰਨ ਹੈ ਜਿਹੜੇ ਸਾਹਿੱਤ ਨੂੰ ਸਾਰਥਕ ਮਾਨਵੀ ਕਰਮ ਸਮਝਦੇ ਹੋਏ ਇਸ ਦੇ ਸਮਾਜਕ ਤੱਤ ਨੂੰ ਤੇ ਸਮਾਜਕ ਮਹਤਵ ਨੂੰ ਅਣਗੌਲਿਆ ਨਹੀਂ ਕਰਨਾ ਚਾਹੁੰਦੇ। ਭਾਵੇਂ ਅਜ ਦੇ ਸਮਾਜ ਪ੍ਰਬੰਧ ਵਿਚ ਸਾਹਿੱਤ ਦਾ ਉਹ ਕਲਿਆਣਕਾਰੀ ਸਥਾਨ ਨਹੀਂ ਜੋ ਪਛਮ ਵਿਚ ਪਿਛਲੀ ਸਦੀ ਵਿਚ ਜਾਂ ਪੰਜਾਬ ਵਿਚ ਗੁਰਬਾਣੀ ਦਾ ਰਿਹਾ ਹੈ ਪਰ ਫੇਰ ਵੀ ਆਧੁਨਿਕ ਪੜ੍ਹੀ ਲਿਖੀ ਸ਼੍ਰੇਣੀ ਦੇ ਚੇਤਨਾ-ਵਿਕਾਸ ਵਿਚ ਸਾਹਿੱਤ ਕੁਝ ਨਾ ਕੁਝ ਹਿੱਸਾ ਅਜ ਵੀ ਜ਼ਰੂਰ ਪਾਂਦਾ ਹੈ। ਇਸ ਲਈ ਪ੍ਰਯੋਗ-ਧਾਰਾ ਨਾਲ ਸਬੰਧਤ ਸਾਹਿੱਤ ਦੇ ਮਨੋਰਥ ਅਤੇ ਆਧਾਰ ਖੇਤਰ ਬਾਰੇ ਵਿਚਾਰ ਕਰਨੀ ਬੜੀ ਲੋੜੀਂਦੀ ਹੈ।

ਜੋ ਸਾਹਿੱਤ ਅਜ ਆਧੁਨਿਕਤਾ ਦੇ ਨਾਂ ਹੇਠਾਂ ਰਚਿਆ ਜਾ ਰਿਹਾ ਹੈ ਉਸਦਾ ਪ੍ਰੇਰਨਾ ਸਰੋਤ ਆਧੁਨਿਕ ਚੇਤਨਾ ਘੱਟ ਤੇ ਪੱਛਮੀ ਅਧੁਨਿਕ ਸਾਹਿੱਤ ਵਧੇਰੇ ਹੈ। ਇਸ ਦਾ ਵੱਡਾ ਪਰਮਾਣ ਸਾਹਿਤ-ਕਾਰਾਂ ਵਲੋਂ ਕਹੀਆਂ ਜਾਂਦੀਆਂ ਉਹ ਸ਼ੋਸ਼ਾ-ਮਈ ਗਲਾਂ ਹਨ ਜਿਨਾਂ ਦੀ ਅਦਭੁਤਕਤਾ ਸਾਡੇ ਪਾਠਕਾਂ ਨੂੰ ਪ੍ਰਭਾਵਤ ਕਰਦੀ ਹੈ ਪਰ ਜਿਨ੍ਹਾਂ ਦੀ ਸਥਾਨਕ ਚੇਤਨਾ ਨਾਲ ਕੋਈ ਕੜੀ ਨਹੀਂ ਮਿਲਦੀ। ਇਹੀ ਕਾਰਨ ਹੈ ਕਿ ਏਸ ਲਹਿਰ ਦੇ ਅਲੋਚਕਾਂ ਨੂੰ ਏਸ ਲਹਿਰ ਖੇਤਰ ਵਿਚ ਰਚੀਆਂ ਜਾਂਦੀਆਂ ਕਿਰਤਾਂ ਨੂੰ ਸ਼ੋਸ਼ਾ ਬਾਜ਼ੀ, ਮਨ ਘੜਤ ਆਧੁਨਿਕਤਾ, ਪੱਛਮੀ ਸਾਹਿੱਤ ਦੇ ਚਲਦੇ ਫੈਸ਼ਨਾ ਦੀ ਅਚੇਤ ਪ੍ਰਵਾਨਗੀ ਆਦਿ ਨਾਵਾਂ ਨਾਲ ਸੁਸ਼ੋਭਤ ਕਰਨਾ ਪੈਂਦਾ ਹੈ। ਕਿਉਂਕਿ ਇਹ ਲਹਿਰ ਆਪਣੇ ਸਾਹਿੱਤ ਦੀ ਪ੍ਰੰਪਰਾ ਨਾਲ ਘੱਟ ਤੇ ਪੱਛਮੀ ਸਾਹਿੱਤ ਪ੍ਰੰਪਰਾ ਨਾਲ ਵਧੇਰੇ ਜੁੜੀ ਹੋਈ ਹੈ ਇਸ ਲਈ ਏਸ ਲਹਿਰ ਦਾ ਏਸ ਪੜਾਅ 'ਤੇ ਮੂਲਿਆਂਕਣ ਕਰਨਾ ਜ਼ਰੂਰੀ ਹੈ ਤਾਂ ਜੋ ਏਸ ਲਹਿਰ ਨੂੰ ਭਲੀ ਭਾਂਤ ਆਪਣੇ ਸਾਹਿੱਤ ਪ੍ਰਵਾਹ ਦਾ ਸਾਰਥਕ ਭਾਗ ਬਣਾਇਆ ਜਾ ਸਕੇ।

ਏਸ ਲਹਿਰ ਦੇ ਸਾਹਿਤਕਾਰਾਂ ਨੇ ਪਛਮੀ ਸਾਹਿਤਕ ਪ੍ਰਣਾਲੀ ਤੋਂ ਜੋ ਕੁਝ ਗ੍ਰਹਿਣ ਕਰਨ ਦਾ ਯਤਨ ਕੀਤਾ ਹੈ ਉਹ ਦੋ ਬਹੁਤ ਭਿੰਨ ਸਮਾਜਕ ਸਥਿਤੀਆਂ ਦੀ ਵਿੱਥ ਨੂੰ ਹੋਰ ਵਧੇਰੇ ਸਪਸ਼ਟ ਕਰਦਾ ਹੈ। ਜੋ ਪ੍ਰਵਿਰਤੀਆਂ ਪਛਮੀ ਸਾਹਿੱਤ ਵਿਚ ਪ੍ਰਚੱਲਤ ਹਨ ਉਹ ਨਿਘਾਰ ਵਲ ਜਾ ਰਹੇ ਜਾਂ ਸਿਥਲ ਸਮਾਜਕ ਤੇ ਆਰਥਕ ਪ੍ਰਬੰਧ ਦੀਆਂ ਉਪਜ ਹਨ ਪਰ ਭਾਰਤ ਵਿਚ ਬਸਤੀਵਾਦੀ ਅਥਵਾ ਉਭਰ ਰਹੇ ਸਰਮਾਏਦਾਰੀ ਸਮਾਜਕ ਅਤੇ ਆਰਥਕ ਪ੍ਰਬੰਧ ਦੀ ਉਪਜੀ ਚੇਤਨਾ ਨੂੰ ਸਾਮਰਾਜ ਵਿਰੋਧਤਾ ਨੇ ਸੇਧ

ਦਿੱਤੀ ਹੈ। ਅਜ ਦੀ ਬਦਲੀ ਸਥਿਤੀ ਵਿਚ ਸਾਮਰਾਜ ਵਿਰੋਧੀ ਪ੍ਰਵਿਰਤੀ ਮਧਮ ਪੈ ਗਈ ਹੈ। ਇਸਦਾ ਕੋਈ ਇਕ ਕਾਰਨ ਨਹੀਂ।

ਸਮਾਜਵਾਦੀ ਸ਼ਕਤੀਆਂ ਦੀ ਅੰਤਰ-ਰਾਸ਼ਟਰੀ ਖੇਤਰ ਵਿਚ ਕਮਜ਼ੋਰੀ, ਉਨ੍ਹਾਂ ਦਾ ਦੋ ਧੜਿਆਂ ਵਿੱਚ ਵੰਡਿਆ ਜਾਣਾ, ਨਹਿਰੂ ਵਿਚਾਰਧਾਰਾ ਦਾ ਉਪਜਾਇਆ ਦਵੰਦ ਆਦਿ ਸੰਕਟ ਦਾ ਕਾਰਨ ਹਨ। ਨਹਿਰੂ ਦੀ ਮ੍ਰਿਤੂ ਪਿਛੋਂ ਏਸ ਦਵੰਦ ਨੂੰ ਬਨਾਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਪਰ ਨਹਿਰੂ ਦੀ ਬੌਧਕ ਸਤਰ ਤੇ ਪ੍ਰੇਰਨਾ ਦੇ ਸਕਣ ਦੀ ਸਮਰਥ ਦੀ ਅਲੋਪਤਾ ਪਰਗਤੀਵਾਦੀ ਬੁਧੀ-ਜੀਵਾਂ ਨੂੰ ਏਸ ਗਲ ਲਈ ਚਣੌਤੀ ਹੈ ਕਿ ਉਹ ਏਸ ਵਾਤਾਵਰਣ ਵਿੱਚ ਸਥਿਤੀ ਦਾ ਨਵੇਂ ਸਿਰਿਓਂ ਸਰਵੇਖਣ ਕਰਕੇ ਸਹੀ ਮਾਰਗ ਨਿਸਚਤ ਕਰ ਸਕਣ। ਇਹਦਾ ਭਾਵ ਇਹ ਨਹੀਂ ਕਿ ਪ੍ਰਗਤੀਵਾਦੀ ਸ਼ਕਤੀਆਂ ਆਪਣੇ ਸਿਧਾਂਤਕ ਪੱਖ ਨੂੰ ਤਿਆਗ ਕੇ ਮੱਧ ਵਰਗੀ ਚੇਤਨਾ ਨੂੰ ਆਪਣਾ ਆਗੂ ਸਮਝ ਕੇ ਉਸਦੇ ਪਿਛਲਗੂ ਬਣਨਗੀਆਂ। ਪ੍ਰਯੋਗਧਾਰਾ ਨੇ ਉਨ੍ਹਾਂ ਪੱਛਮੀ ਵਿਚਾਰਾਂ ਤੇ ਟੂਕਾਂ ਨੂੰ ਆਪਣਾ ਸੋਮਾਂ ਅਤੇ ਆਧਾਰ ਖੇਤਰ ਬਣਾਇਆ ਹੈ ਜਿਨ੍ਹਾਂ ਨੂੰ ਪੱਛਮ ਵਿੱਚ ਚਗਲ ਕੇ ਸੁਟ ਦਿੱਤਾ ਗਿਆ ਹੈ। ਏਸ ਲਈ ਜੇ ਸਾਡੀ ਸਮਾਜਕ ਸਥਿਤੀ ਵਿਚ ਉਹ ਚਗਲੀਆਂ ਹੋਈਆਂ, ਵਸਤਾਂ, ਉਨ੍ਹਾਂ ਦੇ ਰੂਪ ਤੇ ਉਨ੍ਹਾਂ ਦਾ ਅਨੁਕਰਣ ਦਿਲ ਖਿਚਵਾਂ ਲਗਦਾ ਹੈ ਜਾਂ ਪਾਠਕਾਂ ਨੂੰ ਟੁੰਭਦਾ ਹੈ ਤਾਂ ਇਹਦਾ ਇਹ ਭਾਵ ਨਹੀਂ ਕਿ ਇਹ ਲੋਕ ਏਸ ਗਲ ਦਾ ਦਾਅਵਾ ਕਰਨ ਦੇ ਹਕਦਾਰ ਹਨ ਕਿ ਉਹ 'ਜੇਤਕ ਸੰਗਰਾਮ' ਵਿੱਚ "ਪੂਰਾ ਪੂਰਾ ਹਿੱਸਾ" ਪਾਣ ਦੇ ਯੋਗ ਹੋ ਗਏ ਹਨ ਜਾਂ ਯੋਗ ਸਮਝੇ ਜਾਣੇ ਚਾਹੀਦੇ ਹਨ।

ਆਧੁਨਿਕ ਚੇਤਨਾ ਦੀ ਹੋਂਦ ਦੀ ਗਵਾਹੀ ਪ੍ਰਯੋਗ ਧਾਰਾ ਦਾ ਆਗਮਨ ਸੀ। ਪਰ ਪ੍ਰਯੋਗ ਧਾਰਾ ਦਾ ਆਧੁਨਿਕਤਾ ਨੂੰ ਪੱਛਮ ਦਾ ਪਿਛਲਗ ਬਣਾ ਕੇ ਪੇਸ਼ ਕਰਨਾ ਆਧੁਨਿਕਤਾ ਦੀਆਂ ਸੰਭਾਵਨਾਵਾਂ ਨਾਲ ਧਰੋਹ ਹੈ। ਆਧੁਨਿਕਤਾ ਦਾ ਸੋਮਾ ਕਲਾਕਾਰ ਦਾ ਆਪਣਾ ਅਨੁਭਵ ਹੋ ਸਕਦਾ ਹੈ। ਪਰ ਪੰਜਾਬ ਦੀ ਆਧੁਨਿਕ ਚੇਤਨਾ ਨੂੰ ਨਿਰੋਲ ਨਾਂ-ਗਿਣਾਉਣੀ ਆਧੁਨਿਕਤਾ ਦੀ ਨਾਅਰੇਬਾਜ਼ੀ ਤੇ ਪ੍ਰਯੋਗਸ਼ੀਲਤਾ ਦੇ ਪੋਤਾਂ ਨਾਲ ਕੱਜ ਕੇ ਮੱਧ ਵਰਗੀ ਕੀਮਤਾਂ ਦੀ ਸਰਬੋਤਮਤਾ ਨੂੰ ਸਰਵ-ਵਿਆਪੀ ਸਮਝਣਾ ਅਜੇਹੀ ਖੁਸ਼ ਫਹਿਮੀ ਹੈ ਜਿਸਨੂੰ ਸਿਧਾਂਤਕ ਆਧਾਰ ਦੇਣ ਦਾ ਸਾਹਸ ਜਸਬੀਰ ਆਹਲੂ-ਵਾਲੀਆ ਹੀ ਕਰ ਸਕਦਾ ਹੈ।

ਸਹਿਜ ਸੁਭਾ ਦ੍ਰਿਸ਼ਟੀ ਤੋਂ ਵਾਚਿਆਂ ਇਉਂ ਜਾਪਦਾ ਹੈ ਜਿਵੇਂ ਜਸਬੀਰ ਆਧੁਨਿਕਤਾ ਨੂੰ ਸਿਧਾਂਤਕ ਆਧਾਰ ਦੇਣ ਲਈ ਵਣ ਵਣ ਦੀ ਲਕੜੀ ਇਕੱਠੀ ਕਰਦਾ ਹੈ ਪਰ ਅਸਲ ਵਿੱਚ ਉਹ ਭੱਜੇ ਹੋਏ ਸਮਾਜਵਾਦੀ ਵਾਂਗ ਸਮਾਜਵਾਦ ਦੀ ਵਿਰੋਧਤਾ ਨੂੰ ਹੀ ਆਧਾਰ ਸ਼ਿਲਾ ਬਣਾਂਦਾ ਹੈ ਤੇ ਬੜੀ ਚਤੁਰਾਈ ਨਾਲ ਗਾਹਲਾਂ ਕੱਢ ਕੇ 'ਸਿਰਜਣਾ' ਦੇ ਆਗਮਣ ਤੋਂ ਉਪਜੇ ਭੈ ਨੂੰ ਛੁਪਾਣਾ ਚਾਹੁੰਦਾ ਹੈ। 'ਪ੍ਰਗਤੀਵਾਦੀ' ਸਾਹਿਤਕਾਰਾਂ ਦਾ ਪੁੰਨਰ-ਸੰਗਠਨ ਉਸਨੂੰ ਏਸ ਨਾਂ-ਗਿਣਾਉਣੀ ਆਧੁਨਿਕਤਾ ਲਈ ਖਤਰਨਾਕ ਜਾਪਦਾ ਹੈ। ਜੇ ਏਸ ਆਧੁਨਿਕਤਾ ਦਾ ਆਧਾਰ-ਖੇਤਰ ਪੰਜਾਬ ਦੀ ਭੋਇੰ-ਸਥਲ ਹੈ ਤਾਂ ਏਸ ਤਰ੍ਹਾਂ ਛਿਥਿਆਂ ਪੈਣ ਦੀ ਥਾਂ ਉਹਨੂੰ ਸਾਰਥਕ ਬਹਿਸ ਵਿੱਚ ਪੈਣਾ ਚਾਹੀਦਾ ਹੈ ਪਰ ਉਹ ਜਾਣਦਾ ਹੈ ਕਿ ਇਹ ਆਧੁਨਿਕਤਾ ਪੱਛਮੀ ਸਾਹਿੱਤ ਦੀਆਂ ਚਗਲੀਆਂ ਕਿਰਤਾਂ ਤੋਂ ਪ੍ਰੇਰਨਾ ਲੈਂਦੀ ਹੈ ਤੇ ਨਿਰੋਲ ਸਥਾਨਕ ਆਧੁਨਿਕਤਾ ਦੀ ਪ੍ਰਤੀਨਿਧ ਨਹੀਂ। ਜੇ ਅਜੇਹਾ ਹੋਵੇ ਤਾਂ ਏਸ ਭੋਇੰ ਵਿੱਚ ਇਹ ਆਧੁਨਿਕਤਾ ਆਪਣਾ ਸਥਾਨ ਆਪੇ ਬਣਾਵੇਗੀ। ਜਸਬੀਰ ਨੂੰ ਡਰ ਹੈ ਕਿ ਇਹ ਆਧੁਨਿਕਤਾ ਕਿਧਰੇ ਪ੍ਰਗਤੀਵਾਦ ਦਾ ਪ੍ਰਭਾਵ ਨਾ ਕਬੂਲ ਕਰ ਲਵੇ ਤੇ ਸਹੀ ਲਕਸ਼ ਪ੍ਰਾਪਤ ਕਰਕੇ ਸਾਰਥਕ ਪਥ ਪ੍ਰਦਰਸ਼ਕ

ਨਾ ਬਣ ਜਾਵੇ। ਉਹ ਏਸ ਆਧੁਨਿਕਤਾ ਨੂੰ ਮਧ ਵਰਗੀ ਕੀਮਤਾਂ ਤਾਈਂ ਕੇਂਦ੍ਰਿਤ ਰਖਣਾ ਚਾਹੁੰਦਾ ਹੈ ਤੇ ਮੂਲ ਸਿਧਾਂਤਕ ਆਧਾਰ ਸਮਾਜਵਾਦ ਦੀ ਵਿਰੋਧਤਾ ਨੂੰ ਹੀ ਬਨਾਣਾ ਚਾਹੁੰਦਾ ਹੈ।

ਇਹ ਠੀਕ ਹੈ ਕਿ ਅਜ ਆਦਰਸ਼ਵਾਦ ਬੁਧੀ-ਜੀਵਾਂ ਨੂੰ ਨਹੀਂ ਪਰੇਰ ਸਕਦਾ। ਪਰ ਬੁਧੀ ਜੀਵ ਨਿਰੋਲ 'ਆਪੇ' ਵਿੱਚ ਕੇਂਦ੍ਰਿਤ ਹੋ ਕੇ ਸਮਾਜਕ ਤੱਥ ਨੂੰ ਨਹੀਂ ਭੁਲਾ ਦੇਂਦਾ। ਕੁਝ ਸ੍ਵੈ-ਕੇਂਦ੍ਰਿਤ ਸਾਹਿੱਤਕਾਰਾਂ ਤੋਂ ਉਪਰੰਤ ਬਾਕੀ ਸਾਰੇ ਆਪਣੇ ਸਮਾਜਕ ਕਰਤਵ ਨੂੰ ਸਮਝਦੇ ਹਨ। ਇਹ ਸ੍ਵੈ-ਕੇਂਦ੍ਰਿਤ ਸਾਹਿੱਤਕਾਰ ਉਹ ਹਨ ਜਿਹੜੇ ਕਦੀ ਕਾਮ-ਕਲਾ ਨੂੰ ਆਪਣਾ ਵਿਸ਼ਾ ਬਣਾਂਦੇ ਹਨ, ਕਦੀ ਸੁਣੇ ਸੁਣਾਏ ਆਧੁਨਿਕ ਵਿਚਾਰਾਂ ਨੂੰ ਤੇ ਕਦੀ ਉਸ 'ਆਪੇ' ਨੂੰ ਜਿਹੜਾ ਸਮਾਜ ਨਾਲੋਂ ਕਟਿਆ ਹੋਇਆ ਹੈ।

ਏਸ ਸਥਿਤੀ ਵਿੱਚ ਪੁੰਨਰ-ਸੰਗਠਤ ਪ੍ਰਗਤੀਵਾਦੀ ਲਹਿਰ ਦਾ ਮਨੋਰਥ ਅਜੇਹਾ ਹੋਣਾ ਚਾਹੀਦਾ ਹੈ ਜਿਸ ਦੁਆਰਾ ਏਸ 'ਨਾਂ ਗਿਨਾਉਣੀ ਆਧੁਨਿਕਤਾ' ਦੀ ਪ੍ਰਗਤੀਵਾਦ-ਵਿਰੋਧੀ ਚਣੌਤ ਨੂੰ ਆਪਣੇ ਖੇਤਰ ਵਿੱਚੋਂ ਹੀ ਪੈਰੋਂ ਕੱਢਿਆ ਜਾਏ। ਇਹ ਕਾਰਜ ਜਥੇਬੰਧਕ ਪੱਧਰ 'ਤੇ ਨਹੀਂ ਸਾਹਿਤਕ ਖੇਤਰ ਵਿੱਚ ਸਿਰੇ ਚੜ੍ਹਨਾ ਹੈ। ਨਿਰੋਲ ਵਿਚਾਰਧਾਰਾ ਦੀ ਉਤਮਤਾ ਏਸ ਮਨੋਰਥ ਪ੍ਰਾਪਤੀ ਵਿੱਚ ਸਹਾਈ ਨਹੀਂ ਹੋ ਸਕਦੀ। ਉੱਚ ਕਲਾ ਦੀ ਉਪਜ ਹੀ ਇਕ ਅਜੇਹਾ ਕਾਰਜ ਹੈ ਜਿਹੜਾ ਏਸ 'ਆਧੁਨਿਕਤਾ' ਦੇ ਸਹੀ ਰੂਪ ਨੂੰ ਸਾਡੇ ਸਾਹਮਣੇ ਲਿਆ ਸਕਦਾ ਹੈ। ਕੁਲਵੰਤ ਸਿੰਘ ਵਿਰਕ, ਪਿਆਰਾ ਸਿੰਘ ਭੋਗਲ ਸ. ਸ. ਮੀਸ਼ਾ, ਸੁਰਜੀਤ ਹਾਂਸ, ਸੁਰਿੰਦਰ ਗਿਲ, ਜਗਤਾਰ, ਮਹਿਰਮ ਯਾਰ, ਸੁਖਬੀਰ, ਤਾਜ ਗਿੱਲ, ਆਦਿ ਲੇਖਕਾਂ ਦੀਆਂ ਕਿਰਤਾਂ ਏਸ ਗਲ ਦੀ ਸੂਚਕ ਹਨ ਕਿ ਉਨ੍ਹਾਂ ਦੀ ਰਚਨਾ ਵਿੱਚ ਸਮਾਜਕ ਅੰਸ਼ ਏਸ ਸੇਧ ਨੂੰ ਪ੍ਰਾਪਤ ਕਰਨ ਦੇ ਯਤਨਾਂ ਵਿੱਚ ਲਗਾ ਹੋਇਆ ਹੈ। ਲੋੜ ਸਿਰਫ ਏਸ ਗਲ ਦੀ ਹੈ ਕਿ ਸਮਾਜਵਾਦੀ ਯਥਾਰਥਵਾਦ ਦੀਆਂ ਬਦਲੀਆਂ ਸਥਿਤੀਆਂ ਅਨੁਕੂਲ ਸੰਭਾਵਨਾਵਾਂ ਨੂੰ ਸਪਸ਼ਟ ਰੂਪ ਵਿੱਚ ਸਮਝਿਆ ਜਾਵੇ।

— ੦ —

## ਅਮਰਜੀਤ ਸਿੰਘ ਦੀਆਂ ਰਚਨਾਵਾਂ

ਆਲੋਚਨਾ—ਸਾਹਿਤ ਮੂਲਿਆਂਕਣ

ਕਵਿਤਾ —ਕਾਲੀਆਂ ਛੱਤਾਂ ਵਾਲਾ ਸ਼ਹਿਰ

# ਕਿਰਮਚੀ ਲਕੀਰਾਂ

● ਜੋਗਾ ਸਿੰਘ

ਜ਼ਿੰਦਗੀ ਦੇ ਬਹੁਤ ਸਾਰੇ ਨੋਕੀਲੇ ਪਲ ਜਿਉਂ ਰਹੇ ਮਨ ਉੱਤੇ ਕੁਝ ਨਿਸ਼ਾਨ ਪਾ ਜਾਂਦੇ ਹਨ। ਇਹਨਾਂ ਨਿਸ਼ਾਨਾ ਦਾ ਰੰਗ ਪਤਾ ਨਹੀਂ ਕਿਰਮਚੀ ਹੁੰਦਾ ਹੈ ਜਾਂ ਹਰਾ ਪਰ ਗਹਿਰਾ ਜ਼ਰੂਰ ਹੁੰਦਾ ਹੈ। ਤੇ ਇਹਨਾਂ ਹੀ ਗਹਿਰੀਆਂ ਰੇਖਾਵਾਂ ਨੂੰ ਜੇ ਕਿਸੇ ਨਾ ਕਿਸੇ ਤਰ੍ਹਾਂ ਕੋਈ ਬਾਹਰੀ ਰੂਪ ਦੇ ਲਿਆ ਜਾਵੇ ਤਾਂ ਮਨੁੱਖ ਦੀ ਅੰਦਰਲੀ ਸ਼ਖਸੀਅਤ ਦਾ ਬੋਧ ਸੌਖੀ ਤਰ੍ਹਾਂ ਹੋ ਜਾਂਦਾ ਹੈ। ਸੂਖਮ-ਭਾਵੀ ਹੋਣ ਦੇ ਨਾਤੇ ਕਲਾਕਾਰ ਮਨ ਸੂਖਮ ਤੋਂ ਸੂਖਮ ਤੇ ਗੋਲ ਤੋਂ ਗੋਲ ਪਲਾਂ ਦੀ ਚੁਭਨ ਨੂੰ ਵੀ ਮਹਿਸੂਸਦਾ ਹੈ। ਤੇ ਇਹੋ ਕਾਰਨ ਹੈ ਕਿ ਉਸ ਦਾ ਮਨ ਸਾਧਾਰਣ ਮਨ ਨਾਲੋਂ ਵਧੇਰੇ ਗੁੰਝਲਦਾਰ ਤੇ ਪੇਚੀਦਾ ਹੁੰਦਾ ਹੈ। ਅਜੇਹੀ ਅਵਸਥਾ ਵਿੱਚ ਜੋ ਕੁਝ ਵੀ ਉਹ ਕਹਿੰਦਾ ਜਾਂ ਲਿਖਦਾ ਹੈ ਉਹ ਪੂਰੀ ਤਰ੍ਹਾਂ ਸਾਡੇ ਪੱਲੇ ਨਹੀਂ ਪੈਂਦਾ ਕਾਰਨ ਇਹ ਕਿ ਇਹ ਮਹਿਸੂਸੇ ਹੋਏ ਪਲ ਉਸ ਦੇ ਮਨ ਵਿੱਚ ਫੇਰ ਇਕ ਤਰਤੀਬ ਬਦਲਦੇ ਰਹਿੰਦੇ ਹਨ। ਉਸ ਦਾ ਅਚੇਤ ਤੇ ਸੁਚੇਤ ਇਹਨਾਂ ਵਿੱਚ ਕੋਈ ਭੰਨਤੋੜ (distortion) ਅਤੇ ਪੁਨਰਨਿਰਮਾਣ (reproduction) ਕਰਦਾ ਰਹਿੰਦਾ ਹੈ। ਫਲਸ੍ਰੂਪ ਬਿਆਨ ਕੀਤੇ ਗਏ ਪਲ ਮਹਿਸੂਸੇ ਪਲਾਂ ਨਾਲੋਂ ਆਪਣਾ ਰੂਪ ਵਟਾ ਜਾਂਦੇ ਹਨ ਪਰ ਇਹ ਫਰਕ ਕੇਵਲ ਰੂਪ ਦਾ ਹੀ ਹੁੰਦਾ ਹੈ ਅਨੁਭਵ ਦਾ ਨਹੀਂ। ਸੋ ਬਦਲੇ ਰੂਪ ਰਾਹੀਂ ਸਿੱਧਾ ਵੇਖਣਾ ਸਾਨੂੰ ਅਨੁਭਵ ਤੋਂ ਦੂਰ ਲੈ ਜਾ ਸਕਦਾ ਹੈ। ਅਜਿਹਾ ਕਰਨ ਲਈ ਸਾਨੂੰ ਰਚਿਤਾ ਦੀ ਮਾਨਸਿਕ ਬਣਤਰ (mental make-up) ਅਤੇ ਰਚਨਾ ਦੋਹਾਂ ਨਾਲ ਕੋਈ ਸਾਂਝ ਪਾਉਣੀ ਪਵੇਗੀ। ਇਸ ਵਿਚ ਵੀ ਮਾਨਸਿਕ ਬਣਤਰ ਨੂੰ ਸਮਝਣ ਦੀ ਗੱਲ ਬੜੀ ਟੇਢੀ ਹੈ। ਹੋ ਸਕਦਾ ਹੈ ਕਿ ਜਿਸ ਮਨੁੱਖ ਦੀ ਮਾਨਸਿਕ ਬਣਤਰ ਦਾ ਅਧਿਐਨ ਅਸੀਂ ਕਰ ਰਹੇ ਹਾਂ ਉਹ ਸੁਚੇਤ ਹੋਕੇ ਆਪਣੇ ਆਪ ਨੂੰ "ਜਿਵੇਂ ਹੈ" ਨਾਲੋਂ "ਜਿਵੇਂ ਉਹ ਚਾਹੁੰਦਾ ਹੈ"

ਬਣਾ ਕੇ ਪੇਸ਼ ਕਰੇ। ਇਸ ਤਰ੍ਹਾਂ "ਖੁਦ ਬਿਆਨੀਆਂ" ਨੂੰ ਆਧਾਰ ਬਣਾ ਕੇ "ਬਹਾਨਾ ਕਰਨ" ਦੀ ਗੱਲ ਤੋਂ ਮੁਕਤ ਨਹੀਂ ਹੋਇਆ ਜਾ ਸਕਦਾ। 'ਭਲਾ ਮੈਂ ਅਪਣੇ ਮਨ ਦਾ ਕੋਹੜ ਤੁਹਾਨੂੰ ਕਿਉਂ ਦਸਾਂਗਾ।' ਪਰ ਫੇਰ ਵੀ "ਜਿਵੇਂ ਚਾਹੁੰਦਾ ਹੈ" ਤੇ "ਬਹਾਨਾ ਕਰਨ" ਦੇ ਪਰਦੇ ਉੱਠ ਹੀ ਜਾਇਆ ਕਰਦੇ ਹਨ।

ਅੰਮ੍ਰਿਤਾ ਨੇ 'ਕਿਰਮਚੀ ਲਕੀਰਾਂ'* ਵਿਚ ਇਸੇ ਤਰ੍ਹਾਂ ਦੀਆਂ ਖੁਦ ਬਿਆਨੀਆਂ ਕੀਤੀਆਂ ਹਨ। ਇਹ ਜਿੱਥ ਆਪਣੇ ਆਪ ਨਾਲ ਮੁਲਾਕਾਤ ਲਿਖਕੇ, ਆਪਣੀ ਰਚਨਾ ਦੇ ਭੇਦ ਦੱਸ ਕੇ ਜਾਂ ਆਪਣੇ ਪਾਤਰਾਂ ਨਾਲ, ਆਪਣੀ ਸਾਂਝ ਦਰਸਾ ਕੇ ਕੀਤਾ ਗਿਆ ਹੈ ਉੱਥੇ ਹੋਰ ਲੇਖਕਾਂ ਤੇ ਕਲਾਕਾਰਾਂ ਨਾਲ ਕੀਤੀਆਂਗਈਆਂ ਮੁਲਾਕਾਤਾਂ ਵਿੱਚੋਂ ਵੀ ਝਲਕਦਾ ਹੈ। ਪੰਜਾਬੀ ਦੇ ਹੋਰ ਕਲਮੀ ਚਿਤਰ ਲਿਖਣ ਵ ਲਿਆਂ ਵਾਂਗ ਅੰਮ੍ਰਿਤਾ ਨੇ ਆਪਣੇ ਵਿਚਾਰਾਂ ਜਾਂ ਆਪਣੀਆਂ ਗੱਲਾਂ ਨੂੰ ਉਹਨਾਂ ਉਤੇ ਠੋਸਿਆ ਨਹੀਂ। ਨ ਹੀ ਜਾਤੀ ਰੁਚੀਆਂ ਜਾਂ ਅਰੁਚੀਆਂ ਅਧੀਨ ਕਿਸੇ ਨੂੰ ਵਡਿਆਇਆ ਤੇ ਨਿੰਦਿਆ ਗਿਆ ਹੈ। ਅਸਲ ਵਿੱਚ ਜਿਹਨਾਂ ਪਰਾਇਆਂ ਬਾਰੇ ਅੰਮ੍ਰਿਤਾ ਨੇ ਆਪਣੀਆਂ ਮਿਲਣੀਆਂ ਦਾ ਜ਼ਿਕਰ ਕੀਤਾ ਹੈ ਉਹ ਮਥ ਕੇ ਨਹੀਂ ਕਿ ਅੰਮ੍ਰਿਤਾ ਮੁਲਾਕਾਤੀਆਂ ਵਾਂਗ ਕਾਗਜ਼ ਪੈਂਸਿਲ ਲੈ ਕੇ ਬੈਠੀ ਹੋਵੇ ਤੇ ਉਹਨਾਂ ਉੱਤੇ ਭਿੰਨ ਭਿੰਨ ਤਰ੍ਹਾਂ ਦੇ ਸਵਾਲ ਕਰ ਰਹੀ ਹੋਵੇ ਜਾਂ ਪਤਰਕਾਰਾਂ ਵਾਂਗ ਉਹਨਾਂ ਨੂੰ ਉਲਝਣ ਵਿੱਚ ਪਾ ਰਹੀ ਹੋਵੇ। ਇਹ ਸਾਹਿੱਤਕ ਸੁਆਦਾਂ ਵਾਲੇ ਦੋਸਤਾਂ ਦੀਆਂ ਸੁਭਾਵਿਕ ਤੌਰ ਤੇ ਜੁੜੀਆਂ ਮਹਿਫਲਾਂ ਦੇ ਜ਼ਿਕਰ ਵਾਂਗ ਹੈ। ਇਹਨਾਂ ਸਾਰਿਆਂ ਦੀਆਂ ਗੱਲਾਂ ਵਿੱਚੋਂ ਸਭਨਾਂ ਦਾ ਵਿਅਕਤਿਤ੍ਵ ਸੁਭਾਵਿਕ ਤੇ ਆਪਮੁਹਾਰਾ ਉਘੜਿਆ ਹੈ। ਆਪਮੁਹਾਰਾ ਇਸ ਲਈ ਕਿ ਸਭ ਜਾਣੇ ਕੋਈ ਥੀਸਸ ਸਿੱਧ ਕਰਨ ਲਈ ਨਹੀਂ ਜੁੜੇ ਸਗੋਂ ਗੱਲ 'ਚੋਂ ਗੱਲ ਨਿਕਲਦੀ ਤੁਰੀ ਗਈ ਹੈ। ਕੋਈ ਉਚੇਚ ਨਹੀਂ। ਇਹਨਾਂ ਮਹਿਫਲਾਂ ਵਿੱਚ ਹਰ ਤਰ੍ਹਾਂ ਦੀਆਂ ਗੱਲਾ ਦਾ ਜ਼ਿਕਰ ਛਿੜਿਆ ਹੈ।

ਜੋ ਕੁਝ ਵਧੇਰੇ ਮਹੱਤਵ ਪੂਰਣ ਹੈ ਉਹ ਹੈ ਇਹਨਾਂ ਸਭਨਾਂ ਦੇ ਪ੍ਰਸੰਗ ਵਿਚ ਅੰਮ੍ਰਿਤਾ ਦੇ ਆਪਣੇ ਵਿਅਕਤਿਤ੍ਵ ਦੀ ਹੋਂਦ ਦਾ। ਕਿਸੇ ਸਮੱਸਿਆ ਬਾਰੇ ਉਸਦੇ ਆਪਣੇ ਵਿਚਾਰ ਕਿਸੇ ਹੋਰ ਦੇ ਪ੍ਰਸ਼ਨ ਦੇ ਉੱਤਰ ਵਿਚ ਆਪਣੀ ਦਲੀਲ ਜਾਂ ਆਪਣੇ ਆਪ ਬਾਰੇ ਥਾਂ ਥਾਂ 'ਖੁਦ ਬਿਆਨੀਆਂ' ਅੰਮ੍ਰਿਤਾ ਦੀ ਮਾਨਸਿਕ ਬਣਤਰ, ਉਸਦੀਆਂ ਰੁਚੀਆਂ ਸੋਚਾਂ, ਜਜ਼ਬਿਆਂ ਆਦਿ ਦਾ ਬੋਧ ਭਲੀਭਾਂਤ ਕਰਵਾਂ-ਦੀਆਂ ਹਨ। ਤੇ ਇਹ ਵਿਅਕਤਿਤ੍ਵ ਕਿਹੋ ਜਿਹਾ ਹੈ ?

ਮੁਹੱਬਤ ਉਸ ਨੂੰ 'ਵਿਰਸੇ' ਵਿਚੋਂ ਪਰਾਪਤ ਹੋਈ ਹੈ। ਇਹੋ ਕਾਰਨ ਹੈ ਕਿ ਉਹ ਹਰ 'ਚੰਗੀ ਉਸਾਰੀ ਦਾ ਆਧਾਰ ਕਲਾਕਾਰ ਦੇ ਸ਼ਖਸੀ ਪਿਆਰ ਨੂੰ ਮੰਨਦੀ ਹੈ।' (ਸ਼ਖ ੀ ਪਿਆਰ ਤੇ ਸਾਮਾਜਿਕ ਚੇਤੰਨਤਾ)। ਇਸ ਰੋਮ ਰੋਮ ਵਿਚ ਰਚੀ ਮੁਹੱਬਤ ਨੇ ਅੰਮ੍ਰਿਤਾ ਵਿਚ ਇੱਕ ਗੱਲ ਪੈਦਾ ਕੀਤੀ ਹੈ ਕਿ ਆਪਣੇ ਵਿਸ਼ੇ ਵਲ ਉਸਦੀ ਪਹੁੰਚ ਉਪਭਾਵਕ ਹੋ ਗਈ ਹੈ। ਉਹ ਕਿਸੇ ਵੀ ਗੱਲ ਦੀ ਤਹਿ ਵਿਚ ਜਾਣ ਤੋਂ ਪਹਿਲਾਂ ਪਹਿਲਾਂ ਜ਼ਜ਼ਬਾਤ ਵਿਚ ਆਕੇ ਅੱਗ-ਭਬੂਕਾ ਹੋ ਜਾਂਦੀ ਹੈ। ਤੇ ਇਸ ਅਵਸਥਾ ਵਿਚ ਉਸ ਦੇ ਮੂੰਹੋਂ ਨਿਕਲੀਆਂ ਗੱਲਾਂ ਵਿਚ ਅੱਗ ਤਾਂ ਹੁੰਦੀ ਹੈ ਪਰ ਗਹਿਰਾਈ ਨਹੀਂ ਬਿਲਕੁੱਲ ਚੀਲ ਦੀ ਅੱਗ ਵਾਂਗ ਜਿਸ ਦੇ ਕੋਲੇ ਠੰਡੇ ਹੁੰਦੇ ਹੁੰਦੇ ਸੁਆਹ ਬਣ ਜਾਂਦੇ ਹਨ। ਉਸਨੇ ਲਿਖਤ ਵਿਚ ਔਰਤ ਦੇ ਸਰਬ ਪੱਖਾਂ

* ਕਿਰਮਚੀ ਲਕੀਰਾਂ (ਸੂਖਸ਼ਮ ਲੇਖ) ਕੀਮਤ—ਸੱਤ ਰੁਪਏ
ਪ੍ਰਕਾਸ਼ਨ—ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿੱਲੀ

ਦੀ ਤਰਜਮਾਨੀ (ਵਕਾਲਤ ਮੈਂ ਆਖਾਂਗਾ ਨਹੀਂ) ਕੀਤੀ ਹੈ ਪਰ ਉਪਭਾਵੁਕ ਹੋ ਕੇ। ਖਿਆਲ ਸੀ ਕਿ ਇਸ ਪੁਸਤਕ ਵਿਚ ਜਦ ਕਿ ਉਹ ਆਪਣੀਆਂ ਲਿਖਤਾਂ ਵਿਚ ਚਿਤਰੇ ਔਰਤ ਰੂਪ ਬਾਰੇ 'ਕਿਉਂ' ਤੇ ਕਿਵੇਂ' ਦੀ ਗੱਲ ਦਾ ਨਿਰਣਾ ਕਰਨ ਦੀ ਰੁਚੀ ਰਖਦੀ ਹੈ ਤਾਂ ਉਪਭਾਵੁਕਤਾ ਤੋਂ ਮੁਕਤ ਹੋ ਕੇ ਕੁਝ ਧੀਮੀ ਸੁਰ ਵਿਚ ਆਖੇਗੀ ਪਰ ਇਸ ਤਰ੍ਹਾਂ ਹੋਇਆ ਨਹੀਂ—

"ਤੇ ਮੇਰੀ ਕਲਮ ਦੁਆ ਮੰਗਣ ਲੱਗ ਪਈ ਕਿ ਔਰਤ ਦੇ ਅੰਦਰਲੀ ਮਾਂ ਤੇ ਔਰਤ ਦੇ ਅੰਦਰਲੀ ਪ੍ਰੇਮਿਕਾ ਜਿਉਂਦੀ ਰਵੇ।" (ਸੋਹਣੀ ਦਾ ਚਿਤਰਕਾਰ)

ਤੇ 'ਮਨੋਰਮਾ' ਨਾਲ ਗੱਲੀਂ ਪਈ ਉਸ ਨੂੰ ਕਹਿੰਦੀ ਹੈ—

"ਤੂੰ ਇੱਕ ਕਲਾਕਾਰ ਤੇ ਉੱਤੋਂ ਇਕ ਔਰਤ ! ਇਹਨਾਂ ਪੀੜਾਂ ਦਾ ਅੰਤ ਕਿਥੇ ਹੋਵੇਗਾ ?"

ਤੇ ਫਿਰ ਪ੍ਰਬੋਧ ਕੁਮਾਰ ਸਾਨਿਆਲ ਦਾ ਹੁੰਗਾਰਾ ਭਰਦੀ ਹੈ—

"ਮੈਂ ਤਾਂ ਇਕ ਖਿਆਲ ਨਾਲ ਬੱਝੀ ਬੱਝੀ ਨੇ ਸਾਰੀ ਉਮਰ ਲੰਘਾ ਛੱਡੀ ਏ।"

ਇੰਜ ਲਗਦਾ ਹੈ ਜਿਵੇਂ ਔਰਤ ਅਨਾਥ ਹੋਵੇ ਉਸਦੇ ਪੈਰ ਨਾ ਹੋਣ 'ਤੇ ਉਹ ਲੜਖੜਾਂਦੀ ਸਹਾਰਾ ਭਾਲਦੀ ਹੋਵੇ। ਅੰਮ੍ਰਿਤਾ ਔਰਤ ਦੀ ਸ਼ਕਤੀ ਨੂੰ ਜਾਣਦੀ ਹੋਈ ਵੀ ਪਤਾ ਨਹੀਂ ਕਿਉਂ ਉਸ ਨੂੰ ਤਰਸ ਦਾ ਪਾਤਰ ਬਣਾਈ ਜਾਂਦੀ ਹੈ। ਅਸਲ ਵਿਚ ਅੰਮ੍ਰਿਤਾ ਦਾ ਇਹ ਦੁਖਾਂਤ ਹੈ ਕਿ ਉਹ ਇੱਕ ਪਾਸ ਤਾਂ ਰੋਮ ਰੋਮ ਮੁਹੱਬਤ ਹੈ ਤੇ ਸਾਰੀ ਦੀ ਸਾਰੀ ਕਿਸੇ 'ਉਸ' ਨੂੰ ਸਮਰਪਿਤ ਹੈ ਤੇ ਦੂਜੇ ਪਾਸੇ ਨਿਰੀ ਅੱਗ। ਤੇ ਅੱਗ ਵੀ ਉਹ ਜਿਹੜੀ ਪਲਾਂ ਵਿੱਚ ਭਾਂਬੜ ਬਣ ਜਾਂਦੀ ਹੈ ਤੇ ਪਲਾਂ ਵਿੱਚ ਬਰਫ਼ ਵੀ। ਉਸ ਉੱਤੇ ਪੰਜਾਬੀ ਦੇ "ਸਿਆਣੇ ਆਲੋਚਕਾਂ" ਵੱਲੋਂ ਉਛਾਲਿਆ ਗਿਆ ਚਿੱਕੜ (ਜੋ ਕਵੀ ਅੰਮ੍ਰਿਤਾ ਨਾਲੋਂ ਔਰਤ ਅੰਮ੍ਰਿਤਾ ਉੱਤੇ ਵੱਧ ਹੈ), ਉਸ ਦੀ ਮੁਹੱਬਤ ਦੀ ਅਪੂਰਤੀ, ਔਰਤ ਹੋਣ ਦੇ ਨਾਤੇ ਅਨੇਕਾਂ ਬੰਧਨ ਆਦਿ ਸਭ ਤਾਕਤਾਂ ਰਲ ਕੇ ਉਸ ਦੇ ਸੰਤੁਲਨ ਨੂੰ ਭੰਗ ਕਰ ਗਈਆਂ ਹਨ। ਇਕੱਲਿਆਂ ਹੋਣ ਕਰਕੇ ਉਸਦਾ ਮਨ ਡੋਲਿਆ ਜਾਪਦਾ ਹੈ। ਉਂਜ ਉਸਨੂੰ ਜਿੱਥੇ ਉਸਦਾ ਜ਼ਰਾ ਕੁ ਵੀ ਪੱਖ ਦਿਸਦਾ ਹੈ ਤਾਂ ਉਸ ਵਿਚਲਾ "ਚਾਨਣ ਰੂਪ" ਜਾਗ ਪੈਂਦਾ ਹੈ ਤੇ ਫਿਰ ਉਹ ਭਾਵੁਕਤਾ ਦਾ ਚੋਲਾ ਤਿਆਗ 'ਬਲੀ' (ਸ਼ੋਸ਼ਨ) ਤੇ 'ਵਲੀ' (ਧਰਮ) ਦੇ ਭਰਮ ਜਾਲ ਨੂੰ ਤੋੜਨ ਦੇ ਸਮਰੱਥ ਹੁੰਦੀ ਹੈ ਜਿਸ ਉਤੇ 'ਮੁਕਤੀ' ਦਾ ਓਢਣ ਹੈ ਪਰ ਸੁਭਾ ਸ਼ੋਸ਼ਨ ਦਾ ਹੈ—

"ਭੁੱਖੀ ਭਾਣੀ ਜਿੰਦ-ਕੁੜੀ ਨੇ
ਸੋਨੇ ਨੂੰ ਇੱਕ ਚੱਕ ਮਾਰਿਆ
ਮਿੱਟੀ ਨੂੰ ਇਕ ਚੱਕ ਮਾਰਿਆ
ਦੋਵੇਂ ਕਸਮਾਂ ਭੰਨ ਕੇ ਬੋਲੀ
ਮੇਰੇ ਆਪਣੇ ਮੱਥੇ ਅੰਦਰ
ਤੀਜਾ ਨੇਤਰ ਖੁੱਲ ਗਿਆ ਹੈ।"

ਤੇ ਇਸ ਤਰ੍ਹਾਂ ਉਸਨੂੰ ਸ਼ੋਸ਼ਨ ਤੇ ਧਰਮ ਤੋਂ ਆਪਣੀ ਪਦਾਰਥਕ ਤੇ ਆਤਮਕ ਸੁਤੰਤਰਤਾ ਦਾ ਅਹਿਸਾਸ ਹੁੰਦਾ ਹੈ। (ਤੀਸਰਾ ਰਸਤਾ)

ਇਹਨਾਂ ਲਕੀਰਾਂ ਵਿਚੋਂ ਹੋਰ ਲਕੀਰਾਂ ਜੋ ਹਨ ਉਹਨਾਂ ਵਿਚੋਂ ਪੰਜਾਬੀ ਆਲੋਚਕਾਂ, ਪ੍ਰਕਾਸ਼ਕਾਂ ਦਾ ਅਸਲਾ ਵੀ ਉੱਘੜਦਾ ਹੈ। ਉਸ ਨੂੰ ਸ਼ਿਕਵਾ ਹੈ ਕਿ ਉਸਦੀ ਆਲੋਚਨਾ ਨਹੀਂ ਕੀਤੀ ਗਈ ਸਗੋਂ ਨਿਦਾ ਕੀਤੀ ਗਈ ਹੈ...ਉਸ ਨੂੰ ਸ਼ਿਕਵਾ ਹੈ ਕਿ ਉਸ ਦੀ ਕਿਰਤ ਦਾ ਯੋਗ ਮੁੱਲ ਪ੍ਰਕਾਸ਼ਕਾਂ ਨੇ ਨਹੀਂ ਪਾਇਆ ਜਦ ਕਿ ਬਾਹਰਲੇ ਮੁਲਕਾਂ ਵਿੱਚ ਇਕ ਲੇਖਕ ਕੇਵਲ ਲੇਖਕ ਦੇ ਤੌਰ 'ਤੇ ਜਿਉਂਦਾ ਰਹਿ ਸਕਦਾ ਹੈ ਤੇ ਉਸ ਨੂੰ ਮਜ਼ਬੂਰੀ ਅਧੀਨ ਲੇਖਣੀ ਨੂੰ ਸ਼ੌਕ ਦੇ ਤੌਰ ਤੇ ਨਿਭਾਉਣਾ ਪੈ ਰਿਹਾ ਹੈ। ਪਰ ਸਾਰੀਆਂ ਲਕੀਰਾਂ ਵਿਚੋਂ ਉੱਘੜਵੀਂ ਲਕੀਰ ਮੁਹੱਬਤ ਦੀ ਹੈ ਜਿਸ ਵਿਚ ਉਪਭਾਵੁਕਤਾ ਵਧੇਰੇ ਹੈ। ਇਸੇ ਰੰਗ ਵਿਚ ਰੰਗੀ ਨੇ ਉਸ ਆਪਣੀਆਂ ਮੋਮਬੱਤੀਆਂ (ਕਵਿਤਾਵਾਂ) ਦੀ ਰਚਨਾ ਕੀਤੀ ਹੈ।

ਲਕੀਰਾਂ ਬਹੁਤੀਆਂ ਹਨ ਮਨ ਇਕੱਲਾ ਹੈ। ਜਿੱਤ ਕੇ ਵੀ ਉਸ ਵਿੱਚ ਬਹੁਤਿਆਂ ਦੇ ਸਾਹਮਣੇ ਖੜੋਣ ਦਾ ਜੇਰਾ ਨਹੀਂ। ਤੇ ਉਸ ਨੂੰ ਮਜਬੂਰਨ (ਆਪਣੇ ਆਪ ਦੀ ਕਮਜ਼ੋਰੀ ਕਾਰਨ ਜਾਂ ਉਪਭਾ-ਵੁਕਤਾ ਕਾਰਨ) ਹਾਰਿਆਂ ਹੋਇਆਂ ਦੀ ਪਾਲ ਵਿਚ ਖਲੋਣਾ ਪੈ ਰਿਹਾ ਹੈ—

—"ਤੈਨੂੰ ਆਪਣੀ ਹੁਣ ਦੀ ਹਾਲਤ ਕਿਹੋ ਜਿਹੀ ਲਗਦੀ ਹੈ?"

—"ਇਸ ਤਰਾਂ ਜਿਸ ਤਰ੍ਹਾਂ ਕੋਈ ਬੰਦਾ ਹਾਰਿਆ ਹੋਇਆ ਨਾ ਹੋਵੇ ਪਰ ਉਸ ਨੂੰ ਹਾਰਿਆਂ ਹੋਇਆਂ ਦੀ ਪਾਲ ਵਿਚ ਖਲੋਣਾ ਪੈ ਗਿਆ ਹੋਵੇ।" (ਕਿਰਮਚੀ ਲਕੀਰਾਂ)

— o —


ਜੋਗਾ ਸਿੰਘ ਦੀ ਪ੍ਰਥਮ ਕਾਵਿ ਰਚਨਾ

**ਕਰਕ ਕਲੇਜੇ ਮਾਹਿ**

ਕੀਮਤ ਤਿੰਨ ਰਪੈ

ਪ੍ਰਕਾਸ਼ਨ, ਲਿਖਾਰੀ ਸਭਾ, ਬਰਨਾਲਾ

# ਆਸ ਦਾ ਚਿਹਰਾ

● ਰਘਬੀਰ ਸਿੰਘ

ਗਦ ਸਾਹਿੱਤ ਵਿਚ ਵੀ ਕਵਿਤਾ ਵਾਂਗ ਨਵੇਂ ਨਵੇਂ ਪ੍ਰਗਟਾ ਢੰਗ ਲਭਣ ਦੇ ਮੰਤਵ ਨਾਲ ਪ੍ਰਯੋਗ ਕੀਤੇ ਜਾਣ ਦੀ ਆਵਸ਼ਕਤਾ ਤੋਂ ਕੋਈ ਵੀ ਇਨਕਾਰੀ ਨਹੀਂ । ਸਗੋਂ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਤਾਂ ਇਸ ਗੱਲ ਉਪਰ ਜ਼ੋਰ ਦਿਤਾ ਹੈ ਕਿ ਜੇ ਕਵਿਤਾ ਦੇ ਟਾਕਰੇ ਦੂਜੇ ਸਾਹਿੱਤ ਰੂਪਾਂ ਵਿਚ ਪ੍ਰਯੋਗਾਂ ਵਲ ਜ਼ਿਆਦਾ ਧਿਆਨ ਦਿਤਾ ਜਾਵੇ ਤਾਂ ਵਧੇਰੇ ਸਾਰਥਕ ਪ੍ਰਾਪਤੀ ਸੰਭਵ ਹੈ । ਇਹ ਪ੍ਰਯੋਗ ਹੋਣ ਕਿਸ ਤਰ੍ਹਾਂ ਦੇ ? ਪ੍ਰਯੋਗਵਾਦੀ ਧਾਰਾ ਦੇ ਸਮਰਥਕਾਂ ਅਤੇ ਮਾਰਕਸਵਾਦੀ ਵਿਚਾਰਾਂ ਦੇ ਧਾਰਨੀਆਂ ਵਿਚਕਾਰ ਇਸ ਬਾਰੇ ਇਕ ਵੱਡਾ ਅੰਤਰ ਹੈ । ਜਿਥੇ ਪ੍ਰਯੋਗਸ਼ੀਲ ਮੱਤ ਵਾਲੇ ਸਮਾਜ ਵਿਚ ਆ ਰਹੇ ਪ੍ਰੀਵਰਤਣ ਦੇ ਓਪਰੇ ਜਿਹੇ ਅਨੁਭਵ ਵਿਚੋਂ 'ਨਵੀਨ' ਬਿੰਬਾਂ, ਚਿੰਨ੍ਹਾਂ ਦੀ ਵਰਤੋਂ ਵਿਚ ਹੀ ਆਪਣੇ ਆਸ਼ੇ ਦੀ ਸਿਧੀ ਵੇਖਦੇ ਹਨ— ਉਥੇ ਮਾਰਕਸਵਾਦੀ ਸਾਮਿਅਕ ਸਮਾਜ ਦੇ ਡੂੰਘੇ ਅਧਿਅਨ ਦੁਆਰਾ ਪ੍ਰਾਪਤ ਹੁੰਦੀ ਨਵੀਂ ਚਿੰਨ੍ਹਾਵਲੀ ਦੀ ਸੁਯੋਗ ਵਰਤੋਂ ਅਤੇ ਸਾਰਥਕ ਨਵੀਨ ਤਕਨੀਕ ਦੇ ਪਰਯੋਗ ਕਰਨ ਵਿਚ ਵਿਸ਼ਵਾਸ਼ ਰਖਦੇ ਹਨ । ਗਦ ਸਾਹਿੱਤ ਦੇ ਪਾਤਰਾਂ ਵਲ ਪਹਿਲੇ ਮੱਤ ਦੇ ਸਮਰਥਕਾਂ ਦਾ ਵਤੀਰਾ ਇਹ ਹੈ ਕਿ ਉਹ ਸਮੇਂ ਸਥਾਨ ਤੋਂ ਨਿਰਲੇਪ ਆਪਣੇ ਨਿਜ ਦੇ ਤਾਣੇ ਬਾਣੇ ਦੀਆਂ ਉਲਝਣਾਂ ਵਿਚ ਫਸੇ ਵਿਖਾਏ ਜਾਣ । ਇਸੇ ਨੂੰ ਉਹ ਮਨੋਵਿਗਿਆਨਕ ਨਿਭਾਅ ਦਾ ਨਾਉਂ ਦਿੰਦੇ ਹਨ । ਦੂਜੇ ਬੰਨੇ ਪ੍ਰਗਤਿ-ਵਾਦੀ ਮਨੋਵਿਗਿਆਨ ਦੀਆਂ ਪ੍ਰਾਪਤੀਆਂ ਨੂੰ ਆਪਣੇ ਪਾਤਰਾਂ ਦੇ ਅੰਦਰ ਮੁਖੀ ਅਧਿਅਨ ਲਈ ਵਰਤਣਾ ਯੋਗ ਸਮਝਦੇ ਹੋਏ ਵੀ ਨਿਰੋਲ ਮਨੋਵਿਗਿਆਨਕ ਅੜਾਉਣੀਆਂ ਪੇਸ਼ ਕਰਨ ਵਿਚ ਆਧੁਨਿਕ ਸਾਹਿੱਤ ਦੀ ਵੰਨਗੀ ਨਹੀਂ ਦੇਖਦੇ ।

ਪੰਜਾਬੀ ਸਾਹਿੱਤ ਵਿੱਚ ਪ੍ਰਯੋਗਵਾਦੀ ਭਾਂਤ ਦੇ ਪ੍ਰਯੋਗਾਂ ਦੀ ਮਿਸਾਲ ਟਾਵੀਂ ਟਾਵੀਂ ਹੀ ਮਿਲਦੀ ਹੈ । ਆਪਣੀਆਂ ਧਾਰਨਾਵਾਂ ਦਾ

ਅਧਾਰ ਉਹ ਬਹੁਤਾ ਕਰਕੇ ਪੱਛਮੀ ਪੂੰਜੀਵਾਦੀ ਸਾਹਿੱਤ ਵਿਚੋਂ ਲਭਦੇ ਹਨ। ਅਗਾਂਹ ਵਧੂ ਸਾਹਿੱਤ ਵਿਚ ਵੀ ਗਦ ਵਿਚਲੇ ਪਰਯੋਗ ਅਜੇ ਅਦਿੱਖ ਹੀ ਹਨ। ਸ਼ਾਇਦ ਅਜੇ ਬਹੁਤੇ ਲੇਖਕਾਂ ਨੇ ਇਸ ਲੋੜ ਦਾ ਅਹਿਸਾਸ ਹੀ ਨਹੀਂ ਕੀਤਾ। ਉਂਜ ਤਾਂ ਪ੍ਰੰਪਰਾਮਈ ਪ੍ਰਗਟਾ ਢੰਗ ਵਿਚ ਵੀ ਅਜੇ ਸ੍ਰੇਸ਼ਟ ਰਚਨਾਵਾਂ ਪ੍ਰਾਪਤ ਕਰ ਸਕਣ ਦੀ ਸੰਭਾਵਨਾ ਹੈ—ਗੁਰਦਿਆਲ ਸਿੰਘ ਦਾ ਨਾਵਲ 'ਮੜ੍ਹੀ ਦਾ ਦੀਵਾ' ਇਸ ਦੀ ਉਘੜਵੀਂ ਮਿਸਾਲ ਹੈ—ਪਰ ਸਾਡੇ ਕਲਾਕਾਰਾਂ ਨੂੰ ਨਵੇਂ ਪ੍ਰਗਟਾ ਢੰਗ ਲਭਣੇ ਪੈਣਗੇ, ਇਸ ਬਾਰੇ ਕੋਈ ਸੰਦੇਹ ਨਹੀਂ।

ਉਪਰਲੀ ਚਰਚਾ ਦੇ ਪਿਛੋਕੜ ਵਿਚ ਸੁਖਬੀਰ ਦੇ ਨਾਵਲਾਂ ਦਾ ਅਧਿਅਨ ਇਕ ਭਰਪੂਰ ਆਸ ਨੂੰ ਜਨਮ ਦਿੰਦਾ ਹੈ। ਉਸਦੇ ਦੋ ਨਵ ਪ੍ਰਕਾਸ਼ਿਤ ਨਾਵਲ "ਰਾਤ ਦਾ ਚਿਹਰਾ"* ਅਤੇ "ਪਾਣੀ ਤੇ ਪੁਲ"‡ ਭਾਵੇਂ ਆਪਣੇ ਵਿਸ਼ੈ ਖੇਤਰ ਵਿਚ ਬਹੁਤ ਭਿੰਨ ਹਨ, ਪਰ ਤਕਨੀਕ ਦੇ ਪੱਖੋਂ ਨਵੀਆਂ ਲੀਹਾਂ ਪਾਉਣ ਵਿਚ ਦੋਹਾਂ ਨੂੰ ਇਕ ਹੱਦ ਤਕ ਸਮਾਨਤਾ ਪ੍ਰਾਪਤ ਹੈ। ਉਂਜ ਇਹ ਵੀ ਦਰੁਸਤ ਹੈ ਕਿ "ਰਾਤ ਦਾ ਚਿਹਰਾ" ਵਿਚ ਪ੍ਰਗਟਾ ਢੰਗ ਦੀ ਇਹ ਨਵੀਨਤਾ "ਪਾਣੀ ਤੇ ਪੁਲ" ਨਾਲੋਂ ਕਿਤੇ ਵਧੇਰੇ ਉਘੜਵੀਂ ਹੈ ਤੇ ਸਾਰਥਕ ਵੀ।

"ਰਾਤ ਦਾ ਚਿਹਰਾ" ਇੱਕ ਰਾਤ ਦੀ ਕਹਾਣੀ ਨਹੀਂ—ਇੱਕ ਜ਼ਿੰਦਗੀ ਦੀ ਕਹਾਣੀ ਹੈ, ਜਿਸਨੇ ਇਕ ਲੰਮਾ ਸਫਰ ਤੈਅ ਕੀਤਾ ਹੈ। ਅਤੇ ਇਹ ਸਫਰ ਵੀ ਇਕੋ ਜ਼ਿੰਦਗੀ ਦਾ ਸਫਰ ਨਹੀਂ, ਸਾਡੇ ਦੇਸ ਦੀਆਂ ਲੱਖਾਂ ਕਰੋੜਾਂ ਜ਼ਿੰਦਗੀਆਂ ਦਾ ਸਫਰ ਹੈ, ਜੋ ਮੰਜ਼ਿਲ ਦੀ ਭਾਲ ਵਿਚ ਹਨ।

ਇਕ ਸੰਗਰਾਮੀਆਂ ਜਿਸ ਨੇ ਦੇਸ ਦੀ ਸੁਤੰਤਰਤਾ ਤੇ ਜਨਤਕ ਖੁਸ਼ਹਾਲੀ ਲਈ ਮੁਸੀਬਤਾਂ ਝਾਗੀਆਂ ਹਨ, ਜਿਸਦਾ ਬਚਪਨ ਧਰਤੀ ਦੇ ਇਸ ਖਿੱਤੇ ਦੇ ਹੋਰ ਬਾਲਾਂ ਵਾਂਗ ਹੀ ਔਝੜਾਂ ਭਰਿਆ ਰਿਹਾ ਹੈ ਤੇ ਜੋ ਆਪਣੀ ਚੜ੍ਹਦੀ ਜੁਆਨੀ ਦੇ ਸਮੇਂ ਤੋਂ ਹੀ ਸੰਘਰਸ਼ਾਂ ਵਿਚ ਸੀ ਤੇ ਇਹਨਾਂ ਸੰਘਰਸ਼ਾਂ ਦੌਰਾਨ ਜਿਸਨੂੰ ਕਈ ਵਾਰ ਜਿਹਲ ਦੀਆਂ ਚਾਰ ਦੀਵਾਰਾਂ ਵਿਚ ਕੈਦ ਹੋਣਾ ਪਿਆ ਸੀ—ਦੇਸ ਦੀ ਸੁਤੰਤਰਤਾ ਪ੍ਰਾਪਤੀ ਦੇ ਚੌਦਾਂ ਵਰ੍ਹਿਆਂ ਪਿਛੋਂ ਵੀ ਘੋਰ ਨਿਰਾਸ਼ਤਾ ਦੇ ਚੱਕਰ ਵਿੱਚ ਹੈ। ਉਸ ਪਾਸ ਕੁਝ ਨਹੀਂ ਸਵਾਏ ਪਿਛਲੇ ਸਮੇਂ ਦੀਆਂ ਯਾਦਾਂ ਦੇ। ਅਤੇ ਇਹ ਯਾਦਾਂ ਤੇ ਸੁਪਨੇ ਹਨ ਜੋ ਚੈਨ ਨਹੀਂ ਲੈਣ ਦਿੰਦੇ। ਯਾਦਾਂ ਦੀ ਇਕ ਅਜਿਹੀ ਜਾਗਦੀ ਰਾਤ ਵਿਚ ਇਕ ਪਰੀ ਉਸ ਕੋਲ ਆਉਂਦੀ ਹੈ--ਧਰਤੀ ਦੀ ਪਰੀ। ਇਹ ਪਰੀ ਵੀ ਕੋਈ ਹੋਰਨਾਂ ਪਰੀਆਂ ਵਰਗੀ ਪਰੀ ਨਹੀਂ। ਇਸ ਨੇ ਵੀ ਦੇਸ ਅਤੇ ਲੋਕਾਂ ਖਾਤਰ ਮਾਰਾਂ ਖਾਧੀਆਂ ਹਨ, ਇਹ ਦੇਸ ਲਈ ਜੂਝਣ ਵਾਲਿਆਂ ਦੇ ਨਾਲ ਰਹੀ ਹੈ, ਇਸ ਨੇ ਜਨਸਾਧਾਰਨ ਦੇ ਦਿਲਾਂ ਵਿਚ ਸੁਹਣੇਰੇ ਭਵਿਖ ਦੇ ਸੁਪਨੇ ਧੜਕਾਏ ਹਨ, ਇਸਨੇ ਜਨਤਕ ਆਗੂਆਂ ਦੀਆਂ ਰਿਹਾਈਆਂ ਲਈ ਮੁਜ਼ਾਹਰੇ ਜਥੇਬੰਦ ਕੀਤੇ ਹਨ ਅਤੇ ਤਸ਼ਦਦ ਝਲਿਆ ਹੈ—ਪਰ ਅੱਜ ਇਹ ਵੀ ਇਕ ਬਿਪਤਾ ਮਾਰੀ ਔਰਤ ਵਾਂਗ ਤੜਪ ਰਹੀ ਹੈ, ਬਾਹਰੋਂ ਸਾਊ ਤੇ ਭੋਲੇ ਭਾਲੇ ਸੇਠਾਂ ਦੇ ਕੁਤੇ ਇਸ ਮਗਰ ਪਏ ਹੋਏ ਹਨ ਅਤੇ ਇਹ ਸਰਾਪੀ ਹੋਈ ਹੈ।

---

*"ਰਾਤ ਦਾ ਚਿਹਰਾ" (ਨਾਵਲ) ਕੀਮਤ ਪੰਜ ਰੁਪਏ।
ਪ੍ਰਕਾਸ਼ਕ—ਲੋਕ ਸਾਹਿੱਤ ਪ੍ਰਕਾਸ਼ਨ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

‡"ਪਾਣੀ ਤੇ ਪੁਲ" (ਨਾਵਲ) ਕੀਮਤ ਛੇ ਰੁਪਏ
ਪ੍ਰਕਾਸ਼ਕ—ਨਵਯੁਗ ਪ੍ਰੈਸ, ਚਾਂਦਨੀ ' ਦਿੱਲੀ।

ਮੀਂਹ ਤੇ ਪਾਲੇ ਦੀ ਭਿੱਜੀ ਇਸ ਰਾਤ ਵਿੱਚ ਕੇਵਲ ਪਰੀ ਤੇ ਸੰਗਰਾਮੀਏ ਦਾ ਚਿਹਰਾ ਹੀ ਨਜ਼ਰ ਨਹੀਂ ਆਉਂਦਾ। ਇਸ ਵਿਚ ਅਨੇਕਾਂ ਹੋਰ ਚਿਹਰੇ ਹਨ—ਜ਼ਰੀਨਾ, ਜੋ ਕਾਲੇ ਗੁਲਾਬ ਦਾ ਫੁੱਲ ਸੀ, ਜੋ ਤਿੰਨ ਵਾਰ ਮਰਨ ਤੋਂ ਪਿਛੋਂ ਵੀ ਜਿਉਂਦੀ ਹੈ; ਪਾਰੋ, ਜੋ ਆਪਣੇ ਪਤੀ ਨਾਲ ਗਿਆਰਾਂ ਵਰ੍ਹੇ ਕੱਟਣ ਤੋਂ ਪਿਛੋਂ ਯੋਗ ਇਲਾਜ ਦੀ ਅਣਹੋਂਦ ਵਿਚ ਵਦਾਇਗੀ ਦੇ ਗਈ ; ਨੀਨਾ, ਜੋ ਚੰਨ ਦਾ ਰੂਪ ਹੈ ਪਰ ਜਿਸਦੀਆਂ ਅੱਖਾਂ ਵਿਚ ਜੋਤ ਨਹੀਂ ਰਹੀ। ਇਸ ਵਿਚੋਂ ਰੁਲਦੂ ਚਮਾਰ ਦਾ ਚਿਹਰਾ ਨਜ਼ਰ ਆਉਂਦਾ ਹੈ ਜਿਸਦਾ ਪੁੱਤਰ ਆਪਣੀ "ਜੂਨ" ਵਿਰੁੱਧ ਰੋਸ ਨੂੰ ਪਿਤਾ ਉਪਰ ਝਾੜਕੇ ਤੁਰ ਗਿਆ ਸੀ, ਅਤੇ ਜੋ ਆਪਣੀ ਉਮਰ ਦੇ ਸੱਤਵੇਂ ਦਹਾਕੇ ਵਿਚ ਪੁਜਕੇ ਵੀ ਹਰ ਰੋਜ਼ ਦੋ ਮੀਲ ਦੂਰ ਸਟੇਸ਼ਨ ਉਤੇ ਜਾਕੇ ਦਸ ਆਨੇ ਦੀ ਮਜ਼ਦੂਰੀ ਕਰਨ ਲਈ ਮਜਬੂਰ ਹੈ।

ਰਾਤ ਦਾ ਚਿਹਰਾ ਆਪਣੇ ਪਾਤਰਾਂ ਦੇ ਜੀਵਨ ਦਾ ਬਿਉਰਾ ਹੀ ਨਹੀਂ। ਇਹ ਇਕ ਸਰਵੇਖਣ ਹੈ ਸਮੁੱਚੇ ਸਮਾਜ ਦਾ। ਇਹ ਇਕ ਪ੍ਰਸ਼ਨ ਚਿੰਨ੍ਹ ਹੈ। ਇਕ ਵੱਡਾ ਪ੍ਰਸ਼ਨ ਚਿੰਨ੍ਹ ਜੋ ਵਰਤਮਾਨ ਸਮਾਜ ਦੇ ਜੀਵਨ ਦੀਆਂ ਕੁੜਤੱਣਾਂ ਨੂੰ ਤਿੱਖੀ ਤਰ੍ਹਾਂ ਉਭਾਰਕੇ ਸਾਹਮਣੇ ਲਿਆਉਂਦਾ ਹੈ। ਬਾਬਾ ਸੁੰਦਰ, ਜਿਹਨੇ ਆਪਣੀ ਚੜ੍ਹਦੀ ਜਵਾਨੀ ਵਿਚ ਹੀ ਆਜ਼ਾਦੀ ਨਾਲ ਵਿਆਹ ਕਰਾ ਲਿਆ ਸੀ, ਕਿਉਂ ਅੱਜ ਇਕੱਲਤਾ, ਸੁੰਞ ਤੇ ਉਦਾਸੀ ਵਿਚ ਆਪਣੀ ਸਿਤਾਰ ਤੋਂ ਆਸਰਾ ਲੱਭਦਾ ਹੈ? ਕਿਉਂ ਮਿਲਖਾ ਸਿੰਘ ਨੂੰ ਜ਼ਿੰਦਗੀ ਦੇ ਚੰਗੇ ਪਾਸੇ ਵਲ ਮੋੜ ਕੱਟਣ ਦੇ ਦੋਸ਼ ਵਿਚ ਸਜ਼ਾ ਮਿਲਦੀ ਹੈ? ਕਿਉਂ ਸੰਤੀ ਪਗਲੀ ਹੋ ਗਈ ਹੈ, ਉਸਦਾ ਪੁੱਤਰ ਰਾਜੂ ਅਤੇ ਧੀ ਰੇਸ਼ਮਾ ਕਿਉਂ ਤੇ ਕਿਥੇ ਚਲੇ ਗਏ? ਇਹ ਸਾਰੇ ਤੇ ਅਜਿਹੇ ਕਈ ਹੋਰ ਪ੍ਰਸ਼ਨ ਆਪਣੇ ਪਿਛੇ ਅਤਿਅੰਤ ਡੂੰਘੀਆਂ ਸਮਸਿਆਵਾਂ ਨੂੰ ਲੁਕੋਈ ਬੈਠੇ ਹਨ, ਜੋ ਸਾਰੀਆਂ ਰਲਕੇ ਇੱਕ ਵਿਰਾਟ ਸਮਾਜ ਦਾ ਚਿਤਰ ਉਘਾੜਦੀਆਂ ਹਨ, ਸਮਾਜ ਜੋ ਅੱਜ ਹੈ।

"ਨਾਵਲ ਸਾਡੇ ਆਧੁਨਿਕ ਬੁਰਜੁਆ ਸਮਾਜ ਦਾ ਮਹਾਂ ਕਾਵਿ ਹੈ। ਇਸਦਾ ਵਿਸ਼ਾ ਹੈ ਵਿਅਕਤੀ। ਇਹ ਸਮਾਜ ਦੇ ਵਿਰੁਧ, ਪ੍ਰਕਿਰਤੀ ਦੇ ਵਿਰੁੱਧ, ਵਿਅਕਤੀ ਦੇ ਸੰਘਰਸ਼ ਦਾ ਮਹਾਂ ਕਾਵਿ ਹੈ", ਰੈਲਿਫ ਫਾਕਸ ਦੇ ਇਹਨਾਂ ਸ਼ਬਦਾਂ ਦੀ ਰੋਸ਼ਨੀ ਵਿਚ ਵੇਖਿਆਂ "ਰਾਤ ਦਾ ਚਿਹਰਾ" ਇਕ ਉਤਮ ਨਾਵਲ ਹੋ ਨਿਬੜਦਾ ਹੈ। ਜਿਸ ਵਿਸ਼ਾਲ ਕੈਨਵੱਸ ਉਪਰ ਲੇਖਕ ਨੇ ਇਸ ਨਾਵਲ ਦਾ ਚਿਤਰਨ ਕੀਤਾ ਹੈ, ਉਹ ਆਪਣੇ ਆਪ ਵਿਚ ਹੀ ਬਹੁਤ ਖੂਬਸੂਰਤ ਹੈ। ਨਾਵਲ ਵਿਚ ਪੇਸ਼ ਕੀਤੇ ਗਏ ਸਾਰੇ ਹੀ ਵਿਅਕਤੀ ਅਪਣੀ ਅਪਣੀ ਥਾਂ ਸਮਾਜਕ ਪ੍ਰਸਿਥਿਤੀਆਂ ਵਿਰੁੱਧ ਨਿਰਾਸ਼ਤਾ ਅਤੇ ਵਿਸ਼ਾਦ ਦਾ ਚਿੰਨ੍ਹ ਬਣੇ ਹੋਏ ਹਨ। ਇਹਨਾਂ ਸਭਨਾਂ ਨਾਲ ਸੰਬੰਧਤ ਕਹਾਣੀਆਂ ਜਦੋਂ ਜੁੜਦੀਆਂ ਹਨ ਤਾਂ ਉਹ ਇਕ ਅਜਿਹੇ ਪ੍ਰਬੰਧ ਦਾ ਨਕਸ਼ਾ ਵਿਖਾਉਂਦੀਆਂ ਹਨ ਜੋ ਇਕਦਮ ਭਿਆਨਕ ਵੀ ਹੈ ਤੇ ਘ੍ਰਿਣਾਯੋਗ ਵੀ।

ਨਾਵਲ, ਕਹਿੰਦੇ ਹਨ, ਉਸ ਸਮੇਂ ਵਿੱਚ ਵਧੇਰੇ ਵਿਕਸਤ ਰੂਪ ਵਿੱਚ ਪ੍ਰਗਟ ਹੁੰਦਾ ਹੈ, ਜਦੋਂ ਸਮਾਜ ਵਿੱਚ ਜਮਾਤੀ ਸੰਤੁਲਨ ਵਿਗੜ ਚੁਕਿਆ ਹੋਵੇ। "ਰਾਤ ਦਾ ਚਿਹਰਾ" ਸਾਡੇ ਸਮਾਜ ਦੇ ਵਿਗੜੇ ਜਮਾਤੀ ਸੰਤੁਲਨ ਨੂੰ ਪੂਰਨ ਸਫਲਤਾ ਨਾਲ ਦਰਸਾਉਂਦਾ ਹੈ। ਇਸ ਵਿਚੋਂ ਪ੍ਰਗਟ ਹੁੰਦੀ ਇਹ ਅਸੰਤੁਲਤਾ, ਜੇ ਵਧੇਰੇ ਅਤਿਕਥਨੀ ਨਾ ਸਮਝੀ ਜਾਵੇ ਤਾਂ, ਉਦਾਹਰਨ ਹਿਤ, ਵਾਲਤੇਅਰ ਦੀ ਰਚਨਾ, ਕੈਂਡੀਡ ਦੀ ਪੱਧਰ ਨਾਲ ਮੇਲ ਖਾਂਦੀ ਹੈ। ਫਰਕ ਹੈ ਤਾਂ ਇਹ ਕਿ ਜਿਥੇ ਵਾਲਤੇਅਰ ਦੀ ਮਹਾਨ ਕਿਰਤ ਵਿਚ ਸਭ ਕੁਝ ਕਾਲਾ ਹੀ ਕਾਲਾ ਹੈ, ਉਥੇ ਸਾਡੇ ਸਮੇਂ ਦਾ ਲੇਖਕ ਅਜਿਹੀਆਂ

ਸਾਰੀਆਂ ਪ੍ਰਸਿਥਿਤੀਆਂ ਵਿੱਚ ਵੀ ਅਤ ਦੀ ਹੱਦ ਤਕ ਵਿਸ਼ਾਦ ਗਰਸਤ ਨਹੀਂ । ਉਸ ਵਿਚ,ਨਿਰਸੰਦੇਹ, ਨਿਰਾਸਤਾ ਦੀ ਝਲਕ ਬਹੁਤ ਹੈ, ਜਿਸਨੂੰ ਸਮਾਜਵਾਦੀ ਯਥਾਰਥਵਾਦ ਦੀ ਦ੍ਰਿਸ਼ਟੀ ਤੋਂ ਸ਼ਾਇਦ ਬਹੁਤਾ ਪਰਵਾਨ ਨਾ ਕੀਤਾ ਜਾਵੇ । ਪਰ ਇਹ ਨਿਰਾਸਤਾ ਕਿਉਂਜੁ ਯਥਾਰਥਕਤਾ ਦਾ ਪ੍ਰਤੀਬਿੰਬ ਹੈ, ਇਸ ਲਈ, ਘਟੋ ਘਟ ਇਸ ਨਾਵਲ ਦੇ ਪ੍ਰਸੰਗ ਵਿਚ, ਔਗੁਣਕਾਰੀ ਨਹੀਂ । ਸਗੋਂ ਦੂਜੇ ਪੱਖ ਤੋਂ ਵੇਖਿਆਂ ਇਹ ਵਧੇਰੇ ਕਲਾਤਮਕ ਹੋ ਨਿਬੜਦੀ ਹੈ, ਇਸ ਲਈ, ਕਿ ਲੇਖਕ ਇਕ ਵਿਸ਼ੇਸ਼ ਪ੍ਰਭਾਵ ਨੂੰ ਤੀਖਣਤਾ ਨਾਲ ਉਘਾੜਨ ਵਿੱਚ ਸਫਲ ਹੋਇਆ ਹੈ ।

"ਰਾਤ ਦਾ ਚਿਹਰਾ" ਦੀ ਸੁੰਦਰਤਾ ਕੇਵਲ ਇਥੋਂ ਤਕ ਨਹੀਂ ਕਿ ਇਸ ਵਿਚੋਂ ਵਿਰਾਟ ਸਮਾਜ ਦਾ ਯਥਾਰਥਕ ਝਲਕਾਰਾ ਮਿਲਦਾ ਹੈ । ਇਸ ਦੀ ਹਕੀਕੀ ਸੁੰਦਰਤਾ ਇਸ ਗੱਲ ਵਿਚ ਹੈ ਕਿ ਆਪਣੇ ਵਿਸ਼ੇ ਦੀ ਸਾਰਥਕਤਾ ਦੇ ਨਾਲ ਨਾਲ ਇਹ ਨਾਵਲ ਆਪਣੇ ਕਲਾਤਮਕ ਗੁਣਾਂ ਵਿਚ ਵੀ ਪਿੱਛੇ ਨਹੀਂ । ਵੱਖ ਵੱਖ ਕਹਾਣੀਆਂ ਤੇ ਇੱਕ ਤੋਂ ਵਧ ਪਾਤਰਾਂ ਨੂੰ ਲੈ ਕੇ ਇਕ ਵਿਸ਼ੇਸ਼ ਪ੍ਰਭਾਵ ਉਘਾੜਨ ਦੀ ਤਕਨੀਕ ਦੀ ਵਰਤੋਂ ਵਿਚ ਲੇਖਕ ਨੇ ਇਕ ਨਵਾਂ ਪ੍ਰਯੋਗ ਕੀਤਾ ਹੈ । ਇਸ ਤਕਨੀਕ ਦਾ ਅਜਿਹਾ ਸਫਲ ਆਸਟਰੇਲੀਅਨ ਨਾਵਲ "ਬਾਥਨ ਅੱਪ" ਕੁਝ ਸਮਾਂ ਪਹਿਲਾਂ "ਸੈਵਨ ਸੀਜ਼" ਲੜੀ ਵਿਚ ਪ੍ਰਕਾਸ਼ਿਤ ਹੋਇਆ ਸੀ । ਜਾਪਦਾ ਹੈ ਸੁਖਬੀਰ ਨੇ ਉਸ ਤਕਨੀਕ ਨੂੰ ਉਧਾਰਾ ਹੀ ਨਹੀਂ ਲਿਆ ਸਗੋਂ ਉਸਨੂੰ ਹੋਰ ਵੀ ਸੁੰਦਰ ਰੂਪ ਪਰਦਾਨ ਕੀਤਾ ਹੈ । ਅਜਿਹੇ ਨਾਵਲ ਤਾਂ ਪੰਜਾਬੀ ਵਿਚ ਪਹਿਲਾਂ ਵੀ ਇਕਾ ਦੁਕਾ ਮਿਲਦੇ ਹਨ, ਜਿਨ੍ਹਾਂ ਵਿਚ ਸਾਰੀ ਘਟਨਾ ਕੁਝ ਹੀ ਘੰਟਿਆਂ ਵਿਚ ਬੀਤ ਜਾਂਦੀ ਹੈ, ਪਰ ਇਸ ਵਿਚ ਕੁਝ ਵਿਸ਼ੇਸ਼ਤਾਵਾਂ ਹਨ । ਜਿਥੇ ਪਹਿਲੇ ਨਾਵਲਾਂ ਵਿਚ ਪਾਤਰ ਦੀਆਂ ਮਾਣਸਕ ਗੁੰਝਲਾਂ ਹੀ ਅਧਾਰ ਹੋਣ ਕਾਰਨ ਉਹਨਾਂ ਵਿਚ ਕਰਮ ਵਿਹੂਣਾ ਤੇ ਖੁਸ਼ਕ ਜਿਹਾ ਵਰਨਣ ਮਿਲਦਾ ਹੈ, ਉਥੇ ਇਸ ਵਿਚ ਕਰਮ ਵੀ ਹੈ ਤੇ ਸਮਾਜਕ ਸਾਰਥਕਤਾ ਵੀ । ਉਪਰੰਤ ਪਰੀ, ਪਿਪਲ ਤੇ ਚੰਨ ਨੂੰ ਜਿਉਂਦੇ ਪਾਤਰਾਂ ਦੇ ਰੂਪ ਵਿਚ ਪੇਸ਼ ਕਰਕੇ ਵੀ ਲੇਖਕ ਨੇ ਪ੍ਰਯੋਗ ਕੀਤਾ ਹੈ । ਸੰਤੁਸ਼ਟਤਾ ਦੀ ਗੱਲ ਇਹ ਹੈ ਕਿ ਇਹ ਪਾਤਰ ਉਪਰ-ਪ੍ਰਾਕ੍ਰਿਤਕ ਰਚਨਾਵਾਂ ਦੀ ਯਾਦ ਹੀ ਨਹੀਂ ਹੋ ਨਿਬੜਦੇ । ਇਹਨਾਂ ਦੁਆਰਾ ਲੇਖਕ ਚਿੰਨ੍ਹ ਰੂਪ ਵਿਚ ਯੋਗ ਭਾਂਤ ਕਲਾਤਮਕ ਕਾਰਜ ਸਿਧ ਕਰਾਉਂਦਾ ਹੈ ।

ਪਰ ਚਿੰਨ੍ਹਾਂ ਦੀ ਅਜਿਹੀ ਵਰਤੋਂ, ਜੇ ਵਧ ਜਾਵੇ ਤਾਂ ਛਾਇਆਵਾਦ ਜਿਹਾ ਬਣ ਜਾਂਦੀ ਹੈ, ਕਿਸੇ ਪ੍ਰਗਤੀਵਾਦੀ ਲੇਖਕ ਲਈ ਇਹ ਕੋਈ ਸ਼ੋਭਾ ਨਹੀਂ । ਅਜਿਹੀ ਛਾਇਆਵਾਦੀ ਝਲਕ ਨਾਵਲ ਦੇ ਅੰਤ ਵਿਚ ਤਿੰਨ ਸੁਪਨਿਆਂ ਦੇ ਜ਼ਿਕਰ ਤੋਂ ਉਘੜ ਆਉਂਦੀ ਹੈ । ਇਤਰਾਜ਼ ਇਹ ਨਹੀਂ ਕਿ ਸੁਪਨਿਆਂ ਦੀ ਇਸ ਤਰ੍ਹਾਂ ਦੀ ਚਿੰਨ੍ਹਾਤਮਕ ਵਰਤੋਂ ਵਿਵਰਜਤ ਹੈ, ਸਗੋਂ ਤੌਖਲਾ ਇਹ ਹੈ ਕਿ ਅਜਿਹੇ ਸੁਪਨੇ ਤੇ ਚਿੰਨ੍ਹ ਮਹਿਜ਼ ਅੜਾਉਣੀਆਂ ਜਿਹੀਆਂ ਹੀ ਬਣਕੇ ਨਾ ਰਹਿ ਜਾਣ । ਇਹ ਔਗੁਣ 'ਰਾਤ ਦਾ ਚਿਹਰਾ' ਵਿਚ ਬਹੁਤਾ ਉਘੜਵਾਂ ਨਹੀਂ ਪਰ ਇਸ ਵਲ ਧਿਆਨ ਨਾ ਦੇਣਾ ਹਾਨੀਕਾਰਕ ਹੋ ਸਕਦਾ ਹੈ । ਉਂਜ ਸਮੁੱਚੇ ਰੂਪ ਵਿਚ ਵਿਸ਼ਾਲ ਕੈਨਵੱਸ ਉਪਰ ਇਕ ਸੰਕੁਚਤ, ਭਾਵਪੂਰਤ, ਰਾਗਾਤਮਕ ਕਲਾਮਈ ਕਿਰਤ ਵਜੋਂ 'ਰਾਤ ਦਾ ਚਿਹਰਾ' ਵਿਚ ਸੱਚਮੁੱਚ ਇਹ ਸਮਰੱਥਾ ਹੈ ਕਿ ਉਹ ਨਵੀਨ ਗਦ ਸਾਹਿੱਤ ਲਈ ਆਸ ਦਾ ਪ੍ਰਤੀਕ ਬਣ ਸਕੇ ।

"ਰਾਤ ਦਾ ਚਿਹਰਾ" ਦੀ ਕੈਨਵੱਸ ਜਿਥੇ ਬਹੁਤ ਵਿਸ਼ਾਲ ਹੈ, ਉਥੇ "ਪਾਣੀ ਤੇ ਪੁਲ" ਵਿਚ ਸੁਖਬੀਰ ਨੇ ਆਪਣੇ ਵਿਸ਼ੇ ਦਾ ਖੇਤਰ ਬਹੁਤ ਸੀਮਤ ਰਖਿਆ ਹੈ । ਇਸ ਨਾਵਲ ਵਿਚ ਵਧੇਰੇ ਜ਼ੋਰ ਸਮਾਜਿਕ ਪ੍ਰਸਿਥਿਤੀਆਂ ਨੂੰ ਪ੍ਰਤੀਨਿਧ ਰੂਪ ਵਿਚ ਉਘਾੜਨ ਉਤੇ ਨਹੀਂ, ਸਗੋਂ ਦਲਜੀਤ, ਰਾਜ ਅਤੇ

ਮਾਇਆ ਦੇ ਚਰਿੱਤਰ ਦੇ ਮਨੋਵਿਗਿਆਨਕ ਵਿਸ਼ਲੇਸ਼ਨ ਉਪਰ ਦਿੱਤਾ ਗਿਆ ਹੈ। ਰਾਜ ਤੇ ਮਾਇਆ ਮਾਂ ਧੀ ਹੋਣਦੇ ਨਾਤੇ ਘਰ ਵਿੱਚ ਦੋਨੋਂ ਹੀ ਜੀਅ ਹੋਣ ਤੇ ਵੀ ਇਕੱਠੀਆਂ ਨਹੀਂ,ਸਗੋਂ ਉਹ ਆਪੋ ਅਪਣੀ ਇਕੱਲਤਾ ਵਿੱਚ ਘਿਰੀਆਂ ਹੋਈਆਂ ਹਨ। ਦਿਲਜੀਤ ਦਾ ਉਸ ਘਰ ਵਿਚ ਪ੍ਰਵੇਸ਼ ਦੋਵਾਂ ਵਿੱਚ ਇੱਕ ਭਾਵੁਕ ਦਵੰਦ ਨੂੰ ਜਨਮ ਦਿੰਦਾ ਹੈ। ਲੇਖਕ ਇਸ ਦਵੰਦ ਨੂੰ ਬਹੁਤ ਸੂਖਮ ਤੇ ਸੰਕੇਤਮਈ ਢੰਗ ਦੁਆਰਾ ਪ੍ਰਸਤੁਤ ਕਰਦਾ ਹੈ। ਦਿਲਜੀਤ ਵਲ ਮਾਂ ਧੀ ਦੇ ਇਕ ਸਮੇਂ ਜਾਗੇ ਪ੍ਰੇਮ ਦੇ ਫਲਸਰੂਪ ਉਹਨਾਂ ਦੋਵਾਂ ਦੀ ਦੂਰੀ ਕਿੰਨੀ ਹੋਰ ਵਧ ਗਈ ਹੈ, ਇਸਦੇ ਮਨੋਵਿਗਿਆਨਕ ਨਿਭਾਅ ਤੇ ਯਥਾਰਥਕ ਚਿਤਰਨ ਵਿਚ ਲੇਖਕ ਨੇ ਨਿਸਚੇ ਹੀ ਸਫਲਤਾ ਪ੍ਰਾਪਤ ਕੀਤੀ ਹੈ।

ਮਾਇਆ ਦੇ ਮਨ ਵਿਚ ਹੈ ਕਿ ਉਸਦੀ ਮਾਂ ਨੇ ਜ ਉਸਦਾ "ਰਿਸ਼ਤਾ ਕਰਨਾ ਈ ਏ ਤਾਂ ਫੇਰ ਬਾਹਰ ਵੇਖਣ ਦੀ ਕੀ ਲੋੜ ਹੈ ? ਘਰ ਵਿਚ ਈ ਕਿਉਂ ਨਹੀਂ ਦੇਖਦੀ ?" ਮਾਂ ਦਾ ਵਿਚਾਰ ਹੈ : "ਮੈਂ ਸੋਚਦੀ ਸਾਂ ਪਹਿਲਾਂ ਮਾਇਆ ਦਾ ਕੋਈ ਇੰਤਜ਼ਾਮ ਹੋ ਜਾਵੇ। ਉਹ ਸੁਖੀਂ ਸਾਂਦੀਂ ਆਪਣੇ ਘਰ ਚਲੀ ਜਾਏ। ਤਦ ਮੈਨੂੰ ਕੋਈ ਰੋਕ ਨਹੀਂ ਹੋਣੀ।" ਅਤੇ ਦਿਲਜੀਤ ਦੀ "ਅਜੀਬ ਜਿਹੀ ਹਾਲਤ ਏ। ਅਗਾਂਹ ਦੀ ਵੀ ਖਿਚ ਏ, ਪਿਛਾਂਹ ਦੀ ਵੀ ਖਿਚ ਏ," ਸ਼ਾਇਦ ਤਦ ਹੀ ਉਹ ਉਥੇ ਟਿਕਿਆ ਹੋਇਆ ਹੈ।

ਇਸ ਬਣ ਗਈ ਤਿਕੋਣ ਦੀਆਂ ਸਾਰੀਆਂ ਹੀ ਉਲਝਣਾਂ ਨੂੰ ਸੁਖਬੀਰ ਨੇ ਮਨੋਵਿਗਿਆਨਕ ਛੋਹਾਂ ਦੇਕੇ ਪਾਣੀਆਂ, ਪੁਲਾਂ, ਸਮੁੰਦਰਾਂ, ਦਰਿਆਵਾਂ, ਜਲਪਰੀਆਂ ਤੇ ਜੁਆਰਭਾਟਿਆਂ ਦੇ ਸੰਕੇਤਾਂ ਦੁਆਰਾ ਸੋਹਣੀ ਤਰ੍ਹਾਂ ਬਿਆਨਿਆ ਹੈ।

ਪ੍ਰੰਤੂ ਜਾਪਦਾ ਹੈ ਕਿ ਮਨੋਵਿਗਿਆਨਕ ਪੱਖ ਨੂੰ ਉਘਾੜਨ ਦੀ ਇੱਛਾ ਨੇ ਲੇਖਕ ਨੂੰ ਵਰਨਣ ਦੀ ਖੂਬਸੂਰਤੀ ਵਲੋਂ ਕੁਝ ਬੇਪਰਵਾਹ ਕਰ ਦਿੱਤਾ ਹੈ। ਜਿਥੇ "ਰਾਤ ਦਾ ਚਿਹਰਾ" ਦੇ ਵਰਨਣ ਵਿਚ ਨਿਸਚੇ ਹੀ ਉਹ "ਰਾਗਾਤਮਕਤਾ" ਮੌਜੂਦ ਹੈ ਜੋ ਕਵੀ ਹੋਣ ਦੇ ਨਾਤੇ ਸੁਖਬੀਰ ਦੀ ਗਦ ਵਿਚ ਹੋਣੀ ਆਵਸ਼ਕ ਹੈ, ਉਥੇ ਇਸ ਨਾਵਲ ਦੇ ਵਿਸਥਾਰ ਵਿਚ ਕੁਝ ਅਕਾਉਪਣ ਜਿਹਾ ਹੈ, ਜੋ ਕਾਫੀ ਚੁਭਦਾ ਹੈ। ਹਾਲਾਂਕਿ 'ਰਾਤ ਦਾ ਚਿਹਰਾ' ਦੇ ਟਾਕਰੇ ਰੁਮਾਂਸਕ ਕਹਾਣੀ ਹੋਣ ਕਾਰਨ ਇਸ ਨਾਵਲ ਵਿਚ ਇਸ ਖੂਬਸੂਰਤੀ ਦਾ ਵਧੇਰੇ ਉਘੜਨਾ ਸੁਭਾਵਿਕ ਸੀ। ਉਹ ਆਪਣੇ ਪਾਤਰਾਂ ਦੇ ਅੰਤਰੀਵ ਨੂੰ ਦਰਸਾਉਣ ਤੇ ਉਹਨਾਂ ਦੇ ਭਾਵਾਂ ਨੂੰ ਸੂਖਮਤਾ ਪਰਦਾਨ ਕਰਨ ਵਿਚ ਕਾਵਿਕਤਾ ਦਾ ਝਲਕਾਰਾ ਦਿੰਦਾ ਤਾਂ ਹੈ, ਪਰ ਇਹ ਝਲਕਾਰਾ ਟਾਵਾਂ ਟਾਵਾਂ ਹੈ।

"ਪਾਣੀ ਤੇ ਪੁਲ" ਵਿਚ ਵੀ ਮਨੋਵਿਗਿਆਨਕ ਵਿਸ਼ਲੇਸ਼ਨ ਉਤੇ ਜ਼ੋਰ ਦੇ ਬਾਵਜੂਦ ਸਮਾਜਿਕ ਪਖ ਬਿਲਕੁਲ ਲੁਪਤ ਨਹੀਂ । ਲੋੜ ਅਨੁਸਾਰ ਥਾਂ ਥਾਂ ਅਹਿਮ ਸਮਾਜਿਕ ਸਮਸਿਆਵਾਂ ਨੂੰ ਨਾਵਲ ਵਿੱਚ ਛੋਹਿਆ ਗਿਆ ਹੈ। ਭਾਵੇਂ ਦਿਲਜੀਤ ਦੀ ਭਟਕਣ ਤੇ ਉਸਦੇ ਵਿਸ਼ਾਦ ਦਾ ਆਧਾਰ ਯੋਗਭਾਂਤ ਸਿੱਧ ਨਹੀਂ ਹੁੰਦਾ ਤਦ ਵੀ ਉਸਦਾ ਪਾਤਰ ਸਮਾਜ ਦੀ ਅਸੰਤੁਲਨ ਦੀ ਦਸ਼ਾ ਦਾ ਪ੍ਰਤੀਕ ਜ਼ਰੂਰ ਹੈ। ਉਪਰੰਤ ਦੇਸ ਦੀ ਵੰਡ ਦੇ ਸਮੇਂ ਹੋਏ ਫਸਾਦਾਂ ਦਾ ਚਿਤਰਨ ਤੇ ਉਹਨਾਂ ਵਿਚ ਚੰਨੀ ਦੀ ਭਿਆਨਕ ਮੌਤ, ਮਾਂ ਬਾਹਰੀ ਰਾਜ ਦਾ ਬਚਪਨ,ਉਮਰੋਂ ਵੱਡੇ ਪਤੀ ਦੀਨਾ ਨਾਥ ਨਾਲ ਬਿਤਾਈ ਜ਼ਿੰਦਗੀ ਤੇ ਉਸਦੀ ਮੌਤ ਪਿਛੋਂ ਰੰਡੇਪਾ ਅਤੇ ਗਿਆਨਚੰਦ ਨਾਲ ਸਾਂਝ ਉਪਜਣ ਦੇ ਬਾਵਜੂਦ ਅਗਾਂਹ ਕਦਮ ਚੁਕਣ ਤੋਂ ਘਬਰਾਹਟ ਆਦਿ ਦੇ ਵਰਨਣ ਵਿਚ

ਅਨੇਕਾਂ ਹੀ ਸਮਾਜਿਕ ਸਮਸਿਆਵਾਂ ਚਿਤ੍ਰਿਤ ਹਨ । ਇਹਨਾਂ ਸਮਸਿਆਵਾਂ ਦਾ ਚਿਤਰਨ ਲੇਖਕ ਦੀ ਉਸਾਰੂ ਸੋਚ ਤੇ ਸਾਰਥਕ ਸੇਧ ਦਾ ਪ੍ਰਮਾਣ ਹੈ ।

"ਰਾਤ ਦਾ ਚਿਹਰਾ" ਅਤੇ "ਪਾਣੀ ਤੇ ਪੁਲ" ਸੁਖਬੀਰ ਦੇ ਦੋ ਵੱਖ ਵਖ ਲਿਖਣ ਢੰਗਾਂ ਨੂੰ ਰੂਪਮਾਨ ਕਰਦੇ ਹਨ । ਪਹਿਲੇ ਸਟਾਈਲ ਵਿਚ ਵਿਸ਼ਾਲਤਾ ਹੈ ਤੇ ਦੂਸਰੇ ਵਿਚ ਸੂਖਮਤਾ । ਦੋਹਾਂ ਦਾ ਪ੍ਰਭਾਵਕ ਮਿਸ਼ਰਣ ਹੋਰ ਵੀ ਚੰਗੇਰੀ ਰਚਨਾ ਨੂੰ ਜਨਮ ਦੇ ਸਕਦਾ ਹੈ । ਤਦ ਵੀ ਇਹ ਕਹਿਣਾ ਅਨੁ-ਚਿਤ ਨਹੀਂ ਕਿ ਨਵੇਂ ਉਸਾਰੂ ਸਾਹਿੱਤ ਦਾ ਚਿੰਨ੍ਹ ਮੂਲ ਰੂਪ ਵਿਚ "ਰਾਤ ਦਾ ਚਿਹਰਾ" ਨੇ ਹੀ ਬਣਨਾ ਹੈ । "ਪਾਣੀ ਤੇ ਪੁਲ" ਦੇ ਉਘੜਵੇਂ ਗੁਣ ਇਸ ਵਿਚ ਸਮੋ ਲਏ ਜਾਣਾ ਚੰਗੇਰੀ ਗੱਲ ਤਾਂ ਹੋਵੇਗੀ ਹੀ, ਉਂਜ ਜੇ ਇਸ ਤਰ੍ਹਾਂ ਨਾ ਵੀ ਹੋਵੇ ਤਦ ਵੀ "ਰਾਤ ਦਾ ਚਿਹਰਾ" ਵਿਚ ਚੰਗੇਰੇ ਸਾਹਿੱਤ ਦੀਆਂ ਲੀਹਾਂ ਪਾ ਸਕਣ ਦੀ ਸਮਰੱਥਾ ਬਹੁਤ ਬਲਵਾਨ ਹੈ ।

— o —

ਲੇਖਕ ਇਸ ਗੱਲ ਲਈ ਮਜਬੂਰ ਨਹੀਂ ਕਿ ਜਿੰਨ੍ਹਾਂ ਸਮਾਜਿਕ ਦਵੰਦਾਂ ਦਾ ਉਹ ਚਿਤਰਨ ਕਰਦਾ ਹੈ, ਉਹਨਾਂ ਦਾ ਕੋਈ ਬਣਿਆ ਬਣਾਇਆ ਹੱਲ ਵੀ, ਉਹ ਪਾਠਕਾਂ ਨੂੰ ਦੇਵੇ । ਇਸ ਲਈ ਮੇਰੀ ਰਾਏ ਵਿਚ ਵਾਸਤਵਿਕ ਸਮਾਜਿਕ ਸਬੰਧਾਂ ਦਾ ਵਰਨਣ ਕਰਕੇ, ਉਹਨਾਂ ਬਾਰੇ ਭਰਮਾਂ ਨੂੰ ਨਸ਼ਟ ਕਰਕੇ, ਬੁਰਜੂਆ ਸਮਾਜ ਦੇ ਆਸ਼ਾਵਾਦ ਨੂੰ ਉਲਟ ਪੁਲਟ ਕਰਕੇ, ਵਰਤਮਾਨ ਸਮਾਜ ਦੀ ਚਿਰੰਤਨਤਾ ਵਿਚ ਸੰਦੇਹ ਦੇ ਬੀਜ ਬੀਜਕੇ, ਸਮਾਜਵਾਦੀ ਉਪਨਿਆਸਕਾਰ ਪੂਰਨਤਾ ਨੂੰ ਪ੍ਰਾਪਤ ਕਰ ਲੈਂਦਾ ਹੈ । ਤਦ ਵੀ ਇਸ ਬਾਰੇ ਸੰਦੇਹ ਨਹੀਂ ਕਿ ਸਾਹਿੱਤਕਾਰ ਕੋਈ ਸੁਨਿਸਚਤ ਹਲ ਨਹੀਂ ਪ੍ਰਸਤੁਤ ਕਰਦਾ, ਅਤੇ ਕਦੇ ਕਦੇ ਤਾਂ ਉਸ ਪੱਖ ਦਾ ਸਮਰਥਨ ਤਕ ਨਹੀਂ ਕਰਦਾ ।

—ਫਰੈਡਰਿਕ ਐਂਗਲਜ਼

# ਦੋ ਕਵਿਤਾ ਸੰਗ੍ਰਹਿ

● ਹਰਭਜਨ ਹੁੰਦਲ

1. ਨੂਰ ਦੇ ਫੁੱਲ—ਅਮਰ ਕੋਮਲ, ਪੱਨੇ 112, ਮੁਲ 2.50 ਰੁਪੈ।

2. ਨਿਹੋਰੇ—ਨਿਰੰਜਨ ਸਿੰਘ ਢੀਮਾਂ, ਪੱਨੇ 100, ਮੁਲ 2.50 ਰੁਪੈ।

ਪ੍ਰਕਾਸ਼ਕ—ਦਰਬਾਰ ਪਬਲਸ਼ਿੰਗ ਹਾਊਸ, ਅੰਮ੍ਰਿਤਸਰ

"ਨੂਰ ਦੇ ਫੁੱਲ" ਤੇ "ਨਿਹੋਰੇ" ਦੇ ਦੋਹਾਂ ਕਵੀਆਂ ਵਿੱਚ ਕਈ ਗੱਲਾਂ ਸਾਂਝੀਆਂ ਹਨ। ਦੋਵੇਂ ਜ਼ਿਲਾ ਸੰਗਰੂਰ ਦੇ ਰਹਿਣ ਵਾਲੇ ਤੇ ਸਾਹਿੱਤ ਸਭਾ ਬਰਨਾਲਾ ਦੀ ਉਪਜ ਹਨ। ਵਿਚਾਰਾਂ ਵਜੋਂ ਦੋਵੇਂ ਅਗਾਂਹ ਵਧੂ ਹਨ। ਦੋਵੇਂ ਪੁਸਤਕਾਂ ਜਨਵਰੀ 1964 ਵਿਚ ਇਕੋ ਪ੍ਰਕਾਸ਼ਕ ਨੇ ਛਾਪੀਆਂ ਹਨ। ਕਾਗਜ਼, ਟਾਈਟਲ ਤੇ ਛਪਾਈ ਵਜੋਂ ਦੋਵੇਂ ਪੁਸਤਕਾਂ ਪ੍ਰਸੰਸਾ ਦੀਆਂ ਹੱਕਦਾਰ ਹਨ। ਪਰ ਏਨੀਆਂ ਗੱਲਾਂ ਸਾਂਝੀਆਂ ਹੋਣ ਦੇ ਨਾਲ ਨਾਲ ਦੋਹਾਂ ਦੀ ਕਲਾ ਵਿੱਚ ਫਰਕ ਵੀ ਹੈ। ਜਿਥੇ ਕੋਮਲ ਵਿਚ ਵਿਸ਼ੇ ਦੀ ਵੰਨ-ਸਵੰਨਤਾ ਹੈ, ਉਥੇ ਨਿਰੰਜਨ ਨੇ ਮੁਖ ਤੌਰ ਤੇ ਗਜ਼ਲ ਵਿਚ ਆਪਣੇ ਖਿਆਲਾਂ ਨੂੰ ਪ੍ਰਗਟ ਕੀਤਾ ਹੈ। ਰੂਪਕ ਪੱਖ ਤੋਂ ਜਿਥੇਂ ਨਿਰੰਜਨ ਵਿਚ ਜ਼ਿਆਦਾ ਪੁਖਤਗੀ ਹੈ, ਉਥੇ ਅਮਰ ਕੋਮਲ ਕਈ ਥਾਈਂ ਤੋਲ ਵਿੱਚ ਥਿੜਕਦਾ ਵੀ ਹੈ।

ਦੋਹਾਂ ਪੁਸਤਕਾਂ ਦੇ ਪਾਠ ਤੋਂ ਮੇਰੇ ਮਨ ਵਿਚ ਇਕੋ ਹੀ ਪ੍ਰਸ਼ਨ ਉਠਿਆ ਹੈ, ਤੇ ਉਹ ਹੈ ਇਹਨਾਂ ਪੁਸਤਕਾਂ ਵਿਚ ਨਵੇਂ ਤਜਰਬਿਆਂ ਦੀ ਘਾਟ ਜਾਂ ਸੰਕੋਚ। ਜਨਵਰੀ 64 ਵਿਚ ਛਪੀਆਂ ਹੋਣ ਦੇ ਬਾਵਜੂਦ ਵੀ ਮੈਨੂੰ ਇਹ ਕਿਤਾਬਾਂ ਅੱਜ ਦੀ ਪੰਜਾਬੀ ਕਵਿਤਾ ਨਾਲੋਂ ਪੰਜ ਛੇ ਸਾਲ ਪਿਛੇ ਰਹੀਆਂ ਲੱਗਦੀਆਂ ਹਨ।

ਇਕ ਕਵੀ ਲਈ ਇਹ ਹੀ ਕਾਫੀ ਨਹੀਂ, ਕਿ ਉਸ ਦੇ ਵਿਚਾਰ ਨਰੋਏ ਤੇ ਅਗਾਂਹਵੱਧੂ ਹੋਣ। ਇਹਨਾਂ ਨਰੋਏ ਵਿਚਾਰਾਂ ਨੂੰ ਵੀ ਜੇ

ਰੂਪਕ ਪੱਖ ਤੋਂ ਸਜਰੇ ਢੰਗ ਨਾਲ ਪੇਸ਼ ਨਹੀਂ ਕੀਤਾ ਜਾਂਦਾ, ਤਾਂ ਕਵਿਤਾ ਵਿਚ ਇਕ ਜਮੂਦ, ਇਕ ਖੜੋਤ ਆ ਜਾਣੀ ਕੁਦਰਤੀ ਗੱਲ ਹੈ।

ਜਦ ਕਵਿਤਾ ਕਿਸੇ ਵਿਸ਼ੇਸ਼ ਸਥਿਤੀ ਚੋਂ ਉਪਜਣ ਦੀ ਥਾਂ ਦਿਮਾਗੋਂ ਉਤਰਦੀ ਹੈ ਤਾਂ ਉਸ ਵਿਚ ਨਾਹਰੇ ਬਾਜ਼ੀ ਦਾ ਔਗੁਣ ਵੀ ਦਾਖਲ ਹੋ ਜਾਂਦਾ ਹੈ। ਜ਼ਰੂਰੀ ਨਹੀਂ ਕਿ ਨਵੇਂ ਕਵੀ ਪ੍ਰਯੋਗਵਾਦੀਆਂ ਦੇ ਸਮਾਜ ਵਿਰੋਧੀ ਤੇ ਪਛੜੇ ਵਿਚਾਰਾਂ ਤੋਂ ਪ੍ਰੇਰਨਾ ਲੈ ਕੇ ਨੰਗੀਆਂ ਤੇ ਬੁਝੀਆਂ ਕਵਿਤਾਵਾਂ ਲਿਖਣ। ਉਹਨਾਂ ਪਾਸ ਨਰੋਏ ਵਿਚਾਰ ਹਨ । ਜੇ ਉਹ ਇਹਨਾਂ ਨੂੰ ਨਵੇਂ ਢੰਗ ਨਾਲ ਕਹਿਣ ਦਾ ਯਤਨ ਕਰਨ ਤਾਂ ਇਹ ਨਿਰਸੰਦੇਹ ਇਕ ਪ੍ਰਾਪਤੀ ਹੋਵੇਗੀ। ਮੇਰਾ ਵਿਚਾਰ ਹੈ ਕਿ ਤਜਰਬੇ ਕਰਨ ਵਿਚ ਪ੍ਰਗਤੀਵਾਦੀ ਲੇਖਕਾਂ ਨੂੰ ਮੋਹਰੇ ਹੋਣਾ ਚਾਹੀਦਾ ਹੈ ਨਾ ਕਿ ਪਰਯੋਗਵਾਦੀਆਂ ਮਗਰ ਪੈਰ ਘਸੀਟੇ ਜਾਣ ਜਾਂ ਪ੍ਰਯੋਗਾਂ ਵਲੋਂ ਉਂਝ ਹੀ ਨੱਕ ਮੂੰਹ ਵੱਟਿਆ ਜਾਵੇ।

ਨਿਰੰਜਨ ਨੇ ਆਪਣੇ ਵਿਚਾਰਾਂ ਦੇ ਪ੍ਰਗਟਾ ਲਈ ਮੁੱਖ ਤੌਰ 'ਤੇ ਗਜ਼ਲ ਨੂੰ ਚੁਣਿਆ ਹੈ। ਇਹ ਰੂਪ ਜਿਥੇ ਜ਼ਿਆਦਾ ਸੰਜਮ ਤੇ ਮਿਹਨਤ ਦੀ ਮੰਗ ਕਰਦਾ ਹੈ ਉਥੇ ਇਸ ਦੀਆਂ ਆਪਣੀਆਂ ਮਜਬੂਰੀਆਂ ਤੇ ਸੀਮਾਵਾਂ ਵੀ ਹਨ। ਅੱਜ ਦੀ ਜ਼ਿੰਦਗੀ ਦੇ ਸਭ ਪੱਖਾਂ ਨੂੰ ਪੇਸ਼ ਕਰਨ ਲਈ ਸਿਰਫ ਗਜ਼ਲ ਦਾ ਸਹਾਰਾ ਲੈਣਾ ਹੀ ਕਾਫੀ ਨਹੀਂ। ਉਰਦੂ ਦਾ ਮਹਾਨ ਕਵੀ ਫੈਜ਼ ਗਜ਼ਲ ਦਾ ਉਸਤਾਦ ਹੋਣ ਦੇ ਬਾਵਜੂਦ, ਸਿਰਫ ਗਜ਼ਲ ਤੇ ਹੀ ਨਿਰਭਰ ਨਹੀਂ ਕਰਦਾ, ਸਗੋਂ ਹੋਰ ਰੂਪ ਵੀ ਵਰਤਦਾ ਹੈ। ਨਿਰੰਜਨ ਦੀਆਂ ਗਜ਼ਲਾਂ ਵਿਚ ਜਿਥੇ ਕਈ ਸ਼ਿਅਰ ਟੁੰਬਦੇ ਹਨ, ਉਥੇ ਕਈ ਥਾਈਂ ਦੁਹਰਾ ਵੀ ਚੁਭਦਾ ਹੈ। (ਸਿਰਫ ਹੰਝੂਆਂ ਦੀ ਮਹਾਨਤਾ ਬਾਰੇ 28 ਸ਼ਿਅਰ ਇਸ ਪੁਸਤਕ ਵਿਚ ਹਨ।)

ਅੱਜ ਦੀ ਜ਼ਿੰਦਗੀ ਨੂੰ ਨਰੋਏ ਤੇ ਭਰਪੂਰ ਢੰਗ ਨਾਲ ਪੇਸ਼ ਕਰਨ ਲਈ ਰੂਪਕ ਪੱਖ ਤੋਂ ਨਵੀਆਂ ਪ੍ਰਗਟਾ-ਵਿਧੀਆਂ ਦੀ ਭਾਲ ਦੋਹਾਂ ਕਵੀਆਂ ਨੂੰ ਨਵੇਂ ਕਵੀਆਂ ਦੀ ਢਾਣੀ ਵਿਚ ਖਲੋਣ ਲਈ ਸਹਾਇਕ ਹੋਵੇਗੀ। ਅਮਰ ਕੋਮਲ ਦੀਆਂ ਅਖੀਰਲੀਆਂ ਚਾਰ ਕਵਿਤਾਵਾਂ (ਜਵਾਰ ਭਾਟਾ, ਇਸ਼ਤਿਹਾਰ, 'ਪੂੰਜੀਪਤੀ' ਤੇ ਖਾਸ ਕਰਕੇ "ਅੰਤਿਹਕਰਣ ਦੀ ਆਵਾਜ਼") ਅਜੇਹੀ ਭਾਲ ਦੀਆਂ ਕੋਸ਼ਿਸ਼ਾਂ ਹਨ। ਤੇ ਉਸ ਦੀ ਕਵਿਤਾ ਵਿਚ ਬੋਧਕ ਅੰਸ਼ ਤੇ ਵਿਸ਼ੇ ਦੀ ਵੰਨ-ਸਵੰਨਤਾ ਹੋਰ ਵੀ ਸੰਭਾਵਨਾ ਭਰਪੂਰ ਹੈ।

ਦੋਵੇਂ ਸੰਗ੍ਰਹਿ ਮੰਜ਼ਲ ਦਾ ਪਹਿਲਾ ਪੜਾ ਹਨ, ਦੂਜਾ, ਤੀਜਾ ਜਾਂ ਆਖਰੀ ਨਹੀਂ।

# ਦੋ ਕਵਿਤਾਵਾਂ

*ਸਰਗੇਈ ਯੈਸੇਨਿਨ

## ਆਥਣ ਦੀ ਚੁੱਪ

ਆਥਣ ਦੀ ਚੁੱਪ ਬਾਗਾਂ ਵਿੱਚੋਂ
ਆ ਜਾਂਦੀ ਹੈ ਚੁਪਕੇ ਜੇਹੇ
ਖਿੜਕੀ ਦੇ ਸ਼ੀਸ਼ਿਆਂ ਤੇ ਆਉਂਦੀ ਚਮਕ ਅਚਾਨਕ
ਡੁਬਦਾ ਸੂਰਜ ਇੰਜ ਲਗਦਾ ਹੈ
ਜਿਵੇਂ ਸੋਨ-ਹੰਸ
ਤੈਰ ਰਿਹਾ ਸਰਵਰ ਦੇ ਉੱਤੇ ਸੁਪਨੇ ਦੇਖੇ ।

ਸੋਨ-ਸੰਝ ਦੀ ਸੋਨ ਸ਼ਾਂਤੀ ਨੂੰ ਮੈਂ ਸਿਜਦਾ
ਛਾਂ ਨੂੰ ਤੱਕੋ ਦੂਰ ਕਿੱਥੇ ਤੱਕ ਚਲੀ ਗਈ ਹੈ ।

---

*ਸਰਗੇਈ ਯੈਸੇਨਿਨ (Sergei Esenin 1895—1925) ਸੁੰਦਰ ਨੀਲੀਆਂ ਅੱਖਾਂ ਤੇ ਸੁਨਿਹਰੀ ਕੇਸਾਂ ਵਾਲਾ ਨੌਜਵਾਨ ਰੂਸੀ ਕਵੀ ਸੀ । ਜੋ ਕੇਵਲ 35 ਵਰ੍ਹੇ ਜੀਵਿਆ ਅਤੇ ਆਪਣੀ ਉਮਰ ਦੇ ਪਿਛਲੇ ਪੰਦਰਾਂ ਵਰ੍ਹੇ ਕਵਿਤਾ ਦੇ ਲੇਖੇ ਲਾਏ । ਉਹ ਰਿਆਜ਼ਾਨ ਦੇ ਦਿਹਾਤੀ ਇਲਾਕੇ ਦਾ ਜੰਮਪਲ ਸੀ । ਆਪਣੇ ਦਿਹਾਤ ਨਾਲ ਅਤਿ ਦਾ ਪਿਆਰ, ਕੁਦਰਤ ਨਾਲ ਭਾਵੁਕ ਸਾਂਝ, ਸ਼ਹਿਰੀ, ਮਸ਼ੀਨੀ ਖੜ ਖੜ ਵਿੱਚ ਗੁਆਚੇ ਉਲਝੇ ਮਨੁੱਖੀ ਜੀਵਨ ਤੋਂ ਭਾਂਜ ਅਤੇ ਧਾਰਮਿਕ ਬਿੰਬਾਵਲੀ ਦੁਆਰਾ ਕ੍ਰਾਂਤੀਕਾਰੀ ਸੁਨੇਹੇ ਦਾ ਯਤਨ ਉਸ ਦੀ ਕਵਿਤਾ ਦੀਆਂ ਪ੍ਰਧਾਨ ਸੁਰਾਂ ਸਨ । ਰੂਸੀ ਲੋਕ-ਗੀਤਾਂ ਦੀ ਪਰੰਪਰਾ ਤੋਂ ਬਿਨਾਂ ਯੈਸੇਨਿਨ ਨੇ ਪੁਸ਼ਕਿਨ, ਲਰਮੋਂਤੋਵ, ਬਲੋਕ ਅਤੇ ਮਾਇਕੋਵਸਕੀ ਦੀਆਂ ਰਚਨਾਵਾਂ ਤੋਂ ਵੀ ਪਰੇਰਣਾ ਲਈ । ਯੈਸੇਨਿਨ ਦੁਆਰਾ ਤੋਰੀਆਂ ਗਈਆਂ ਕਈ ਲੀਹਾਂ ਨੂੰ 1925 ਤੋਂ ਪਿੱਛੋਂ ਹੋਏ ਮਿਖਾਈਲ ਇਸਾਕੋਵਸਕੀ, ਤਵਾਰਦੋਵਸਕੀ, ਕਾਜ਼ੀਨ ਅਤੇ ਪਰੋਕੋਫੀਏਵ ਆਦਿ ਕਵੀਆਂ ਨੇ ਅੱਗੇ ਤੋਰਿਆ ।

ਛੱਤ 'ਤੇ ਉਡਦੀਆਂ ਨਿੱਕੀਆਂ ਨਿੱਕੀਆਂ
ਚਿੜੀਆਂ ਦੇ ਝੁੰਡ
ਸੰਝ-ਗੀਤ ਸੰਗ
ਆਥਣ ਦੇ ਤਾਰੇ ਦਾ ਕਰਨ ਸਵਾਗਤ ।

ਬਾਗਾਂ ਦੇ ਉਸ ਪਾਰ ਦੂਰ ਚਰਾਂਦਾਂ ਅੰਦਰ
ਫੁੱਲਾਂ ਲੱਦੀਆਂ
ਝਾੜੀਆਂ ਦੇ ਵਿਚਕਾਰ ਘਿਰੀ
ਚਿੱਟੇ ਦੁੱਧ ਕੱਪੜੇ ਪਾਈ
ਬੈਠੀ ਇਕ ਕੁੜੀ ਹੈ ਗਾਉਂਦੀ
ਗੂੰਜ ਰਿਹਾ ਹੈ
ਇੱਕ ਸੁਰੀਲਾ ਗੀਤ ਪੌਣ ਵਿੱਚ ।

ਖੇਤਾਂ ਦੇ ਵਿੱਚ ਠੰਡ ਫੈਲਾਵਣ ਵਾਲੀ ਨੀਲੀ
ਕੁਹਰੇ ਦੀ ਧਾਰਾ ਹੈ ਹੌਲੀ ਹੌਲੀ ਆਉਂਦੀ—
ਕੌਣ ਉਡੀਕਾਂ ਕਰਦੀ ਮੇਰੀ ਡਿਉਢੀ ਉੱਤੇ
ਕੌਣ ਗੁਲਾਬੀ ਗੱਲ੍ਹਾਂ ਵਾਲੀ ਹੈ ਮੁਸਕਾਉਂਦੀ !

## ਪੱਤਝੜ ਦੀ ਸ਼ਾਮ

ਸਰਵਰ ਦੇ ਸੁਰਖ ਤਲ ਉੱਤੇ
ਘੇਰਾ ਬੰਨ੍ਹ ਕੇ ਨੱਚ ਰਹੇ ਹਨ ਪੀਲੇ ਪੱਤੇ
ਜਿਵੇਂ ਤਿਤਲੀਆਂ ਦਾ ਝੁੰਡ ਘੁੰਮਦਾ
ਜਿਦ ਜਿਦ ਕੇ ਫੁੱਲ-ਗੁੱਛਿਆਂ ਉੱਤੇ ।

ਇਸ ਸੁੰਨੀ, ਪੀਲੀ ਘਾਟੀ ਵਿੱਚ
ਇਹ ਨਿਆਰੀ ਸੰਝ ਕਿੰਨੀ ਪਿਆਰੀ ਲਗਦੀ ।
ਮਸਤ ਹਵਾਵਾਂ ਨੇ ਜੋਬਨ ਦੀ ਮਸਤੀ ਦੇ ਵਿੱਚ
ਲਾਹ ਦਿੱਤੇ ਰੁੱਖਾਂ ਦੇ ਕੱਪੜੇ ।

ਠੰਡੀ ਘਾਟੀ, ਘਟਾ ਵੀ ਠੰਡੀ
ਆਥਣ ਦਾ ਬੱਦਲ ਹੈ ਜਿਉਂ ਭੇਡਾਂ ਦਾ ਇੱਜੜ
ਵਾੜੇ ਦਾ ਫਾਟਕ ਵੀ ਜਾਣੋਂ ਊਂਘ ਰਿਹਾ ਹੈ
ਚੁੱਪ ਚੁੱਪ ਨੇ ਉਸ ਦੀਆਂ ਟੱਲੀਆਂ
ਸੁੱਤੀਆਂ ਜਿਹੀਆਂ ।

ਤਨ ਮਨ ਮਰਾ
ਸ਼ਾਂਤ ਇਸ ਤਰ੍ਹਾਂ
ਜਿੱਦਾਂ ਪਹਿਲਾਂ ਕਦੇ ਵੀ ਨਹੀਂ ਸੀ
ਜੀ ਕਰਦਾ ਹੈ
ਉੱਗ ਹੀ ਆਵਾਂ ਕੰਧੀ ਉੱਤੇ ਰੁੱਖੜਾ ਬਣ ਕੇ
ਜਿਸ ਦੀਆਂ ਲੰਬੀਆਂ, ਲਚਕਦਾਰ ਤੇ
ਸੰਘਣੀਆਂ ਟਾਹਣਾਂ
ਥੱਲੇ ਝੁਕ ਕੇ
ਵਹਿਦੀ ਧਾਰਾ ਨੂੰ ਸਹਿਲਾਵਣ ।

ਸੋਚੀਂ ਡੁੱਬੇ ਚੰਨ ਵਾਂਗੂ ਹਾਂ
ਦੱਭ ਕੁਤਰਦਾ ਮੈਂਜਾਂ ਅੰਦਰ ਰਹਿ ਸਕਦਾ ਹਾਂ
ਹੇ ਉਦਾਰ ਖੇੜੇ ਜਾਗ ਮੇਰੇ ਅੰਦਰ ਤੂ
ਸਭ ਨੂੰ ਕਰਾਂ ਪਿਆਰ
ਕਿਸੇ ਤੋਂ ਕੁਝ ਨਾ ਚਾਹਾਂ ।

[ਪੰਜਾਬੀ ਰੂਪ—ਪ੍ਰੀਤਮ ਸਿੰਘ ਰਾਹੀ, ਜੋਗਾ ਸਿੰਘ]

— ੦ —

ਚਲਦੇ ਚਲਦੇ :

# ਪੱਤਰਕਾਰ ਦੀ ਐਕੜ

ਪੱਤਰਕਾਰਾਂ ਦੀ ਵੀ ਅਜੀਬ ਦੁਨੀਆਂ ਹੈ। ਕੱਦੇ ਇਹ ਲੋਕਾਂ ਪਿਛੇ ਫਿਰਦੇ ਹਨ ਤੇ ਕੱਦੇ ਲੋਕ ਇਹਨਾਂ ਪਿਛੇ। ਅੱਜੇ ਕੁਝ ਦਿਨਾਂ ਦੀ ਗਲ ਹੈ ਕਿ ਅਸੀਂ ਸਰਕਾਰ ਦੇ ਭਾਸ਼ਾ ਵਿਭਾਗ ਵਿਚ ਚਲੇ ਗਏ। ਉਸ ਸ਼ਹਿਰ ਅਸੀਂ ਕਿਸੇ ਹੋਰ ਪਰੋਗਰਾਮ ਉਤੇ ਗਏ ਸੀ; ਸੋਚਿਆ ਚਲੋ ਇਸ ਵਿਭਾਗ ਦੇ ਮੁਖੀਆਂ ਨੂੰ ਵੀ ਮਿਲ ਜਾਈਏ। ਪੰਜਾਬੀ ਹਿੰਦੀ ਦੀ ਕੀ ਉਨਤੀ ਕੀਤੀ ਜਾ ਰਹੀ ਹੈ, ਜਾਣ ਲਈਏ। ਘੰਟਾ ਭਰ ਬਾਹਰ ਖੜਾ ਰਹਿਣ ਉਪਰੰਤ ਵੀ ਸਬੰਧਤ ਅਧਿਕਾਰੀ ਨੂੰ ਮਿਲਣ ਦਾ ਸਮਾਂ ਨਾ ਮਿਲਿਆ। ਉਹ ਆਪਣੇ ਦਫਤਰ ਦੀ ਟਾਇਪਿਸਟ ਤੇ ਇਕ ਹੋਰ ਇਸਤ੍ਰੀ ਨਾਲ ਗਲਾਂ ਵਿੱਚ ਰੁਝਿਆ ਹੋਇਆ ਸੀ। ਪਰ ਜੱਦ ਦੋ ਮਹੀਨੇ ਪਹਿਲਾਂ ਸੰਤ ਫਤਹਿ ਸਿੰਘ ਨੇ ਮਰਨ ਵਰਤ ਰਖਣ ਦਾ ਐਲਾਨ ਕੀਤਾ ਸੀ ਤੇ ਦੋਸ਼ ਲਾਇਆ ਸੀ ਕਿ ਸਰਕਾਰ ਪੰਜਾਬੀ ਦੀ ਉੱਨਤੀ ਲਈ ਕੁਝ ਨਹੀਂ ਕਰ ਰਹੀ, ਤਦ ਵਿਭਾਗ ਵਾਲੇ ਪਤਰਕਾਰਾਂ ਨੂੰ ਇਕਠੇ ਕਰਕੇ ਆਪਣੇ ਝੂਠੇ ਸੱਚੇ ਅੰਕੜੇ ਵਿਖਾ ਕੇ ਅਖਬਾਰਾਂ ਵਿਚ ਛਪਾਉਣ ਲਈ ਅੱਗੇ ਪਿਛੇ ਭਜੇ ਫਿਰ ਰਹੇ ਸੀ।

ਇਸ ਵਿਭਾਗ ਦੀ ਹੀ ਗਲ ਨਹੀਂ। ਇਹੋ ਗਲ ਸ਼੍ਰੋਮਣੀ ਕਮੇਟੀ ਵਾਲਿਆਂ ਦੀ ਹੈ। ਜੱਦ ਉਹਨਾਂ ਨੂੰ ਗਰਜ ਹੋਵੇ ਪਤਰਕਾਰਾਂ ਨੂੰ ਸੱਦਣਗੇ ਤੇ ਦਰਬਾਰ ਸਾਹਿਬ ਦਾ ਖੂੰਜਾ ਖੂੰਜਾ ਵਿਖਾ ਦੇਣਗੇ ਪਰ ਪਿਛੇ ਅਸੀਂ ਸੰਤ ਜੀ ਨੂੰ ਮਿਲਣ ਗਏ, 'ਸੇਵਾਦਾਰ' ਰਾਹ ਹੀ ਨਾ ਦੇਣ। ਜਦ ਉਹਨਾਂ ਨਾਉਂ ਕਰਨਾ ਹੋਵੇ ਤਾਂ ਪੰਜਾਬੀ ਦੀਆਂ ਕਿਨੀਆਂ ਹੀ ਗਲਾਂ ਕਰਨਗੇ ਪਰ ਜੇ ਪੰਜਾਬੀ ਦੀ ਉਨਤੀ ਲਈ ਕਿਸੇ ਉਦਮ ਲਈ ਸਹਿਯੋਗ ਦੀ ਲੋੜ ਹੋਵੇ ਤਾਂ ਜਥੇਦਾਰਾਂ ਨੂੰ ਦੋਗਾਂ ਤੋਂ ਹੀ ਵਿਹਲ ਨਹੀਂ ਹੁੰਦੀ। ਇਸੇ ਤਰ੍ਹਾਂ ਹੀ 'ਅਕਾਸ਼ਬਾਣੀ' ਵਾਲੇ ਕਰਦੇ ਹਨ। ਪੰਜਾਬੀਆਂ ਦੇ ਬਾਰ ਬਾਰ ਮੰਗ ਕਰਨ ਉਪ੍ਰੰਤ ਵੀ ਜਲੰਧਰ ਕੇਂਦਰ ਤੋਂ ਐਲਾਨ ਪੰਜਾਬੀ ਵਿੱਚ ਕਰਨ ਦੀ ਮੰਗ ਨਾ ਮੰਨੀ ਗਈ। ਹੁਣ ਜਦ ਪੰਜਾਬੀ ਸੂਬੇ ਦੀ ਮੰਗ ਉਭਰੀ ਤਾਂ ਗਲਾਂ ਬਾਤਾਂ ਨਾਲ ਸਰਚਾਉਣ ਲਈ ਜਲੰਧਰ ਰੇਡੀਓ ਪੰਜਾਬੀ ਵਿੱਚ ਐਲਾਨ ਕਰਨ ਲਗ ਪਿਆ।

ਗਲ ਸਮੇਂ ਦੀ ਤੁਰੀ ਹੈ। ਪਤੱਰਕਾਰ ਕੀ ਸਭ ਦਾ ਇਹੋ ਹਾਲ ਹੈ। ਇਕ ਪੰਜਾਬੀ ਦਾ ਉਘਾ ਲੇਖਕ ਹੈ। ਉਸ ਹਰ ਵੱਡੇ ਛੋਟੇ ਇਕਠ ਵਿਚ ਪੰਜਾਬੀ ਯੂਨੀਵਰਸਟੀ ਕਾਇਮ ਕਰਨ ਦੇ ਮੱਤੇ ਰੱਖੇ। ਭਾਸ਼ਨ ਦਿਤੇ ਤੇ ਲੋਕਾਂ ਨੂੰ ਇਹ ਮੰਗ ਕਰਨ ਲਈ ਪਰੇਰਨਾ ਦੇਣ ਵਿਚ ਭਾਰੀ ਹਿਸਾ ਪਾਇਆ। ਯੂਨੀਵਰਸਟੀ ਕਾਇਮ ਹੋਈ। ਪ੍ਰੋਫੈਸਰ, ਰੀਡਰ ਆਦਿ ਨੀਯਤ ਕਰਨ ਦਾ ਸਮਾਂ ਆਇਆ। ਜਿਹਨਾਂ

ਹਥ ਵਾਗ ਡੋਰ ਆਈ ਉਹਨਾਂ ਉਸ ਵਿਦਵਾਨ ਨੂੰ ਇਹਨਾਂ ਪਦਵੀਆਂ ਦੇ ਯੋਗ ਹੀ ਨਾ ਸਮਝਿਆ, ਜੱਦ
ਕਿ ਉਹਨਾਂ ਵਿਚੋਂ ਬਹੁਤਿਆ ਨੇ ਉਸ ਦੀਆਂ ਲਿਖੀਆਂ ਪੁਸਤਕਾਂ ਪੜ੍ਹਕੇ ਹੀ ਡਿਗਰੀਆਂ ਪ੍ਰਾਪਤ
ਕੀਤੀਆਂ ਸਨ । ਇਹ ਵਿਦਵਾਨ ਜਿਹਨਾਂ ਸਮਾਗਮਾਂ ਵਿਚ ਯੂਨੀਵਰਸਟੀ ਦੇ ਹੱਕ ਵਿਚ ਮੱਤੇ ਰਖਦਾ ਸੀ
ਉਹਨਾਂ ਦਾ ਪ੍ਰਧਾਨ ਉਹੋ ਮਹਾਂਪੁਰਖ ਸੀ ਜਿਸ ਦੇ ਹੱਥ ਵਿਚ ਯੂਨੀਵਰਸਟੀ ਦੀ ਵਾਗ ਡੋਰ ਆ ਗਈ ।
ਲੋਕਾਂ ਦੀ ਆਵਾਜ਼ ਨੇ ਉਸ ਨੂੰ ਪਦਵੀ ਲੈ ਦਿਤੀ ਤੇ ਗਰਜ਼ ਮੁੱਕ ਗਈ ।

ਹਾਂ, ਤੇ ਗਲ ਗਰਜ਼ ਦੀ ਹੈ । ਕਦੇ ਖਬਰਾਂ ਵਾਲੇ ਪੱਤਰਕਾਰਾਂ ਪਿਛੇ ਫਿਰਦੇ ਹਨ ਤੇ ਕਦ
ਪੱਤਰਕਾਰ ਖਬਰਾਂ ਪਿਛੇ । ਮੇਰੇ ਨਾਲ ਅਜ ਦੂਸਰੀ ਗਲ ਹੋ ਰਹੀ ਹੈ । ਸਵੇਰ ਤੋਂ ਕੀ, ਕਲ੍ਹ ਦੀ
ਕੋਈ ਖਬਰ ਨਹੀਂ ਮਿਲੀ । ਜਾਪਦਾ ਹੈ ਲੋਕ ਬੇ-ਹਰਕਤੇ ਹੀ ਹੋ ਗਏ ਹਨ । ਇਹਨਾਂ ਦੋਂਹ ਦਿਨਾਂ ਵਿਚ
ਨਾ ਕਿਸੇ ਨੇ ਕਿਸੇ ਦਾ ਸਿਰ ਪਾੜਿਆ ਹੈ, ਨਾ ਕੋਈ ਐਕਸੀਡੈਂਟ ਹੋਇਆ ਹੈ ਤੇ ਨਾ ਹੀ ਕਿਸੇ ਇਕ ਨੇ
ਦੂਜੇ ਨੂੰ ਉਧਾਲਿਆ ਹੈ । ਹੋਰ ਤਾਂ ਹੋਰ ਵਜ਼ੀਰਾਂ ਵਿਚੋਂ ਵੀ ਇਕ ਦੂਜੇ ਉਤੇ ਇਲਜ਼ਾਮ ਨਹੀਂ ਲਾਏ
ਗਏ । ਅਜਿਹੀ ਮੁਰਦਨੀ ਛਾ ਗਈ ਹੈ ਕਿ 'ਗੁਰੂ' ਗੋਲਵਾਲਕਰ ਦੇ ਪੰਜਾਬੀ ਚੇਲੇ, ਨਾ ਸੱਚ ਹਿਦੂ
ਸੰਸਕ੍ਰਿਤੀ ਦੇ ਪੰਜਾਬ ਵਿਚ ਰਹਿੰਦੇ ਅਲੰਮਬਰਦਾਰਾਂ ਨੇ ਵੀ ਮਾਂ ਬੋਲੀ ਤੋਂ ਇਨਕਾਰ ਕਰਨ ਤੇ ਸੜ
ਮਰਨ ਦਾ ਐਲਾਨ ਨਹੀਂ ਦੁਹਰਾਇਆ ।

ਸਾਰਾ ਸ਼ਹਿਰ ਛਾਣਨ ਅਤੇ ਦੋ ਦਰਜਨ ਬੰਦਿਆਂ ਨੂੰ ਮਿਲਣ ਉਪਰੰਤ ਪਤਾ ਲਗਿਆ ਕਿ ਜਿਸ
ਕਾਰਖਾਨੇਦਾਰ ਨੇ ਪਰਸੋਂ ਰਖਿਆ ਫੰਡ ਵਿਚ ਇਕ ਹਜ਼ਾਰ ਰੁਪੈ ਦਿਤੇ ਸੀ ਅਜ ਉਸ ਨੇ ਆਪਣੇ
ਕਾਰਖਾਨੇ ਵਿਚ ਕੰਮ ਕਰਦੇ ਚਾਰ ਮਜ਼ਦੂਰ ਹਟਾ ਦਿਤੇ । ਇਹ ਜੰਗ ਦੇ ਦਿਨਾਂ ਦੀ ਉਜਰਤ ਮੰਗ
ਦੇ ਸਨ । ਮਾਲਕ ਦਾ ਕਹਿਣਾ ਸੀ ਕਿ ਜੋ ਉਸ ਰਖਿਆ ਫੰਡ ਦਿਤਾ ਹੈ ਇਹਨਾਂ ਦੀ ਉਜਰਤ ਉਸ
ਵਿੱਚ ਚਲੀ ਗਈ । ਆਖਰ ਦੇਸ ਸਭ ਦਾ ਜੋ ਹੈ । ਇਕ ਹੋਰ ਨੇ ਦਸਿਆ ਕਿ ਇਕ ਅਧਿਆਪਕ
ਦੀ ਪਤਨੀ ਇਸ ਲਈ ਮਰ ਗਈ ਕਿ ਉਹ ਬੀਮਾਰ ਦਾ ਇਲਾਜ ਨਹੀਂ ਕਰਵਾ ਸਕਿਆ । ਤੀਸਰੇ ਨੇ
ਦਸਿਆ ਕਿ ਉਸ ਦੇ ਪੁਤਰ ਜਿਸ ਐਮ. ਏ, ਚੰਗੇ ਨੰਬਰਾਂ ਵਿਚ ਪਾਸ ਕੀਤੀ ਹੋਈ ਹੈ ਨੂੰ ਵੀਹ ਥਾਂ
ਇੰਟਰਵੀਊ ਦੇਣ ਉਪਰੰਤ ਵੀ ਨੌਕਰੀ ਨਹੀਂ ਮਿਲੀ । ਉਸ ਦਾ ਕਹਿਣਾ ਹੈ ਕਿ ਉਸ ਪਾਸ ਕੋਈ
ਸਫਾਰਸ਼ ਨਹੀਂ ਸੀ......ਇਕ ਮਿਤਰ ਨੇ ਇਸ ਗਲ ਦੀ ਸ਼ਕਾਇਤ ਸੁਣਾਈ ਕਿ ਉਸ ਦੀ ਭੈਣ
ਜਮਾਤ ਵਿਚ ਪੜ੍ਹਾਈ ਲਈ ਸਦਾ ਚੰਗੀ ਗਿਣੀ ਜਾਂਦੀ ਰਹੀ ਹੈ । ਉਸ ਪੇਪਰ ਵੀ ਚੰਗੇ ਕੀਤੇ ਸੀ
ਪਰ ਨਤੀਜਾ ਨਲਾਇਕ ਤੋਂ ਨਲਾਇਕ ਵਿਦਿਆਰਥੀਆਂ ਤੋਂ ਵੀ ਹੇਠਾਂ ਆਇਆ । ਉਸ ਦਾ
ਸ਼ੱਕ ਉਹਨਾਂ ਪਰੋਫੈਸਰਾਂ ਉਤੇ ਸੀ ਜਿਹਨਾਂ 'ਆਪਣੇ ਅਨੁਸਾਰ' ਨਾ ਚਲਣ ਕਾਰਨ ਵਿਦਿਆਰਥਣ ਨੂੰ
ਮੱਤ ਦੇਣ ਦਾ ਪਹਿਲਾਂ ਸੰਕੇਤ ਦੇ ਦਿਤਾ ਸੀ । ਤੇ ਅਜਿਹੀਆਂ ਕਈ ਹੋਰ ਗਲਾਂ ਸੁਣੀਆਂ । ਇਹ ਵੀ
ਕੋਈ ਖ਼ਬਰਾਂ ਨੇ ! ਇਹਨਾਂ ਨੂੰ ਲਿਖਣਾ ਮਗਜ਼ ਖਪਾਉਣ ਤੇ ਭੇਜਣ ਉਤੇ ਡਾਕ ਖਰਚ ਕਰਨ ਤੋਂ ਵਧ
ਕੁਝ ਲਾਭ ਨਹੀਂ । ਕਿਸ ਛਾਪਣਾ ਹੈ ਇਹਨਾਂ ਨੂੰ ?

ਜੰਗ ਦੇ ਦਿਨ ਚੰਗੇ ਸਨ ਜਦ ਖਬਰਾਂ ਹੀ ਖਬਰਾਂ ਸਨ । ਸਰਹੱਦ ਦੀ ਹਾਲਤ ਦਾ ਪਤਾ ਆਵੇ
ਜਾਂ ਨਾ ਖਬਰਾਂ ਬਣ ਜਾਂਦੀਆਂ ਸਨ । ਹੁਣ ਠੰਡ ਨੇ ਖਬਰਾਂ ਵੀ ਠੰਡੀਆਂ ਕਰ ਦਿਤੀਆਂ ਹਨ ਤੇ
ਅਖਬਾਰ ਦੀ ਵਿਕਰੀ ਵੀ ਠੰਡੀ ਹੋ ਰਹੀ ਹੈ (ਇਹ ਗਲ ਅਖਬਾਰ ਦੇ ਪ੍ਰਬੰਧਕਾਂ ਨੇ ਦਸੀ ਸੀ ।) ਭਾਵੇਂ
ਵਜ਼ੀਰਾਂ ਦੇ ਕੌਮ ਦੇ ਨਾਉਂ ਹਰ ਤੀਜੇ ਦਿਨ ਦਿਤੇ ਭਾਸ਼ਨ ਵੱਡੀਆਂ ਸੁਰਖੀਆਂ ਨਾਲ ਛਾਪੇ ਜਾਂਦੇ ਹਨ ।
......ਖਬਰ ਨਹੀਂ ਮਿਲ ਰਹੀ, ਇਕ ਵੀ ਨਹੀਂ । ਸੜਕਾਂ ਛਾਣੀਆਂ ਹਨ, ਕਾਫੀ ਹਾਊਸ

ਤੇ ਕਈ ਰੈਸਟੋਰਾਂ ਵੇਖੀਆਂ ਹਨ । ਇਸੇ ਚਕਰ ਵਿਚ ਇਕ ਸਾਹਿੱਤਕਾਰ ਮਿਤਰ ਮਿਲਿਆ ਸੀ । ਉਹ ਆਪ ਵੀ ਇਕ ਪੱਤਰ ਦਾ ਸੰਪਾਦਕ ਹੈ। ਉਹ ਜੰਗ ਦੇ ਦਿਨੀਂ ਸਣੇ ਪਰਵਾਰ ਦਿੱਲੀ ਚਲਾ ਗਿਆ ਸੀ ਤੇ ਹੁਣ ਪਰਤ ਰਿਹਾ ਸੀ । ਅੱਧਾ ਘੰਟਾ ਇਧਰ ਉਧਰ ਦੀਆਂ ਮਾਰਦੇ ਰਹੇ ਪਰ ਕੋਈ ਕੰਮ ਦੀ ਗਲ ਨਾ ਨਿਕਲੀ । ਅੰਤ ਮੈਂ ਉਸਨੂੰ ਆਪਣੀ ਪੁਸਤਕ ਦਾ ਇਸ਼ਤਿਹਾਰ ਛਾਪਣ ਦਾ ਵਾਹਦਾ ਯਾਦ ਕਰਵਾਇਆ, ਜੋ ਉਸ ਪੁਸਤਕ ਛਪਣ ਤੋਂ ਪਹਿਲਾਂ ਕੀਤਾ ਸੀ । ਦਿਲੀ ਜਾਣ ਤੋਂ ਮਹੀਨਾ ਪਹਿਲਾਂ ਜਦ ਉਸ ਦਾ ਇਧਰ ਗੇੜਾ ਲਗਿਆ ਤਾਂ ਕਿਹਾ ਸੀ 'ਪੁਸਤਕ ਛਾਪਣ ਤੇ ਭੇਜਦੇਈਂ ਰੀਵੀਊ ਕਰ ਦਿਆਂਗੇ । ਭੇਜੀਂ ਮੇਰੇ ਨਾਉਂ ਨਹੀਂ ਦਫਤਰ ਵਿਚ ਰੁਲ ਜਾਂਦੀ ਹੈ।' ਪੁਸਤਕ ਉਸ ਦੇ ਕਹਿਣ ਅਨੁਸਾਰ ਹੀ ਭੇਜੀ ਗਈ ਪਰ ਰੀਵੀਊ ਨਹੀ ਸੀ ਹੋਇਆ । ਇਕ ਹੋਰ ਮਿਤਰ ਦਾ ਕਹਿਣਾ ਸੀ ਕਿ ਇਹ ਕੋਈ ਵੀ ਗਲ ਆਪਣੇ ਵਪਾਰ ਦੇ ਪੱਖ ਨੂੰ ਸਾਹਮਣੇ ਰਖਕੇ ਹੀ ਕਰ ਸਕਦਾ ਹੈ । ਉਹ ਤਾਂ ਇਥੋਂ ਤੱਕ ਕਹਿੰਦਾ ਸੀ ਕਿ ਇਹ ਕਹਾਣੀਆਂ ਲੇਖ ਲਿਖਣ ਵੇਲੇ ਵੀ ਇਹਨਾਂ ਗਲਾਂ ਦਾ ਖਿਆਲ ਰਖਦਾ ਹੈ । ਪਰ ਮੈਂ ਇਕ ਵਾਰ ਫਿਰ ਪੁਛਣਾ ਚਾਹੁੰਦਾ ਸੀ ਕਿ ਰੀਵੀਊ ਕੱਦ...ਸਾਹਮਣਿਓਂ ਇਕ ਹੋਰ ਅਖਵਾਰ ਨਵੀਸ ਆ ਗਿਆ । ਸਾਹਿੱਤਕਾਰ ਮਿਤਰ ਹਥ ਮਿਲਾਕੇ ਚਲਾ ਗਿਆ ।

ਮੈਂ ਅਖਬਾਰ ਨਵੀਸ ਨਾਲ ਹੋ ਤੁਰਿਆ । ਉਸ ਸਾਹਿੱਤ ਦੀਆਂ ਗਲਾਂ ਛੇੜ ਲਈਆਂ । ਉਸ ਨੂੰ ਗਿਲਾ ਹੈ ਕਿ ਮੇਰੇ ਜਿਸ ਮਿਤਰ ਨੇ ਨਵਾਂ ਸਾਹਿੱਤਕ ਪਰਚਾ ਕਢਿਆ ਹੈ ਉਸ ਸਾਹਿੱਤ ਤੇ ਜੀਵਨ ਦੇ ਮਸਲਿਆਂ ਨੂੰ ਸਾਂਝ ਕਿਹਾ ਹੈ । 'ਇਹ ਨਾਹਰੇਬਾਜ਼ੀ ਮੈਨੂੰ ਚੰਗੀ ਨਹੀਂ ਲਗਦੀ, ਇਸ ਵਿਚ ਕੋਈ ਤਖਈਅਲ ਨਹੀਂ । ਮੈਂ ਉਸ ਨੂੰ ਅਪਣੀ ਕੋਈ ਲਿਖਤ ਨਹੀਂ ਦੇਣੀ ਆਖਰ ਸਾਹਿੱਤ, ਸਾਹਿੱਤ ਹੈ ।"

ਹਮਪੇਸ਼ਾ ਮਿਤਰ ਤੋਂ ਹੁਣੇ ਵਿਦਾ ਲੈ ਕੇ ਆਇਅ ਹਾ । ਖਬਰਾਂ ਨਾ ਮਿਲਣ ਦੀ ਚਿੰਤਾ ਕਾਇਮ ਹੈ ਪਰ ਉਸ ਨਾਲ ਸਾਹਿੱਤ ਬਾਰੇ ਚਰਚਾ ਕਰਕੇ ਮੂਡ ਸਾਹਿੱਤਕ ਹੋਇਆ ਜਾਪਦਾ ਹੈ । ਸੋਚਦਾ ਹਾਂ ! ਕਹਾਣੀ ਹੀ ਲਿਖ ਲਵਾਂ......ਹਾਂ, ਤੇ ਕਹਾਣੀ ਕਿਸ ਵਿਸ਼ੇ ਉਤੇ ਲਿਖਾਂ ? ਜਿਹੜਾ ਵੀ ਕੁਝ ਸੋਚ ਵਿਚ ਆਉਂਦਾ ਹੈ ਉਹ ਮਨੁਖ ਨਾਲ ਸਬੰਧਤ ਲਗਦਾ ਹੈ ਤੇ ਜੇ ਉਹ ਲਿਖਦਿਆਂ ਤਾਂ ਪਰਚਾਰ ਹੋ ਜਾਏਗਾ । ਪਤਾ ਨਹੀਂ ਮੇਰੇ ਦਿਮਾਗ ਨੂੰ ਕੀ ਹੋ ਗਿਆ ਹੈ ਨਵੀਨਤਾ ਤਾਂ ਇਸ ਦੇ ਨੇੜੇ ਨਹੀਂ ਢੁਕਦੀ !

ਹਾਂ ! ਯਾਦ ਆਇਆ, ਇਹ ਜਿਹੜੇ ਜੰਮੂ ਵਲੋਂ, ਖੇਮ ਕਰਨ ਤੋਂ ਜਾਂ ਪਾਕਿਸਤਾਨ ਨਾਲ ਲਗਦੀ ਹੋਰ ਸਰਹੱਦ 'ਤੋਂ ਉਜੜ ਕੇ ਆਏ ਹਨ ਇਹਨਾਂ ਬਾਰੇ ਕੁਝ ਲਿਖਾਂ । ਲਿਖਦਿਆਂ ਲਿਖਦਿਆਂ ਸ਼ਾਇਦ ਕੋਈ ਖਬਰ ਵੀ ਸੁਝ ਪਏ—ਇਕ ਕੰਮ ਦੋ ਕਾਜ ਹੋ ਜਾਣ ।...ਨਹੀਂ, ਅਜਿਹੀ ਕਹਾਣੀ ਨਹੀਂ ਲਿਖਣੀ । ਇਸ ਤਰ੍ਹਾਂ ਦੇ ਲੋਕਾਂ ਦੀਆਂ ਕਹਾਣੀਆਂ 1947 ਤੋਂ ਪਿਛੋਂ ਹੰਸ ਰਾਜ ਰਹਿਬਰ ਨੇ ਲਿਖੀਆਂ ਸੀ,.....ਕੀ ਨਾ ਸੀ ਕਿਤਾਬ ਦਾ ? ਹਾਂ ਯਾਦ ਆਇਆ—'ਹਮ ਲੋਗ' । ਉਹ ਅਜ ਕਲ੍ਹ ਜਿਹਲ ਵਿਚ ਹੈ । ਕਹਿੰਦੇ ਹਨ ਅਜਿਹੀਆਂ ਕਹਾਣੀਆਂ ਲਿਖਣ ਕਰਕੇ ਉਸ ਦੀ ਕਲਮ ਵਿਚੋਂ 'ਗੰਦੇ ਲੋਕਾ' ਦੀ, ਜੋ ਗੰਦੀਆਂ ਬਸਤੀਆਂ ਵਿਚ ਰਹਿੰਦੇ ਹਨ, ਬੋਅ ਆਉਂਦੀ ਹੈ । ਉਹ ਬੋਅ ਰੋਕਣ ਲਈ ਹੀ ਉਸ ਨੂੰ ਅੰਦਰ ਪਾਇਆ ਹੈ । ਨਾ, ਮੈਂ ਅੰਦਰ ਨਹੀਂ ਜਾਣਾ । ਇਹ ਜੋ ਹੁਣ ਉਠਕੇ ਕੈਂਪਾਂ ਵਿਚ ਆ ਬੈਠੇ ਹਨ ਇਹ ਵੀ ਤਾਂ 'ਗੰਦੇ ਲੋਕ' ਹੀ ਹਨ ।

ਮੈਂ ਉਹ ਕਹਾਣੀ ਲਿਖਾਂਗਾ ਜਿਸ ਨੂੰ ਪੜ੍ਹਕੇ ਲੋਕਾਂ ਨੂੰ ਜੋਸ਼ ਆਵੇ । ਉਹ ਦੇਸ ਦੀ ਰਾਖੀ ਲਈ

ਉਠਣ । ਉਸ ਆਜ਼ਾਦੀ ਨੂੰ ਬਚਾਉਣ ਲਈ ਜਿਸ ਨੂੰ ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਊਧਮ ਸਿੰਘ, ਗਦਰੀਆਂ, ਨੇਵੀ ਦੇ ਸ਼ਹੀਦਾਂ ਆਦਿ ਨੇ ਸਿਰ ਦੇਕੇ ਵਰਿਆ ਹੈ । ਹੈਂ ਨੇਵੀ ! ਨਹੀਂ ਇਹੋ ਜਿਹੀਆਂ ਗਲਾਂ ਵੀ ਨਹੀਂ ਲਿਖਣੀਆਂ । ਸੁਣਨ ਤੇ ਕਹਿਣ ਨੂੰ ਤਾਂ ਗਲਾਂ ਚੰਗੀਆਂ ਤੇ ਦੇਸ ਭਗਤੀ ਦੀਆਂ ਲਗਦੀਆਂ ਹਨ ਪਰ ਇਹ ਵੀ ਜਿਹਲ ਤੱਕ ਲੈ ਜਾਂਦੀਆਂ ਹਨ । ਨੇਵੀ ਦੀ ਬਗਾਵਤ ਦੀਆਂ ਗਲਾਂ ਉਤਪਲਦਤ ਨੇ ਆਪਣੇ ਨਾਟਕ 'ਕਲੋਲ' ਵਿੱਚ ਕੀਤੀਆਂ ਹਨ । ਉਹ ਨਾਟਕ ਕਲਕਤਾ ਵਿਚ ਥੀਏਟਰ ਦੇ ਮੰਚ ਉਤੇ ਹੈ ਤੇ (ਇਸ ਕਾਰਨ) ਉਤਪਲ ਜਿਹਲ ਵਿਚ ।

ਫਿਰ, ਲਿਖਾਂ ਤਾਂ ਕੀ ?...ਗੱਦਿਆਂ, ਕੋਚਾਂ, ਬੰਗਲਿਆਂ, ਕਾਰਾਂ, ਬੁਲੀ ਤੇ ਪਨੀਅਰ ਕੁਤਿਆਂ ਜਾਂ ਰੋਜ਼ ਨਵਾਂ ਬੁਆਏ ਫਰੈਂਡ ਲਭਣ ਵਾਲੀਆਂ ਹੁਸੀਨਾਂ ਦੀਆਂ ਗਲਾਂ ਲਿਖਾਂ । ਇਹਨਾਂ ਨਾਲ ਜਿਹਲ ਤੋਂ ਵੀ ਬਚਾਅ ਹੋ ਸਕਦਾ ਹੈ ਤੇ ਲਿਖਤ ਵੀ 'ਚੰਗੇ' ਘਰੀਂ ਪੜ੍ਹੀ ਜਾ ਸਕਦੀ ਹੈ । ਪਰ ਮੈਥੋਂ ਫਜ਼ੂਲ ਗਲਾਂ ਨਹੀਂ ਹੋ ਸਕਣੀਆਂ । ਮੈਂ ਕੁਝ ਦਾ ਗੰਦ, ਸਭ ਨੂੰ ਨਹੀਂ ਵੰਡ ਸਕਦਾ ! ਕੌਣ ਕਰੇ ਸਮਾਂ ਖਰਾਬ । 'ਨਾ ਕਰ ਸਮਾਂ ਖਰਾਬ, ਲਿਖ ਲੋਕਾਂ ਦੀਆਂ ਗਲਾਂ ਤੇ...ਨਹੀਂ, ਨਹੀਂ ਮੈਂ ਜਿਹਲ ਨਹੀਂ ਜਾਣਾ ।' ਉਹੋ, ਇਹ ਕਿਹੋ ਜਿਹੇ ਝੰਜਟ ਵਿਚ ਫਸ ਗਿਆ ਹਾਂ । ਮੱਨਾਂ ! ਛਡ ਇਸ ਪੁਆੜ ਨੂੰ ਖਬਰਾਂ ਇਕਠੀਆਂ ਕਰਨੀਆਂ ਹੀ ਠੀਕ ਨੇ ।

ਬਸ, ਮੈਂ ਖਬਰਾਂ ਇਕਠੀਆਂ ਕਰਨੀਆਂ ਨੇ, ਉਹ ਖਬਰਾਂ ਜਿਹਨਾਂ ਨੂੰ ਉਹ ਅਖਬਾਰਾਂ ਫਟਾ ਫਟ ਛਾਪਣ ਜਿਹਨਾਂ ਦੀ ਅਛਾਇਤ ਹਜ਼ਾਰਾਂ ਦੀ ਗਿਣਤੀ ਵਿਚ ਹੈ । ਜਿਹਨਾਂ ਦੇ ਹਫਤੇ ਵਿਚ ਨੰਗੀਆਂ ਤਸਵੀਰਾਂ ਵਾਲੇ ਦੋ ਤਿੰਨ ਐਡੀਸ਼ਨ ਨਿਕਲਦੇ ਨੇ । ਪਰ ਖਬਰ ਤਾਂ ਹੀ ਛਪੇਗੀ ਜੇ ਸਨ-ਸਨੀ ਖੇਜ਼ ਹੋਵੇ—ਹਾਂ ਸਨਸਨੀ ਖੇਜ਼ । ਸੱਚੀ ਝੂਠੀ ਦਾ ਕੋਈ ਸਬੰਧ ਨਹੀਂ ਬਸ ਪੜ੍ਹਣ ਵਾਲਿਆਂ ਦੇ ਰੌਂਗਟੇ ਖੜੇ ਹੋ ਜਾਣ ।

ਪਰ ਅਜ ਅਜਿਹੀ ਕੋਈ ਖਬਰ ਨਹੀਂ ਮਿਲ ਰਹੀ । ਪੱਤਰਕਾਰਾਂ ਦੀ ਵੀ ਅਜੀਬ ਦੁਨੀਆਂ ਹੈ । ਕੱਦੇ ਖਬਰਾਂ ਵਾਲੇ ਮਗਰ ਫਿਰਦੇ ਹਨ ਤੇ ਕੱਦੇ ਇਹ ਖਬਰਾਂ ਲਈ ਸੜਕਾਂ ਦੀ ਧੂੜ ਫਕਦੇ ਹਨ ।

—ਜਗੀਰ ਸਿੰਘ ਜਗਤਾਰ

— o —


ਬਰਤਾਨੀਆ ਵਿਚ ਰਹਿ ਰਹੇ ਪੰਜਾਬੀਆਂ ਨੂੰ

# ਸਿਰਜਣਾ

**ਸ੍ਰੀ ਅਵਤਾਰ ਜੌਹਲ; 27 ਗਰੇਥਮ ਰੋਡ**

ਸਮੈਥਿਕ-40 ਤੋਂ ਮਿਲ ਸਕਦਾ ਹੈ ।

ਚੰਦਾ ਸਮੁੰਦਰੀ ਡਾਕ—15 ਸ਼ਲਿੰਗ    ਹਵਾਈ ਡਾਕ—ਇਕ ਪੌਂਡ

ਤੁਸਾਂ ਲਿਖਿਆ :

## ਪ੍ਰਗਤੀਸ਼ੀਲ ਧਾਰਾ ਦਾ ਪੁਨਰ-ਸੰਗਠਨ

ਪਿਆਰੇ ਰਘਬੀਰ ਜੀ !

"ਸਿਰਜਣਾ" ਦੇ ਪਹਿਲੇ ਅੰਕ ਲਈ ਮੁਬਾਰਕਬਾਦ !.........

"ਪ੍ਰਗਤੀਵਾਦੀ ਧਾਰਾ ਦਾ ਪੁਨਰ ਸੰਗਠਨ' ਤੁਹਾਡੀ 'ਸਿਰਜਣਾ" ਦਾ ਉਦੇਸ਼ ਹੈ—ਨੇਕ ਉਦੇਸ਼ ਹੈ, ਪਰ ਉਦੇਸ਼ ਦੀ ਪੂਰਤੀ ਲਈ ਇਹ ਜ਼ਰੂਰੀ ਹੈ ਕਿ ਉਦੇਸ਼ ਦੀ ਰੂਪ ਰੇਖਾ ਅਤੇ ਉਹਦੇ ਤਸਵਰ ਬਾਰੇ ਸਪਸ਼ਟ ਹੋਇਆ ਜਾਵੇ । "ਪ੍ਰਗਤੀ ਵਾਦੀ ਧਾਰਾ ਦੇ ਪੁਨਰ-ਸੰਗਠਨ ਦੀ ਲੋੜ" ਮਹਿਸੂਸ ਕਰਨ ਦਾ ਅਰਥ ਹੈ, ਇਸ ਧਾਰਾ ਦਾ ਵਿਗਠਨ ਹੋ ਚੁਕਾ ਹੈ । "ਪਿਛੇ ਰਹਿ ਗਈ" ਜਾਂ "ਖੜੋਤ ਵਿਚ ਆ ਗਈ" ਕਹਿਕੇ ਆਪਣੇ ਮਨ ਨੂੰ ਤਸੱਲੀ ਦਿਤੀ ਜਾ ਸਕਦੀ ਹੈ, ਪਰ ਸੱਚਾਈ ਨੂੰ ਝੁਠਲਾਇਆ ਨਹੀਂ ਜਾ ਸਕਦਾ । ਇਸ ਲਈ ਇਸ ਸਵਾਲ ਦਾ ਕਿ "ਜਿਹੜੀ ਪ੍ਰਗਤੀਵਾਦੀ ਧਾਰਾ (ਜਾਂ ਅੰਦੋਲਨ ?) ਪੰਜਾਬੀ ਸਾਹਿੱਤ ਵਿਚ ਏਨੀ ਬਲਵਾਨ ਸੀ ਉਹਦਾ ਵਿਗਠਨ ਕਿਉਂ ਹੋਇਆ ?" ਦਾ ਸਹੀ ਜਵਾਬ ਲਭਣਾ ਸਾਡੇ ਲਈ ਬਹੁਤ ਜ਼ਰੂਰੀ ਅਤੇ ਪਹਿਲਾ ਕਮ ਹੋਣਾ ਚਾਹੀਦਾ ਹੈ । ਸਾਨੂੰ ਉਹਨਾਂ ਕਾਰਨਾਂ ਅਤੇ ਹਾਲਾਤ ਬਾਰੇ ਵੀ ਵਿਚਾਰ ਕਰਨੀ ਪਵੇਗੀ ਜਿਹੜੇ ਇਸ ਅੰਦੋਲਨ ਦੇ ਵਿਗਠਨ ਦਾ ਕਾਰਨ ਬਣੇ। ਅੱਜ ਦੇ ਹਾਲਾਤ ਵਿਚ ਇਸ ਧਾਰਾ ਦਾ "ਪੁਨਰ-ਸੰਗਠਨ" ਕਰਨ ਲਗਿਆਂ ਅੱਜੋਕੇ ਹਾਲਾਤ ਦਾ ਵਿਸ਼ਲੇਸ਼ਨ ਅਤੇ ਇਹ ਕਿਸ ਹਦ ਤਕ ਵਖਰੇ ਅਤੇ ਨਵੇਂ ਹਨ, ਇਹ ਜਾਣਨਾ ਹੋਰ ਵੀ ਜ਼ਰੂਰੀ ਹੈ ।

ਮੈਂ ਜ਼ਾਤੀ ਤੌਰ ਤੇ ਇਹ ਮਹਿਸੂਸ ਕਰਦਾ ਹਾਂ ਕਿ ਪ੍ਰਗਤੀਸ਼ੀਲ ਅੰਦੋਲਨ ਨ ਸਿਰਫ਼ ਵਿਗਠਤ ਹੋ ਚੁਕਾ ਹੈ, ਸਗੋਂ ਇਹ ਬੀਤੇ ਸਮੇਂ ਦਾ ਇਕ ਅੰਦੋਲਨ ਬਣ ਕੇ ਰਹਿ ਗਿਆ ਹੈ । ਪਰ ਇਸ ਦਾ ਮਹਤੱਵ ਸਾਡੇ ਲਈ ਇਸ ਲਈ ਹੈ ਕਿ ਪੰਜਾਬੀ ਸਾਹਿੱਤ ਨੂੰ ਇਸ ਨੇ ਇਕ ਵਿਸ਼ੇਸ਼ ਸੁਭਾਅ ਪ੍ਰਦਾਨ ਕੀਤਾ ਹੈ ਅਤੇ ਪੰਜਾਬੀ ਸਾਹਿਤ ਦੇ ਭਵਿਖ ਦੀ ਉਨਤੀ ਅਤੇ ਵਿਕਾਸ਼ ਦੀ ਰਾਹ ਨਿਸ਼ਚਿਤ ਕੀਤੀ ਹੈ । ਇਹ ਅੰਦੋਲਨ ਮਰ ਚੁਕਾ ਹੈ, ਪਰ ਇਸ ਅੰਦੋਲਨ ਦੀ ਵਿਚਾਰ ਧਾਰਾ ਪੰਜਾਬੀ ਸਾਹਿੱਤ ਦੇ ਸੁਭਾਅ ਵਿਚ ਰੱਚ ਕੇ ਅਜ ਵੀ ਜੀਉ ਦੀ ਹੈ । ਇਹੀ ਸੁਭਾਅ ਪੰਜਾਬੀ ਸਾਹਿੱਤ ਦੀਆਂ ਸਿਹਤਮੰਦ ਕਦਰਾਂ ਦਾ ਜ਼ਿਮੇਵਾਰ ਹੈ । ਅਤੇ ਇਹੀ ਕਾਰਨ ਹੈ ਕਿ ਪੰਜਾਬੀ ਸਹਿੱਤ ਗੈਰ-ਸਿਹਤ-ਮੰਦ ਰੁੱਚੀਆਂ ਦਾ ਉਸ ਹਦ ਤਕ ਸ਼ਿਕਾਰ ਨਹੀਂ ਹੋਇਆ, ਜਿਸ ਤਕ ਹੋਰ ਕਈ ਭਾਸ਼ਾਵਾਂ ਦਾ ਸਾਹਿਤ (ਜਿਹਨਾਂ ਵਿਚ ਇਹ

ਅੰਦੋਲਨ ਇਤਨਾ ਪ੍ਰਬਲ ਨਹੀਂ ਸੀ)। ਜਿਥੇ ਇਹ ਰੁੱਚੀਆਂ ਹੋਰਨਾਂ ਸਹਿੱਤਾਂ ਵਿਚ ਬੇ ਹਿਸਾਬੀ ਮਾਤਰਾ ਵਿਚ ਵਧੀਆਂ ਹਨ, ਉਥੇ ਪੰਜਾਬੀ ਸਾਹਿੱਤ ਨੇ ਇਹਨਾਂ ਗੈਰ-ਸਿਹਤ-ਮੰਦ ਰੁੱਚੀਆਂ ਨੂੰ ਪ੍ਰਵਾਨ ਨਹੀਂ ਚੜ੍ਹਨ ਦਿਤਾ। ਇਹ ਪ੍ਰਗਤੀਸ਼ੀਲ ਅੰਦੋਲਨ ਦੀ ਹੀ ਦੇਣ ਹੈ।

ਹੁਣ ਸਵਾਲ ਉਠਦਾ ਹੈ ਕਿ ਏਸ "ਵਿਗਠਤ ਹੋ ਚੁਕੀ" ਧਾਰਾ ਦਾ "ਪੁਨਰ-ਸੰਗਠਨ" ਕਿਵੇਂ ਤੇ ਕਿਹੜੀਆਂ ਲੀਹਾਂ ਤੇ ਕੀਤਾ ਜਾਵੇ ? ਕੀ ਇਸਦਾ ਅੰਦੋਲਨ ਦੇ ਰੂਪ ਵਿਚ ਪੁਨਰ-ਸੰਗਠਨ ਜ਼ਰੂਰੀ ਹੈ? ਕੀ ਅਜ ਦੇ ਹਾਲਾਤ ਵਿਚ ਇਹ ਪੁਨਰ ਸੰਗਠਨ ਸਭੰਵ ਹੈ ? ਉਹ ਕਿਹੜੇ ਹਾਲਾਤ ਅਤੇ ਕਾਰਨ ਹਨ ਜਿਨ੍ਹਾਂ ਨੇ ਇਸ ਦਾ ਵਿਗਠਨ ਕੀਤਾ ? ਅਤੇ ਜੇ ਉਹ ਹਾਲਾਤ ਅਜੇ ਕਾਇਮ ਹਨ ਤਾਂ ਇਸ ਪੁਨਰ-ਸਗੰਠਨ ਦਾ ਰੂਪ ਕੀ ਹੋਣਾ ਚਾਹੀਦਾ ਹੈ ?

ਇਹਨਾਂ ਸਵਾਲਾਂ ਦਾ ਜਵਾਬ ਹਾਸਲ ਕਰਨ ਲਈ ਸਾਨੂੰ ਪ੍ਰਗਤੀਸ਼ੀਲ ਅੰਦੋਲਨ ਦੇ ਇਤਿਹਾਸ ਨੂੰ ਗਹੁ ਨਾਲ ਵਾਚਣਾ ਪਏਗਾ। ਤੇ ਨਾਲ ਹੀ ਇਹ ਵੀ ਤਹਿ ਕਰਨਾ ਪਵੇਗਾ ਕਿ ਪ੍ਰਗਤੀਸ਼ੀਲ ਸਾਹਿੱਤ ਹੈ ਕੀ ? ਕੀ ਪ੍ਰਗਤੀਸ਼ੀਲ ਸਾਹਿੱਤ ਉਹੀ ਹੈ ਜਿਸ ਵਿਚ ਕਿਸਾਨ ਮਜ਼ਦੂਰ, ਇਨਕਲਾਬ, "ਤਿਲੰਗਾਨਾ ਦੇ ਲਾਵੇ", ਜਾਂ ਲਾਲ ਝੰਡੇ ਦਾ ਜ਼ਿਕਰ ਅਤੇ ਨਾਅਰਾ ਹੋਵੇ ? ਮੈਂ ਇਸ ਸਵਾਲ ਨੂੰ ਇਥੇ ਛੇੜਨਾ ਨਹੀਂ ਚਾਹੁੰਦਾ ਕਿਉਂਕਿ ਇਹ ਇਕ ਲੰਮੀ ਬਹਿਸ ਦਾ ਤਲਬਗਾਰ ਹੈ।

ਆਜ਼ਾਦੀ ਤੋਂ ਪਹਿਲਾਂ ਪ੍ਰਗਤੀਸ਼ੀਲ ਅੰਦੋਲਨ ਦੇ ਝੰਡੇ ਥੱਲੇ ਆਏ ਸਾਰੇ ਲੇਖਕ ਸਮਾਜਵਾਦੀ ਜਾਂ ਸਾਮਵਾਦੀ ਲੇਖਕ ਨਹੀਂ ਸਨ! ਇਹਨਾਂ ਵਿਚ ਉਹ ਸਾਰੇ ਭਿੰਨ ਭਿੰਨ ਵਿਚਾਰਧਾਰਾਵਾਂ ਦੇ ਲੇਖਕ ਸਨ ਜਿਹੜੇ ਦੇਸ ਦੀ ਆਜ਼ਾਦੀ ਦੇ ਘੋਲ ਵਿਚ ਆਪਣਾ ਹਿੱਸਾ ਪਾਉਣਾ ਚਾਹੁੰਦੇ ਹਨ। ਇਥੋਂ ਤਕ ਕਿ ਇਸ ਅੰਦੋਲਨ ਨੂੰ ਸਰਮਏਦਾਰ ਤਬਕੇ ਦੀ ਹਮਾਇਤ ਵੀ ਹਾਸਲ ਸੀ। ਆਜ਼ਾਦੀ ਤੋਂ ਬਾਦ ਪ੍ਰਗਤੀਸ਼ੀਲ ਅੰਦੋਲਨ ਦਾ ਨਿਰੋਲ ਸਿਆਸੀ ਅਤੇ ਇਕ ਵਿਸ਼ੇਸ਼ ਸਿਆਸੀ ਪਾਰਟੀ ਵਲ ਝੁਕਾਅ ਇਸ ਅੰਦੋਲਨ ਨਾਲੋਂ ਕਿਤਨੇ ਹੀ ਇਹੋ ਜਿਹੇ ਲੇਖਕਾਂ ਨੂੰ ਨਿਖੇੜਨ ਦਾ ਜ਼ਿੰਮੇਵਾਰ ਸੀ ਜਿਹੜੇ ਮਨੁਖੀ ਜੀਵਨ ਦੀਆਂ ਸਿਹਤਮੰਦ ਕਦਰਾਂ ਦੇ ਹਾਮੀ ਤਾਂ ਸਨ ਅਤੇ ਆਪਣੇ ਸਾਹਿੱਤ ਵਿਚ ਉਹਨਾਂ ਦਾ ਪ੍ਰਤਿ-ਪਾਦਨ ਵੀ ਕਰਦੇ ਸਨ ਪਰ ਉਹ ਕਿਸੇ ਪਾਰਟੀ ਲਈ ਪੈਂਮਫਲਟ ਬਾਜ਼ੀ ਜਾਂ ਨਾਅਰੇ ਬਾਜ਼ੀ ਲਈ ਤਿਆਰ ਨਹੀਂ ਸਨ। ਇਸ ਤੋਂ ਉਲਟ ਜਿਹਨਾ ਲੇਖਕਾਂ ਨੇ ਇਸ ਰੋਲ ਨੂੰ ਸਵੀਕਾਰ ਕੀਤਾ ਉਹ ਇਕੋ ਰਾਮ-ਕਾਰ ਵਿਚ ਘਿਰਕੇ ਦਮ ਤੋੜ ਗਏ। ਨਤੀਜ : ਉਸ ਦੌਰ ਦਾ ਉਹ ਮਣਾਂ-ਮੂੰਹੀ "ਸਾਹਿੱਤ" ਹੈ ਜਿਸਨੂੰ ਅਜ ਕੋਈ ਰੱਦੀ ਦੇ ਭਾਅ ਵੀ ਖ੍ਰੀਦਣ ਲਈ ਤਿਆਰ ਨਹੀਂ। ਸਹਿੱਤਕਾਰ ਦੇ ਸਮਾਜਵਾਦੀ, ਸਾਮਵਾਦੀ ਜਾਂ ਕੋਈ ਹੋਰ ਵਾਦੀ ਹੋਣ ਦੇ ਮੈਂ ਵਿਰੁਧ ਨਹੀਂ ਪਰ ਸਾਹਿੱਤਕਾਰ ਬੁਨਿ–ਆਦੀ ਤੌਰ ਤੇ ਸਾਹਿਤਕਾਰ ਹੈ। ਉਹ ਕਿਸੇ ਵਾਦ ਦਾ ਵਾਦੀ ਭਾਵੇਂ ਹੋਵੇ ਪਰ ਉਸ ਵਾਦ ਦਾ ਢੰਡੋਰਾ ਪਿਟਦੀ ਕਿਸੇ ਪਾਰਟੀ ਦਾ ਜਦੋਂ ਉਹ ਢੋਲ ਪਿਟਣ ਲਗਦਾ ਹੈ ਤਾਂ ਉਹ ਉਸ "ਵਾਦ" ਨੂੰ ਤੰਗ ਦਾਇਰੇ ਵਿਚ ਫਸ ਕੇ ਵਿਸ਼ਾਲਤਾ ਤਿਆਗ ਬੈਠਦਾ ਹੈ। ਸਿਆਸੀ ਪਾਰਟੀਆਂ ਦੇ ਪੈਂਮਫਲਟ ਅਤੇ ਮੈਨੀਫੈਸਟੋ ਨਾਂ ਤਾਂ ਸਾਹਿਤ ਹੀ ਹਨ ਅਤੇ ਨਾ ਹੀ ਕਲਾ ਦੀ ਕੋਈ ਮੰਗ ਪੂਰੀ ਕਰਦੇ ਹਨ, ਕਿਸੇ ਪਾਰਟੀ ਦਾ ਹਿਤ ਭਾਵੇ ਹੀ ਪੂਰਦੇ ਹੋਣ। ਸਾਹਿੱਤ ਵਿਚ ਇਹਨਾਂ ਦੀ ਬਹੁਲਤਾ ਸਾਹਿੱਤ ਰਸੀਆਂ ਨੂੰ ਸਾਹਿੱਤ ਤੋਂ ਉਪਰਾਮ ਕਰਨ ਦੀ ਜ਼ਿਮੇਵਾਰ ਹੁੰਦੀ ਹੈ ਤੇ ਇਸ ਵਿਚ ਹੈਰਾਨ ਹੋਣ ਵਾਲੀ ਕੋਈ ਗਲ ਨਹੀਂ ਕਿ ਇਸ ਉਪਰਾਮਤਾ ਤੋਂ ਉਪਜੇ ਵੈਕੂਇਮ ਤੋਂ ਕੁਝ ਮੌਕਾ ਪ੍ਰਸਤ ਲਾਭ ਉਠਾਣ ਦਾ ਜਤਨ

ਕਰਨ। ਇਹ ਪੰਜਾਬੀ ਸਾਹਿੱਤ ਵਿਚ ਵੀ ਹੋਇਆ ਹੈ ਅਤੇ ਹੋਣਾ ਸੁਭਾਵਕ ਹੀ ਸੀ, ਅਤੇ ਇਸ ਦੀ ਜ਼ਿੰਮੇਵਾਰ ਉਹ ਉਪਰਾਮਤਾ ਅਤੇ ਵੈਕੂਇਮ ਹੈ ਜਿਸ ਨੂੰ ਪ੍ਰਗਤੀਸ਼ੀਲ ਅੰਦੋਲਨ ਨੇ ਪੈਦਾ ਕੀਤਾ ਸੀ। ਸ਼ਾਂਤ ਮਾਹੌਲ ਵਿਚ ਥੋੜਾ ਜਿੰਨਾ ਉੱਚਾ ਬੋਲ ਕੇ ਲੋਕਾਂ ਦਾ ਧਿਆਨ ਖਿਚਿਆ ਜਾ ਸਕਦਾ ਹੈ। (ਜੇ ਇਹ ਨਾ ਹੁੰਦਾ ਤਾਂ ਡੁਗਡੁਗੀ ਵਜਾਣ ਵਾਲੇ ਮਦਾਰੀ ਵਿਚਾਰੇ ਭੁਖੇ ਹੀ ਮਰ ਜਾਂਦੇ।)

ਇਸ ਤੋਂ ਇਲਾਵਾ ਇਸ ਅੰਦੋਲਨ ਦੇ ਵਿਗਠਨ ਦਾ ਕਾਰਨ ਇਸ ਅੰਦੋਲਨ ਦੇ ਨੇਤਾਵਾਂ ਦਾ ਕਟੜ-ਪੰਥੀ ਨਜ਼ਰੀਆ ਵੀ ਜ਼ਿੰਮੇਵਾਰ ਹੈ। ਇਹ ਅਜੀਬ ਗਲ ਹੈ ਆਪਣੇ ਆਪ ਨੂੰ "ਪ੍ਰਗਤੀਸ਼ੀਲ" ਅਤੇ ਚੇਤੰਨ ਸਮਝਣ ਵਾਲਾ ਸਾਹਿੱਤਕਾਰ ਵਰਗ ਇਸ ਕਟੜ-ਪੰਥੀ, ਤੰਗ-ਨਜ਼ਰੀ ਅਤੇ ਅੰਧਵਿਸ਼ਵਾਸ਼ ਦਾ ਸ਼ਿਕਾਰ ਹੋ ਜਾਵੇ। ਅਤੇ ਨਵੇਂ ਹਾਲਾਤ ਦੀਆਂ ਨਵੀਆਂ ਮੰਗਾਂ ਨੂੰ ਸਮਝਣੋਂ ਅਸਮਰਥ ਹੋ ਜਾਵੇ। ਹਾਲਾਤ ਇਸ ਗਲ ਦੀ ਉਡੀਕ ਨਹੀਂ ਕਰਦੇ ਕਿ ਉਹਨਾਂ ਨੂੰ ਸਮਝ ਲਿਆ ਜਾਵੇ ਤਾਂ ਹੀ ਉਹ ਬਦਲਣ, ਸਗੋਂ ਉਹ ਤਾਂ ਆਪਣੀ ਤੋਰ ਤੁਰਦੇ ਰਹਿੰਦੇ ਹਨ। ਉਹਨੂੰ ਸਮਝਣ ਦੀ ਕੋਸ਼ਿਸ਼ ਨ ਕਰਨ ਅਤੇ ਸਵੀਕਾਰ ਨ ਕਰਨ ਵਾਲੇ ਨਿਸ਼ਚੇ ਹੀ ਪਿਛੇ ਰਹਿ ਜਾਣਗੇ। "ਪ੍ਰਗਤੀਸ਼ੀਲ ਧਾਰਾ ਦੇ ਪਿਛੇ ਰਹਿ ਜਾਣ" ਦਾ ਵੀ ਇਹੋ ਕਟੜ-ਪੰਥੀ ਅਤੇ ਤੰਗ-ਨਜ਼ਰੀ ਦਾ ਰਵਈਆ ਹੀ ਜ਼ਿੰਮੇਵਾਰ ਹੈ......

ਇਹਨਾਂ ਸਾਰੀਆਂ ਗੱਲਾਂ ਨੂੰ ਮੁਖ ਰਖਦਿਆਂ ਸਵਾਲ ਉਠਦਾ ਹੈ ਕਿ ਪ੍ਰਗਤੀਸ਼ੀਲ ਅੰਦੋਲਨ ਦਾ ਪੁਨਰ ਸੰਗਠਨ ਕਿਵੇਂ ਤੇ ਕਿਹੜੀਆਂ ਲੀਹਾਂ ਤੇ ਹੋਣਾ ਚਾਹੀਦਾ ਹੈ? ਅਤੇ ਉਹਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਕੀ ਹਨ? ਮੈਂ ਪਹਿਲਾਂ ਆਖ ਚੁਕਾ ਹਾਂ, ਅੰਦੋਲਨ ਦੇ ਰੂਪ ਵਿਚ ਨ ਤਾਂ ਇਹ ਜ਼ਰੂਰੀ ਹੀ ਹੈ ਅਤੇ ਨ ਹੀ ਸੰਭਵ। ਹਾਂ, ਇਸ ਪੁਨਰ-ਸੰਗਠਨ ਦਾ ਇਕ ਰੂਪ ਨ ਸਿਰਫ ਸੰਭਵ ਹੈ ਸਗੋਂ ਸਾਹਿੱਤ ਦੇ ਸਿਹਤਮੰਦ ਵਿਕਾਸ ਲਈ ਜ਼ਰਰੀ ਵੀ ਹੈ—ਪ੍ਰਗਤੀਸ਼ੀਲ ਅੰਦੋਲਨ ਨੇ ਜਿਸ ਵਿਚਾਰਧਾਰਕ ਇਕਸਾਰਤਾ ਨੂੰ ਜਨਮ ਦਿਤਾ ਸੀ, ਉਹ ਇਹਦੇ ਵਿਗਠਨ ਨਾਲ ਭੰਗ ਹੋ ਚੁਕੀ ਹੈ। ਵਿਭਿੰਨ ਵਿਚਾਰਧਾਰਾਵਾਂ ਦਾ ਪ੍ਰਚਲਨ ਸਾਡੇ ਸਾਹਮਣੇ ਹੈ। ਇਹਨਾਂ ਵਿਚ ਸਿਹਤ-ਮੰਦ, ਗ਼ੈਰ-ਸਿਹਤ-ਮੰਦ, ਮੌਕਾ-ਪ੍ਰਸਤ ਅਤੇ ਸਵੈ-ਹਿੱਤ-ਪ੍ਰਸਤ (ਇਕ ਜਾਂ ਇਕ ਗਰੁਪ ਦਾ ਹਿੱਤ) ਆਦਿ ਕਈ ਕਿਸਮ ਦੀਆਂ ਧਾਰਾਵਾਂ ਅਤੇ ਰੁੱਚੀਆਂ ਹਨ। ਇਹਨਾਂ ਸਾਰੀਆਂ ਰੁੱਚੀਆਂ ਦਾ ਸਿਧਾਂਤਕ ਅਤੇ ਵਿਚਾਰਧਾਰਕ ਪਧਰ ਤੇ ਵਿਸ਼ਲੇਸ਼ਣ ਅਤੇ ਗ਼ੈਰ-ਸਿਹਤਮੰਦ ਰੁੱਚੀਆਂ ਦਾ ਸਿਧਾਂਤਕ ਪਧਰ 'ਤੇ ਹੀ ਮੁਕਾਬਲਾ ਕਰਨ ਦੀ ਲੋੜ ਹੈ। ਸਿਧਾਂਤਕ ਪਧਰ 'ਤੇ ਇਹਨਾਂ ਵਿਭਿੰਨ ਰੁੱਚੀਆਂ ਦਾ ਟਕਰਾਅ ਅਤੇ ਉਹਦੇ 'ਚੋਂ ਉਪਜੀ ਬਹਿਸ ਕਈ ਮਸਲਿਆਂ ਨੂੰ ਸਾਫ ਕਰਨ ਵਿਚ ਮਦਦ ਕਰੇਗੀ। "ਸਿਰਜਣਾ" ਇਸ ਕੰਮ ਨੂੰ ਕਰ ਸਕੇ ਤਾਂ ਖੁਸ਼ੀ ਦੀ ਗਲ ਹੋਵੇਗੀ।.........

—ਐਸ. ਸਵਰਨ

— ੦ —

## ਵਿਚਾਰ-ਧਾਰਾ ਤੇ ਕਲਾ ਕੌਸ਼ਲ

'ਸਿਰਜਨਾ' ਆਗਮਨ ਨੇ ਜਿਹੜੀਆਂ ਸੰਭਾਵਨਾਵਾਂ ਦੀ ਪੂਰਤੀ ਦੀ ਆਸ਼ਾ ਦਿਵਾਈ ਸੀ ਉਹ ਅਧ ਪਚੱਧੀ ਹੀ ਪੂਰੀ ਹੋਈ ਹੈ। ਮੰਤਵ ਸਿਰਫ ਇਹ ਨਹੀਂ ਕਿ ਪ੍ਰਗਤੀਵਾਦੀ ਸਾਹਿੱਤ ਦਾ ਪੁੱਨਰ ਸੰਗਠਨ ਹੋਣਾ ਚਾਹੀਦਾ ਹੈ ਸਗੋਂ ਇਹ ਹੈ ਕਿ ਪ੍ਰਗਤੀਵਾਦੀ ਸਾਹਿੱਤ ਨੂੰ ਨਵੀਂ ਪ੍ਰੀਵਰਤਤ ਸਥਿਤੀ ਦੀ ਵੰਗਾਰ ਨੂੰ ਨਜਿਠਣ ਦਾ ਸਮਰਥ ਬਣਾਇਆ ਜਾਏ। ਜੇ ਆਧੁਨਿਕਤਾ ਦੇ ਨਾਅਰੇ ਹੇਠ ਪ੍ਰਚਲਤ

ਰੁਚੀਆਂ ਨੇ ਵੰਗਾਰਿਆ ਹੈ ਤਾਂ ਸਾਨੂੰ ਏਸ ਵੰਗਾਰ ਨੂੰ ਆਧੁਨਿਕਤਾ ਦੇ ਖੇਤਰ ਵਿੱਚ ਹੀ ਪਛਾਣਨਾ ਪਵੇਗਾ ਨਾ ਕਿ ਨਿਰੋਲ ਜਥੇਬੰਧਕ ਅਤੇ ਸਾਂਝੀ ਵਿਚਾਰਧਾਰਾ ਦੇ ਭਰਾਤਰੀ-ਭਾਵ ਦੀ ਸ਼ਕਤੀ ਦੇ ਆਧਾਰ ਤੇ। 'ਸਿਰਜਨਾ' ਦਾ ਪਹਿਲਾ ਅੰਕ ਏਸ ਗੱਲੋਂ ਕੀਤੇ ਵਾਅਦੇ ਨੂੰ ਘੱਟ ਤੋਂ ਘੱਟ ਕਵਿਤਾ ਦੇ ਖੇਤਰ ਵਿੱਚ ਬਿਲਕੁਲ ਪੂਰਾ ਨਹੀਂ ਕਰਦਾ ਕਿਉਂਕਿ ਬਹੁਤੀਆਂ ਕਵਿਤਾਵਾਂ ਉਨ੍ਹਾਂ ਪ੍ਰਗਟਾ ਢੰਗਾਂ ਅਰਥਾਤ ਬਿੰਬਾਂ, ਅਲੰਕਾਰਾਂ ਆਦਿ ਨਾਲ ਲੱਦੀਆਂ ਪਈਆਂ ਹਨ ਜਿਹੜੇ ਆਪਣੀਆਂ ਕਾਵਿਕ ਸੰਭਾਵਨਾਵਾਂ ਨੂੰ ਪੂਰੀ ਤਰ੍ਹਾਂ ਵਰਤਕੇ ਸਖਣੇ ਹੋ ਚੁਕੇ ਹਨ। ਜਾਪਦਾ ਇਹ ਹੈ ਕਿ ਅਸੀਂ ਏਸ ਖੇਤਰ ਵਿੱਚ ਬਹੁਤਾ ਕੁਝ ਨਹੀਂ ਸਿਖ ਸਕੇ। ਉਹ ਸਿਥਲਤਾ ਜਿਸ ਵਲ ਸੰਪਾਦਕੀ ਵਿੱਚ ਇਸ਼ਾਰਾ ਕੀਤਾ ਗਿਆ ਹੈ ਉਹ ਸਿਥਲਤਾ ਕਵਿਤਾ ਦੇ ਖੇਤਰ ਵਿਚ ਟੁਟਦੀ ਨਹੀਂ ਜਾਪਦੀ।

ਕਵੀ ਜਦੋਂ ਕਲਾ ਸਮਰਥਾ ਨੂੰ ਵਿਕਸਿਤ ਕਰਨ ਤੋਂ ਕੰਨੀ ਕਤਰਾਂਦਾ ਹੈ ਤੇ ਸਟਾਕ ਫਰੇਜ਼ਿਗ ਵਰਤ ਕੇ ਮਰਯਾਦਾ ਬੱਧ ਹੋ ਜਾਂਦਾ ਹੈ ਤਾਂ ਸਿਥਿਲਤਾ ਆ ਜਾਣੀ ਜ਼ਰੂਰੀ ਹੈ। ਮੈਂ ਏਸ ਗਲ ਨਾਲ ਸਹਿਮਤ ਨਹੀਂ ਕਿ ਕ੍ਰਾਂਤੀਕਾਰੀ ਸ਼ਕਤੀਆਂ ਨੂੰ ਢਾਹ ਲਗਣ ਕਾਰਨ ਪ੍ਰਗਤੀਵਾਦੀ ਸਾਹਿਤ ਪ੍ਰੰਪਰਾ ਵਿਚ ਸਿਥਿਲਤਾ ਆ ਗਈ ਸਗੋਂ ਮੇਰੇ ਵਿਚਾਰ ਵਿੱਚ ਸਾਡੇ ਸਾਹਿਤਕਾਰ ਬਦਲਦੀ ਸਥਿਤੀ ਦੀ ਵੰਗਾਰ ਨੂੰ ਨਾ ਸਮਝਣ ਕਾਰਨ ਅਤੇ ਉੱਚ ਕਲਾ ਵਿੱਚ ਵਿਅਤਿਤਵ ਦੀ ਅਵੱਸ਼ਕਤਾ ਨੂੰ ਅਖੋਂ ਉਹਲੇ ਕਰਕੇ ਚਲਦੀ-ਕਾਵਿਧਾਰਾ ਦੀ ਮਰਯਾਦਾ ਅਧੀਨ ਵਿਅਤਿਤਵ ਤੇ ਪ੍ਰੀਸ਼ਰਮ ਨੂੰ ਤਿਆਗਣ ਸਦਕਾ ਇਸ ਸਿਥਲਤਾ ਦਾ ਸ਼ਿਕਾਰ ਹੋਏ ਹਨ। ਕਲਾਕਾਰ ਦੀ ਕਲਾ ਸਮਰਥ ਦਾ ਸ਼ਕਤੀਸ਼ਾਲੀ ਹੋਣਾ ਮਢੱਲੀ ਲੋੜ ਹੈ।

ਦੂਜੇ ਪਾਸੇ ਆਧੁਨਿਕਤਾ ਦਾ ਢੰਡੋਰਾ ਪਿਟੱਣ ਵਾਲੇ ਕਿੰਨੇ ਕੁ ਆਧੁਨਿਕ ਹਨ ਇਸਦਾ ਪਟ-ਮਾਨ ਸਾਡੇ ਆਧੁਨਿਕ ਮਨੁਖ ਦੀ ਮਾਨਸਕ ਬਣਤਰ ਅਤੇ ਇਹਦੇ ਮੁਢਲੇ ਕਾਰਨਾਂ ਤੇ ਲਛਣਾਂ ਦਾ ਨਿਰਨਾ ਹੀ ਕਰੇਗਾ ਪਛਮੀ ਸਾਹਿਤ ਵਿਚੋਂ ਟੂਕਾਂ ਕਢਕੇ ਜਾਂ ਪਛਮੀ ਪੁਸਤਕਾਂ ਵਿੱਚ ਦਿੱਤੇ ਵਿਚਾਰਾਂ ਨੂੰ ਪੰਜਾਬੀ ਰੂਪ ਦੇ ਕੇ ਆਧੁਨਿਕਤਾ ਦਾ ਮਖੌਟਾ ਚੜ੍ਹਾ ਕੇ ਪ੍ਰਦਰਸ਼ਨੀ ਕਰਨੀ ਅਜ ਦੀ ਆਧੁਨਿਕਤਾ ਦਾ ਮੁਖ ਲਛਣ ਹੈ। ਅਸਲ ਵਿਚ ਅਜਿਹੇ ਸਾਹਿਤਕਾਰ ਹਰ ਸਮੇਂ ਖੜਤਾਲਾਂ ਲਈ ਖੜੋਤੇ ਨਜ਼ਰ ਆਉਂਦੇ ਹਨ ਤੇ ਹਰ ਪ੍ਰਯ ਧਾਰਾ ਦਾ ਗੁਣ ਗਾਇਣ ਕਰ ਸਕਣ ਦੀ ਸਮਰਥਾ ਰਖਦੇ ਹਨ। ਸ਼ਾਇਦ ਇਹ ਸਾਡੇ ਪ੍ਰਚਲਤ ਵਿਵਿਹਾਰ ਦਾ ਲਛਣ ਹੈ ਜੋ ਸਾਹਿਤ ਵਿੱਚ ਵੀ ਪਰਗਟ ਹੋਇਆ ਹੈ। ਪੰਜ ਸਾਲਾ ਯੋਜਨਾਵਾਂ ਤੇ ਸਰਕਾਰੀ ਸੰਸਥਾਵਾਂ ਵਲੋਂ ਕਰਵਾਏ ਜਾਂਦੇ ਘਟੀਆ ਪ੍ਰੋਗਰਾਮ ਏਸ ਵਿਵਹਾਰ ਨੂੰ ਹੋਰ ਦ੍ਰਿੜ ਕਰਵਾਂਦੇ ਹਨ ਤੇ ਆਰਥਕ ਮੰਦਹਾਲੀ ਨਾਲ ਰਲ ਕੇ ਏਸ ਅਵਸਥਾ ਨੂੰ ਬਦਲਣ ਦਾ ਰਾਹ ਰੋਕੀ ਖੜੇ ਹਨ। ਚਾਪਲੂਸੀ ਕਰਦਾ ਸਾਹਿਤਕਾਰ ਆਪਣੀ ਅੰਤਿਹਕਰਣ ਦੀ ਸੁਤੰਤਰਤਾ ਨੂੰ ਗੁਆ ਕੇ ਆਧੁਨਿਕਤਾ ਦੀ ਨਿਪੁੰਸਿਕਤਾ ਦਾ ਸਹਾਰਾ ਲੈਂਦਾ ਹੈ।

ਅੰਤ ਵਿਚ ਮੈਂ ਕਹਾਂਗਾ ਕਿ ਪ੍ਰਗਤੀ ਵਾਦੀ ਸਾਹਿਤਕ ਲਹਿਰ ਇਸ ਲਹਿਰ ਦੇ ਅਨੁਯਾਈਆਂ ਦੀ ਕਲਾ ਸਮਰਥਾ ਸਦਕਾ ਹੀ ਨਵੀਂ ਵੰਗਾਰ ਨੂੰ ਨਜਿਠ ਸਕੇਗੀ ਨਿਰੀ ਵਿਚਾਰ ਧਾਰਾ ਦੀ ਸ਼ਕਤੀ ਹੀ ਉੱਚਕਲਾ ਦੀ ਉਪਜ ਨਹੀਂ ਕਰ ਸਕਦੀ।

ਸਿਰਜਨਾ ਵਿਚ ਛਪੀਆਂ ਕਹਾਣੀਆਂ, ਲੇਖ ਤੇ ਪੁਸਤਕ ਪੜਚੋਲ ਸ਼ਾਇਦ ਏਸ ਧਾਰਾ ਦਾ ਮਾਰਗ ਸਪਸ਼ਟ ਕਰਨ ਵਲ ਸਹਾਇਤਾ ਦੇਵੇ । ਆਸ ਰਖਦਾ ਹਾਂ ਅਗਲਾ ਅੰਕ ਏਸ ਪਾਸੇ ਵਲ ਦ੍ਰਿੜ ਸੰਕੇਤ ਦੇਵੇਗਾ ।

—ਅਮਰਜੀਤ ਸਿੰਘ

— o —

ਪਰਚਾ ਮਿਲਿਆ ਹੈ । ਅਜ ਦੇ ਦੌਰ ਵਿਚ ਅਗਾਂਹ ਵਧੂ ਸਾਹਿਤ ਦੀ ਪ੍ਰਤੀਨਿਧਤਾ ਕਰਨ ਵਾਲਾ ਪਰਚਾ ਕੱਢ ਕੇ ਤੁਸੀਂ ਵੱਡਾ ਹੰਭਲਾ ਮਾਰਿਆ ਹੈ । ਮੇਰੀ ਦਿਲੀ ਮੁਬਾਰਕਬਾਦ ਕਬੂਲ ਕਰਨੀ । ਜੇ ਇਹ ਪਰਚਾ ਕੁਝ ਦਿਰ ਚਲਦਾ ਰਿਹਾ ਤਾਂ ਆਸ ਕੀਤੀ ਜਾ ਸਕਦੀ ਹੈ ਕਿ ਪੰਜਾਬੀ ਵਿਚ ਉਸੇ ਪੈਮਾਨੇ ਤੇ ਸਹੀ ਅਤੇ ਸਿਹਤਮੰਦ ਕਦਰਾਂ ਕੀਮਤਾਂ ਵਾਲੇ ਸਾਹਿੱਤ ਦੀ ਸਿਰਜਣਾ ਹੋਣ ਲਗੇਗੀ, ਜਿਸ ਪੈਮਾਨੇ 'ਤੇ ਕੁਝ ਸਾਲ ਪਹਿਲਾ ਤਕ ਹੁੰਦੀ ਰਹੀ ਸੀ, ਤੇ ਅਜ ਜੋ ਬਹੁਤ ਸਾਰੇ ਲੇਖਕ— ਖਾਸਕਰ ਕਵੀ – ਆਪਣੇ ਬੀਮਾਰ ਮਨਾਂ ਦੀ ਗੰਦਗੀ ਨੂੰ ਸਾਹਿੱਤ ਵਿਚ ਉਗੱਲ ਰਹੇ ਹਨ ਤੇ ਵਖ ਵਖ ਵਾਦਾਂ ਦੇ ਨਾਂ 'ਤੇ ਉਸ ਨੂੰ ਪਰਵਾਨ ਕਰਵਾਉਣ ਦੇ ਹਾਸੋ ਹੀਣੇ ਜਤਨ ਕਰ ਰਹੇ ਹਨ, ਉਹ ਜਾਂ ਤਾਂ ਆਪਣੀ ਭਟਕਣਾ ਛਡ ਕੇ ਪੰਜਾਬੀ ਸਾਹਿੱਤ ਦੀ ਅਗਾਹਵਧੂ ਪਰੰਪਰਾ ਨਾਲ ਜੁੜ ਜਾਣਗੇ, ਜਾਂ ਫੇਰ ਛੇਕੇ ਜਾਣਗੇ । ਹਾਂ, ਇਹ ਤਸੱਲੀ ਉਹਨਾਂ ਨੂੰ ਜ਼ਰੂਰ ਹੋ ਸਕਦੀ ਹੈ ਕਿ ਸਾਹਿੱਤ ਦੇ ਇਤਿਹਾਸ ਵਿਚ ਉਹਨਾਂ ਦੇ ਨਾਂ ਮਿਟਾਏ ਨਹੀਂ ਜਾ ਸਕਣਗੇ ਤੇ ਜ਼ਿਕਰ ਹੋਵੇਗਾ ਕਿ ਕਦੇ ਪੰਜਾਬੀ ਵਿਚ ਹਿੰਦੀ, ਬੰਗਾਲੀ ਤੇ ਬਦੇਸੀ ਸਾਹਿੱਤ ਦੇ ਪਿਛਾਂਹਖਿਚੂ ਅਨਸਰਾਂ ਤੋਂ ਅੰਨ੍ਹੇਵਾਹ ਪਰਭਾਵਤ ਹੋ ਕੇ ਇਹੋ ਜਿਹਾ ਸਾਹਿੱਤ ਰਚਿਆ ਗਿਆ ਸੀ, ਜਿਸ ਵਿਚ ਲੇਖਕ ਸਮਾਜ ਨਾਲੋਂ ਟੁੱਟਾ ਹੋਇਆ ਵਿਅਕਤੀ ਸੀ ਤੇ ਲੋਕਾਂ ਦੇ ਦੁੱਖਾਂ-ਦਰਦਾਂ ਵਲੋਂ ਲਾਪਰਵਾਹ, ਅਤੇ ਆਪਣੀ ਇਕੱਲ, ਘੁਟਨ, ਲਾਚਾਰੀ ਤੇ ਭਟਕਣਾ ਦਾ ਸਵਾਦ ਮਾਣਦਾ ਹੋਇਆ ਉਸ ਨੂੰ glorify ਕਰਦਾ ਸੀ ।

ਪੰਜਾਬੀ ਸਾਹਿੱਤ ਵਿਚ ਪੈਦਾ ਹੋਏ ਗਲਤ ਤੇ ਢਾਊ ਕਿਸਮ ਦੇ ਰੁਝਾਨਾਂ ਦਾ ਮੁਕਾਬਲਾ ਕਰਨ ਦੀ ਲੋੜ ਹੈ, ਤੇ ਉਸ ਤੋਂ ਵੀ ਵੱਡੀ ਲੋੜ ਹੈ ਕਿ ਕੋਈ ਅਜਿਹਾ ਪਲੇਟਫਾਰਮ ਬਣੇ, ਜਿਸ 'ਤੇ ਖਿੰਡਰੀਆਂ ਹੋਈਆਂ ਅਗਾਂਹਵਧੂ ਸ਼ਕਤੀਆਂ ਕੱਠੀਆਂ ਹੋ ਕੇ ਆਪਣੀ ਆਵਾਜ਼ ਬੁਲੰਦ ਕਰ ਸਕਣ । ਮੈਂ ਆਸ ਕਰਦਾ ਹਾਂ ਕਿ 'ਸਿਰਜਣਾ' ਇਸ ਕੰਮ ਵਿਚ, ਆਪਣੇ ਪਹਿਲੇ ਕਦਮ ਤੋਂ ਬਾਦ, ਹਰ ਵੀ ਭਰਵੇਂ, ਤੋਲਵੇਂ ਤੇ ਨਿੱਗਰ ਕਦਮ ਚੁਕੇਗਾ ।

ਪਿਛਲੇ ਕੁਝ ਵਰ੍ਹਿਆਂ ਵਿਚ ਜਿੰਨੇ ਕੁ ਵੀ ਨਵੇਂ ਪਰਚੇ ਪੰਜਾਬੀ ਵਿਚ ਨਿਕਲੇ ਹਨ, ਉਹਨਾਂ ਦਾ ਕੋਈ ਸਿਧਾਂਤਕ ਆਧਾਰ ਨਹੀਂ ਹੈ, ਨਾ ਹੀ ਕਿਸੇ ਕੋਲ ਵਿਗਿਆਨਕ-ਸਮਾਜਕ ਨਜ਼ਰ ਹੈ (ਜੋ ਮੇਰੇ ਆਪਣੇ ਖਿਆਲ ਵਿਚ ਮਾਰਕਸਵਾਦੀ ਨਜ਼ਰ ਹੈ) । ਵਧੇਰੇ ਕਰਕੇ ਉਹਨਾਂ ਦੇ ਪਿੱਛੇ ਭਾਂਤ ਸੁਭਾਂਤੇ ਵਾਦਾਂ ਵਾਲੇ ਕੁਝ ਲੇਖਕਾਂ ਦੀ ਵਿਅਕਤੀਗਤ ਸੰਬੰਧਾਂ ਦੇ ਆਧਾਰ 'ਤੇ ਇਕ ਗੁਟਬੰਦੀ ਨਜ਼ਰ ਆਉਂਦੀ ਹੈ । 'ਸਿਰਜਣਾ' ਉਹਨਾਂ ਤੋਂ ਵਖਰੀ ਕਿਸਮ ਦਾ ਪਰਚਾ ਜਾਪਿਆ ਹੈ ਤੇ ਖੁਸ਼ੀ ਹੋਈ ਹੈ ।

ਇਹ ਸੁਹਣੀ ਗੱਲ ਹੈ ਕਿ ਪੁਸਤਕ-ਪੜਚੋਲ ਨੂੰ ਤੁਸੀਂ ਏਨੇਂ ਸਫ਼ੇ ਦਿਤੇ ਹਨ ਤੇ ਆਮ ਪਰਚਿਆਂ ਦੇ ਉਲਟ ਉਹ ਰਵਾਇਤੀ ਕਿਸਮ ਦੀ ਪੜਚੋਲ ਨਹੀਂ ਹੈ । ਅਜਿਹੀ ਪੜਚੋਲ ਸਾਹਿੱਤ ਵਿਚ ਨਵੀਆਂ ਲੀਹਾਂ ਕਾਇਮ ਕਰਨ ਵਿਚ ਬੜੀ ਮਦਦ ਦਏਗੀ । ਇਸ ਸਿਲਸਿਲੇ 'ਚ ਮੈਂ ਖਾਸ

ਤੌਰ ਤੇ ਸੁਰਜਨ ਜ਼ੀਰਵੀ ਨੂੰ ਮੁਬਾਰਕਬਾਦ ਦੇਣਾ ਚਾਹਾਂਗਾ ਜਿਸ ਨੇ 'ਕਾਗਜ਼ ਦਾ ਰਾਵਣ' ਨੂੰ ਏਨੀ ਤਿੱਖੀ, ਭਰਵੀਂ ਤੇ ਸਹੀ ਨਜ਼ਰ ਨਾਲ ਵੇਖਿਆ ਹੈ। ਇਹ ਲੇਖ ਸਿਰਜਣਾਤਮਕ ਆਲੋਚਨਾ ਦੀ ਬੜੀ ਸੁਹਣੀ ਮਿਸਾਲ ਹੈ—ਖ਼ਾਸਕਰ ਸਾਡੇ 'ਪੇਸ਼ਾਵਰ' ਅਲੋਚਕਾਂ ਦੇ ਸਾਹਮਣੇ।

—ਸੁਖਬੀਰ

— ० —

## ਬੁਧੀਜੀਵੀ ਵਰਗ ਤੇ ਰਾਜਸੱਤਾ

'ਸਿਰਜਣਾ' ਦੇ ਪਰਕਾਸ਼ਨ ਉਤੇ ਮੈਂ ਤੁਹਾਨੂੰ ਤੇ ਇਸ ਸਬੰਧ ਵਿਚ ਸਰਗਰਮ ਤੁਹਾਡੇ ਸਾਥੀਆਂ ਨੂੰ ਵਧਾਈ ਦਿੰਦਾ ਹਾਂ। ਇਹ ਗੱਲ ਕਹਿਣ ਦੀ ਵਿਸ਼ੇਸ਼ ਲੋੜ ਨਹੀਂ ਕਿ ਪ੍ਰਗਤੀਵਾਦੀ ਧਾਰਾ ਤੇ ਸਾਹਿੱਤਕਾਰਾਂ ਨੂੰ ਮੁੜ-ਸੰਗਠਣ ਦੀ ਕਿੰਨੀ ਜ਼ਰੂਰਤ ਹੈ। ਨਵਤੇਜ ਸਿੰਘ ਨੇ ਵੀ ਪਿੱਛੇ ਜਹੇ ਇਕ ਲੇਖ 'ਪ੍ਰੀਤਲੜੀ' ਵਿਚ ਲਿਖਿਆ ਸੀ। 'ਸੁਣੋ ਪਿਕਾਸੋ ਦੀ ਆਵਾਜ਼' ਸਿਰਲੇਖ ਹੇਠਾਂ ਮੇਰਾ ਵੀ ਇਕ ਲੇਖ ਕਵਿਤਾ ਵਿਚ ਛਪਿਆ ਸੀ। ਪਿਛਲੇ ਥੋੜੇ ਜਹੇ ਸਮੇਂ ਵਿਚ ਪੰਜਾਬੀ ਸਾਹਿੱਤ ਵਿਚ ਵਿਸ਼ੇਸ਼, ਕਰਕੇ ਕਵਿਤਾ ਵਿਚ ਜੋ ਕੂੜਾ-ਕਰਕਟ ਭਰਿਆ ਗਿਆ ਹੈ, ਉਸ ਤੋਂ ਉਦਾਸੀਨ ਲੇਖਕਾਂ ਤੇ ਪਾਠਕਾਂ ਨੂੰ ਪ੍ਰਗਤੀਵਾਦ ਦੀ ਮੁੜ-ਸੁਰਜੀਤੀ ਦੀ ਕਿਰਨ ਦਿਖਾਉਣਾ, ਵੇਲੇ ਦੀ ਸਹੀ ਸੰਭਾਲ ਕਰਨਾ ਹੈ। ਵੇਲੇ ਦੀ ਸੰਭਾਲ ਲਈ ਤੁਹਾਡਾ ਇਹ ਯਤਨ ਬਹੁਤ ਸ਼ਲਾਘਾਯੋਗ ਹੈ।

ਅਤਿਅੰਤ ਅੰਤਰਮੁਖਤਾ, ਅਸਪਸ਼ਟਤਾ ਤੇ ਅਰਥ-ਹੀਣਤਾ ਭਰੀਆਂ, 'ਐਂਡ-ਵਾਦੀ' ਰਚਨਾਵਾਂ ਦੀ ਬੱਦਲੀ ਇੱਧਰ ਉੱਧਰ ਛਰਾਟੇ ਸੁੱਟ ਕੇ ਖਾਲੀ ਹੋ ਗਈ ਜਾਪਦੀ ਹੈ। ਅਸਮਾਨ ਸਾਫ਼ ਹੋ ਰਿਹਾ ਹੈ। ਮੀਂਹ ਪਿਛੋਂ ਵੱਤ ਆਉਣ ਤੇ ਖੇਤਾਂ ਵਿਚ ਹਲ ਜੁੜ ਜਾਂਦੇ ਹਨ। ਪਿਛੇ ਜਹੇ ਵਰ੍ਹੇ ਕੂੜੇ ਕਰਕਟ ਦੀ ਖਾਦ ਬਣਾ ਕੇ ਲੇਖਕਾਂ ਨੂੰ ਹੁਣ ਜੀਵਨ-ਹਿਤੂ, ਨਵੀਆਂ ਤੇ ਸਵਸਥ ਕੀਮਤਾਂ ਦੀ ਉਸਾਰੀ ਲਈ ਸਹਾਇਕ ਰਚਨਾਵਾਂ ਰਚਨ ਵਾਸਤੇ ਕਲਮਾਂ ਨੂੰ ਤੋਰ ਦੇਣਾ ਚਾਹੀਦਾ ਹੈ।

ਪੱਛਮ ਤੋਂ 'ਆਧੁਨਿਕਤਮ' ਸਟਾਈਲ ਨਕਲ ਕਰਨ ਵਾਲੇ ਲੇਖਕਾਂ ਤੇ ਕਵੀਆਂ ਨੂੰ 'ਫ਼ੈਜ਼' ਦੇ ਇਹ ਵਿਚਾਰ ਗਹੁ ਨਾਲ ਪੜ੍ਹਨੇ ਚਾਹੀਦੇ ਹਨ—"ਪੱਛਮੀ ਪੂੰਜੀਵਾਦੀ ਸਮਾਜਕ ਪਰਬੰਧ ਵਿਚ ਭਾਰੂ ਸ਼੍ਰੇਣੀਆਂ ਨੇ ਸਫਲਤਾ ਨਾਲ ਕਲਾਕਾਰ ਨੂੰ ਆਪਣੇ ਕਰਦਾਰ ਤੋਂ ਵਾਂਝਿਆਂ ਕਰ ਦਿੱਤਾ ਹੈ। ਇਨ੍ਹਾਂ ਦੇਸਾਂ ਵਿਚ ਕਲਾਕਾਰ ਇਕ ਇਕੱਲਾ ਵਿਅਕਤੀ ਹੈ, ਉਸ ਦੀ ਕੋਈ ਸ਼ਰੇਣੀ ਨਹੀਂ,......ਭੂਤ ਨਹੀਂ......ਭਵਿਖਤ ਨਹੀਂ।" ਪੱਛਮੀ ਦੇਸਾਂ ਵਿਚ ਤੇ ਏਸ਼ੀਆਈ-ਅਫਰੀਕੀ ਦੇਸਾਂ ਵਿਚ ਇਤਿਹਾਸ ਦੀ ਚਾਲ ਵੱਖੋ-ਵੱਖਰੀ ਹੈ, ਇਸ ਲਈ ਦੋਹਾਂ ਧਿਰਾਂ ਦੇ ਸਾਹਿੱਤਕਾਰਾਂ ਦਾ ਕਰਤੱਵ ਵੀ ਕਾਫੀ ਹੱਦ ਤੱਕ ਇਕ ਦੂਜੇ ਤੋਂ ਅੱਡ ਅੱਡ ਪਰਕਾਰ ਦਾ ਹੈ। ਇਹ ਗੱਲ ਭਾਰਤੀ ਤੇ ਪੰਜਾਬੀ ਸਾਹਿੱਤਕਾਰਾਂ ਨੂੰ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ।

ਫ਼ੈਜ਼ ਅਹਿਮਦ 'ਫ਼ੈਜ਼' ਦਾ ਲੇਖ ਮੈਨੂੰ ਬਹੁਤ ਚੰਗਾ ਲੱਗਾ ਹੈ। ਉਸ ਨੇ ਬਹੁਤ ਸੁਹਣੇ ਸ਼ਬਦਾਂ ਤੇ ਠੋਸ ਵਿਚਾਰਾਂ ਨਾਲ ਪ੍ਰਗਤੀਵਾਦੀ ਕਲਾਕਾਰ ਦਾ ਮੁਲ-ਅੰਕਣ ਕੀਤਾ ਹੈ। ਇਹ ਲੇਖ ਨਵ-ਜਾਗਰਤ ਏਸ਼ੀਆਈ-ਅਫਰੀਕੀ ਦੇਸਾਂ ਦੇ ਕਲਾਕਾਰਾਂ ਨੂੰ ਸਹੀ ਸੇਧ ਦਿੰਦਾ ਹੈ।

ਸੇਖੋਂ ਸਾਹਿਬ ਦੇ ਲੇਖ ਵਿਚ ਜਿੱਥੋਂ ਤੱਕ ਬੁੱਧੀਜੀਵੀ ਵਰਗ ਦੇ ਵਧੇਰੇ ਹੌਸਲੇ ਨਾਲ ਆਪਣੇ

ਵਿਚਾਰਾਂ ਨੂੰ ਪਰਗਟ ਕਰਨ ਦੀ ਹਿਮਤ ਦਾ ਜ਼ਿਕਰ ਹੈ, ਉਨ੍ਹਾਂ ਦਾ ਕੀਤਾ ਵਿਸ਼ਲੇਸ਼ਣ ਠੀਕ ਹੈ। ਪਰ ਰਾਜ ਸੱਤਾ ਵਿਚ ਬੁੱਧੀਜੀਵੀ ਵਰਗ ਨੂੰ ਭਾਗ ਪਰਾਪਤ ਹੋਣਾ ਚਾਹੀਦਾ ਹੈ, ਉਨ੍ਹਾਂ ਦੀ ਇਹ ਗੱਲ ਵਿਸ਼ੇਸ਼ ਵਿਚਾਰ ਦੀ ਮੰਗ ਕਰਦੀ ਹੈ। ਉਹ ਰਾਜ-ਸੱਤਾ ਵਿਚ ਕਿਸ ਤਰ੍ਹਾਂ ਦਾ ਭਾਗ ਚਾਹੁੰਦੇ ਹਨ ? ਵਿਧਾਨ ਸਭਾਵਾਂ, ਪ੍ਰੀਸ਼ਦਾਂ ਦੀ ਮੈਂਬਰੀ, ਮੰਤਰੀ-ਪਦ ਜਾਂ ਅਫਸਰੀ ? ਜੇ ਬੁੱਧੀਜੀਵੀ ਲੋਕਾਂ ਨੂੰ ਇਸ ਤਰ੍ਹਾਂ ਦਾ ਭਾਗ ਮਿਲ ਜਾਏ ਤਾਂ ਸਮਾਜ ਜਾਂ ਦੇਸ਼ ਲਈ ਉਹ ਕੀ ਕੁਝ ਕਰ ਦੇਣਗੇ ? ਜਦ ਸਾਰਾ ਪਰਬੰਧਕ ਢਾਂਚਾ ਕਿਸੇ ਹੋਰ ਤਰ੍ਹਾਂ ਦਾ ਹੈ ਤਾਂ ਦੋ ਚਾਰ ਬੁੱਧੀ ਜੀਵੀ ਉਸ ਢਾਂਚੇ ਦਾ ਭਾਗ ਬਣ ਕੇ ਕਿਸ ਤਬਦੀਲੀ ਦੀ ਆਸ਼ਾ ਰੱਖ ਸਕਦੇ ਹਨ ? ਸਿਵਾਇ ਆਪਣੇ ਕੁੱਝ ਨਿੱਜੀ ਆਰਥਕ ਕਲਿਆਣ ਦੇ ਹੋਰ ਲੋਕਾਂ ਦਾ ਕੀ ਸੁਆਰ ਸਕਦੇ ਹਨ ?

ਰਾਜ-ਸੱਤਾ ਦੇ ਸੁਆਮੀ ਹੁਣ ਵੀ ਬੁੱਧੀ ਜੀਵੀ ਵਰਗ ਨੂੰ ਰਾਜ-ਸੱਤਾ ਵਿਚ ਭਾਗ ਦਿੰਦੇ ਹਨ, ਪਰ ਆਪਣੇ ਨਾਲ ਮੇਲ ਖਾਂਦਿਆਂ ਨੂੰ। ਸੇਖੋਂ ਸਾਹਿਬ ਵਰਗੇ ਬੁੱਧੀ ਜੀਵੀਆਂ ਨੂੰ ਅਜੇ ਐਸਾ ਭਾਗ ਮਿਲਣ ਦੀ ਸੰਭਾਵਨਾ ਬਹੁਤ ਘੱਟ ਹੈ। ਪਰ ਮੈਂ ਇਸ ਵਿਸ਼ੇ ਵਿਚ ਅਜੇ ਹੋਰ ਅਗੇਰੇ ਨਹੀਂ ਜਾਣਾ ਚਾਹੁੰਦਾ, ਕਿਉਂਕਿ ਪਹਿਲਾਂ ਸੇਖੋਂ ਸਾਹਿਬ ਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਉਹ ਕਿਸ ਤਰ੍ਹਾਂ ਦੀ ਰਾਜ-ਸੱਤਾ ਵਿਚ ਕਿਸ ਤਰ੍ਹਾਂ ਦਾ ਭਾਗ ਚਾਹੁੰਦੇ ਹਨ।

ਕਹਾਣੀਆਂ ਤਿੰਨੇ ਹੀ ਬਹੁਤ ਸੁਹਣੀਆਂ ਹਨ। ਰੀਵੀਊ ਵੀ ਪ੍ਰਸੰਸਾਯੋਗ ਹਨ। ਪੜਚੋਲ ਦਾ ਇਹ ਢੰਗ ਅੱਛਾ ਹੈ।

ਕਵਿਤਾਵਾਂ ਬਾਰੇ ਤਾਂ ਇਹੀ ਕਹਿਣਾ ਪਏਗਾ ਕਿ ਗੁਆਂਢ ਦਾ ਰੂਪ ਨਹੀਂ ਤਾਂ ਮੱਤ ਤਾਂ ਆ ਹੀ ਜਾਂਦੀ ਹੈ। ਕਵਿਤਾਵਾਂ ਦੀ ਚੋਣ ਵਿਚ ਤੁਹਾਨੂੰ ਹੋਰ ਜਾਨਦਾਰ ਪੱਧਰ ਅਪਣਾਉਣਾ ਚਾਹੀਦਾ ਹੈ।

ਕੋਲਵਿਟਜ਼ ਬਾਰੇ ਲੇਖ ਤੇ ਜਗਤਾਰ ਦੀ ਡਾਇਰੀ ਚੰਗੀਆਂ ਚੀਜ਼ਾਂ ਹਨ। ਸਮੁੱਚੇ ਤੌਰ ਤੇ ਪਰਚੇ ਦਾ ਪੱਧਰ ਚੰਗਾ ਹੈ। ਦਿੱਖ ਛਪਾਈ ਤੇ ਕਾਗਜ਼ ਵਲੋਂ ਵੀ 'ਸਿਰਜਣਾ' ਬਹੁਤ ਸੁਹਣਾ ਹੈ।

ਅੰਤ ਵਿਚ ਮੈਂ ਤੁਹਾਨੂੰ ਇਹ ਕਹਿਣਾ ਜ਼ਰੂਰੀ ਸਮਝਦਾ ਹਾਂ ਕਿ ਇਹ ਠੀਕ ਹੈ ਕਿ ਅਸੀਂ ਮਾਨਵ-ਕਲਿਆਣ ਹਿੱਤ ਪ੍ਰਗਤੀਵਾਦੀ-ਸਮਾਜਵਾਦੀ ਸਾਹਿੱਤਕ ਸਿਧਾਂਤ ਨੂੰ ਸਹੀ ਮੰਨਦੇ ਹਾਂ ਪਰ ਤੁਸੀਂ 'ਸਿਰਜਣਾ' ਨੂੰ ਜਜ਼ਬਾਤੀ ਕਿਸਮ ਦੀ ਨਾਅਰੇਬਾਜ਼ੀ ਦੇ ਪੇਤਲੇਪਨ ਤੋਂ ਬਚਾਈ ਰੱਖਣਾ। ਪ੍ਰਗਤੀਵਾਦ ਦਾ ਖੇਤਰ ਇੰਨਾਂ ਸੀਮਤ ਜਾਂ ਸੰਕੁਚਿਤ ਨਹੀਂ ਹੈ ਜਿੰਨਾ ਕਿ ਇਸ ਦੇ ਕਈ ਨਾਦਾਨ ਦੋਸਤ ਜਾਂ ਵਿਰੋਧੀ ਸਮਝਦੇ ਹਨ। ਗੂੜ੍ਹੇ, ਹਲਕੇ ਇਸ ਦੇ ਕਈ ਰੰਗ ਹੋ ਸਕਦੇ ਹਨ। ਨਿੱਕੇ, ਵੱਡੇ ਇਸ ਦੇ ਕਈ ਰੂਪ ਹੋ ਸਕਦੇ ਹਨ ਤੇ ਕਈ ਰਚਨਾਵਾਂ ਵਿੱਚ ਪ੍ਰਗਤੀਵਾਦ ਦੀ ਕੇਵਲ ਇਕ ਅਧ ਛੁਹ ਹੀ ਕਾਫੀ ਹੋ ਸਕਦੀ ਹੈ। ਸਮਾਂ ਗੁਜ਼ਰਨ ਨਾਲ ਪ੍ਰਗਤੀਵਾਦ ਦੀ ਮੁਢਲੀ ਰੂਪ ਰੇਖਾ ਵਿਚ ਕੁਝ ਨਾ ਕੁਝ ਅੰਤਰ ਜ਼ਰੂਰ ਆ ਗਿਆ ਹੈ ਜੋ ਤਜਰਬੇ ਦਾ ਸਿੱਟਾ ਹੈ। ਜਿਹੜੀ ਹਾਨੀ ਸਾਡੀਆਂ ਰਚਨਾਵਾਂ ਨੂੰ ਕੱਟੜਤਾ ਤੋਂ ਪਹੁੰਚ ਸਕਦੀ ਹੈ, ਉਸ ਤੋਂ ਸਾਨੂੰ ਬਚਣਾ ਚਾਹੀਦਾ ਹੈ।

—ਨਿਰੰਜਣ ਸਿੰਘ ਸਾਥੀ

— —

ਨੌਜਵਾਨ ਕਵੀ

ਹਰਭਜਨ ਸਿੰਘ ਹੁੰਦਲ

ਦਾ

# ਮਾਰਗ

(ਕਵਿਤਾ ਸੰਗ੍ਰਹਿ)

ਮਾਰਗ—ਸਮਾਜਕ ਚੇਤਨਤਾ, ਮਨੋਵਿਗਿਆਨਕ ਦਰਿਸ਼ਟੀ ਤੇ ਸੁਹਣਾ ਰੂਪ ਪੇਸ਼ ਕਰਦਾ ਹੈ।

ਮਾਰਗ—ਨੂੰ ਪੜ੍ਹਕੇ ਹੀ ਅਜੋਕੀ ਪੰਜਾਬੀ ਕਵਿਤਾ ਦੀ ਵੰਨਗੀ ਵੇਖ ਸਕਦੇ ਹਾਂ।

ਪੱਨੇ 80 ਮੁਲ : 3 ਰੁਪੈ

# ਸੂਰਜ ਦਾ ਵੀ ਰੰਗ ਕਾਲਾ ਹੈ?

ਇਹ ਜਾਣ ਸਕਣਾ ਸਹਿਲ ਨਹੀਂ

ਜੁਅਨ ਜਜ਼ਬੇ, ਜਕੜਾਂ ਤੇ
ਜ਼ੰਜ਼ੀਰਾਂ, ਮਜ਼ਬੂਰੀਆਂ ਦੇ ਹੌਕਿਆਂ ਤੇ ਆਸ਼ਾਵਾਂ ਦੇ
ਸਵੇਰੇ—ਕਿਨਾਂ ਕੁਝ ਜਾਣਕੇ ਹੀ ਸੂਰਜ ਦਾ ਰੰਗ
ਪਾਇਆ ਜਾ ਸਕਦਾ ਹੈ

## ਮੋਹਨਜੀਤ

ਦੀ ਕਵਿਤਾ ਇਹਨਾਂ ਗੱਲਾਂ ਦਾ
ਭੇਤ ਦਸਦੀ ਹੈ

## ਸੂਰਜ ਦਾ ਵੀ ਰੰਗ ਕਾਲਾ ਹੈ?

ਆਧੁਨਿਕ ਰੂਪ, ਮਨੋਵਿਗਿਆਨਕ ਦ੍ਰਿਸ਼ਟੀ ਦਾ
ਪ੍ਰਤੀਨਿਧ ਕਾਵਿ-ਸੰਗ੍ਰਹਿ

ਦੇਸ਼ ਦੀ ਆਜ਼ਾਦੀ ਦੇ ਘੁਲਾਟੀਆਂ ਨੂੰ
ਕੀ ਕੀ ਔਕੜਾਂ ਝਲਣੀਆਂ ਪਈਆਂ?

ਔਕੜਾਂ ਦੇ ਅਦਿਸ ਪੱਖਾਂ ਨੂੰ
ਕਿਵੇਂ ਜਾਣਿਆਂ ਜਾਏ?

—ਇਹਨਾਂ ਪ੍ਰਸ਼ਨਾਂ ਦਾ ਉਤਰ ਹੈ

# ਉਹ ਵੀ ਦਿਨ ਸਨ

ਗੁਰਚਰਨ ਸਿੰਘ ਸਹਿੰਸਰਾ ਦਾ
ਅਤਿ ਰੌਚਕ ਕਹਾਣੀ ਸੰਗ੍ਰਹਿ

ਸੁੰਦਰ ਛਪਾਈ ਮੁਲ : 7 ਰੁਪੈ।

ਪ੍ਰੀਤਮ ਸਿੰਘ ਰਾਹੀ 'ਕਰੁਣਾ' ਪਿਛੋਂ
ਪੇਸ਼ ਕਰਦਾ ਹੈ।

# ਕਚਨਾਰ

(ਕਾਵਿ-ਸੰਗ੍ਰਹਿ)

ਇਸ ਵਿੱਚ ਜਜ਼ਬਿਆਂ ਤੇ ਬੁਧੀ ਦਾ ਸੁਮੇਲ ਹੈ। ਵਿਚਾਰ ਵੀ ਹਨ ਦੇ ਜਜ਼ਬੇ ਵੀ। ਉਡਾਰੀਆਂ ਵੀ ਹਨ ਤੇ ਸੰਗੀਤ ਵੀ।

ਛਪਾਈ ਸੋਹਣੀ ਮੂਲ 3·25

ਪੰਜਾਬੀ ਦਾ ਅਦੁੱਤੀ ਮਾਸਿਕ ਪੱਤਰ

# ਆਰਸੀ

**ਸਲਾਨਾ ਚੰਦਾ :** ਦੇਸ 6 ਰੁਪੈ ਪਰਦੇਸ 8 ਰੁਪੈ

ਜਿਸ ਵਿਚ

- ਸੰਸਾਰ ਪਰਸਿੱਧ ਸਾਹਿਤਕਾਰਾਂ ਅਤੇ ਪੰਜਾਬੀ ਲੇਖਕਾਂ ਦੀਆਂ ਚੋਣਵੀਆਂ ਕਹਾਣੀਆਂ ਲੇਖ, ਕਵਿਤਾਵਾਂ ਆਦਿ ।
- ਪੰਜਾਬੀ ਸਾਹਿੱਤਕਾਰਾਂ ਦੇ ਲਿਖੇ ਸਮਕਾਲੀ ਸਾਹਿੱਤਕਾਰਾਂ ਦੇ ਸੁਭਾਅ ਚਿਤਰ ।

— ਸੋਹਣੀ ਫੱਬ ਤੇ ਸੁੰਦਰ ਛਪਾਈ ।

ਆਪਣੇ ਸ਼ਹਿਰ ਦੇ ਏਜੰਟ ਤੋਂ ਮੰਗੋ ਜਾਂ ਸਾਨੂੰ ਲਿਖੋ :

**ਆਰਸੀ,** ਚਾਂਦਨੀ ਚੌਕ, ਦਿੱਲੀ–੬

---

ਪੰਜਾਬੀ ਦਾ ਉੱਘਾ ਮਾਸਿਕ ਪੱਤਰ

# ਕਵਿਤਾ

(ਸੰਪਾਦਕ : ਕਰਤਾਰ ਸਿੰਘ ਬਲੱਗਣ)

ਜੋ

—ਗਭਰੂਆਂ ਤੇ ਮੁਟਿਆਰਾਂ ਦੇ ਲੋਕ ਗੀਤ

—ਦਿਲ ਧੜਕਾਣ ਵਾਲੇ ਨਵੇਂ ਗੀਤ ਤੇ ਕਵਿਤਾਵਾਂ

—ਰੰਗੀਨ ਕਹਾਣੀਆਂ ਤੇ ਲੇਖ

ਹਰ ਮਹੀਨੇ ਪਾਠਕਾਂ ਤੱਕ ਪਹੁੰਚਾਂਦਾ ਹੈ

ਜੇ ਹੁਣ ਤੱਕ ਨਹੀਂ ਪੜ੍ਹਿਆਂ ਤਾਂ ਅੱਜ ਹੀ ਚੰਦਾ ਭੇਜੋ ।

ਸਲਾਨਾ ਚੰਦਾ : ਦੇਸ 6 ਰੁਪੈ **ਪ੍ਰਦੇਸ 10 ਰੁਪੈ**

**ਕਵਿਤਾ,** ੧੫੨ ਹੁਸੈਨਪੁਰਾ, ਅੰਮ੍ਰਿਤਸਰ

ਬਰਤਾਨੀਆਂ ਵਿਚ ਵੱਸ ਰਹੇ ਭਾਰਤੀਆਂ ਦਾ ਤਰਜਮਾਨ

ਪੰਜਾਬੀ ਮਾਸਿਕ

# ਨਵਾਂ ਚਾਨਣ

ਜਿਸ ਵਿਚ—

- ★ ਬਰਤਾਨੀਆਂ ਵਿਚ ਰਹਿ ਰਹੇ ਭਾਰਤੀ ਮਿਹਨਤਕਸ਼ਾਂ ਦੇ ਹੱਕਾਂ ਦੀਆਂ ਖਬਰਾਂ
- ★ ਕੌਮਾਂਤਰੀ ਮਸਲਿਆਂ ਉਤੇ ਟਿਪਣੀਆਂ
- ★ ਕਵਿਤਾ, ਕਹਾਣੀਆਂ ਤੇ ਹੋਰ ਸਾਹਿੱਤਕ ਸਮੱਗਰੀ
- ★ ਭਾਰਤ ਤੇ ਪਜਾਬ ਦੀਆਂ ਚੋਣਵੀਆਂ ਖਬਰਾਂ ਪੜ੍ਹ ਸਕਦੇ ਹੋ ।

ਸਲਾਨਾ ਚੰਦਾ—15 ਸ਼ਲਿੰਗ

ਪਤਾ—

**ਨਵਾਂ ਚਾਨਣ,** ੨੭ ਗਰੈਥਮ ਰੋਡ, ਸਮੈਥਿਕ (ਯੂ. ਕੇ.)

---

ਪੰਜਾਬੀ ਸਾਹਿੱਤ ਦਾ ਪ੍ਰਤੀਨਿਧ ਮਾਸਿਕ ਪੱਤਰ

# ਲੋਕ ਕਵਿਤਾ

(ਸੰਪਾਦਕ—ਤਾਰਾ ਸਿੰਘ)

ਚੰਗੀਆਂ—

—ਕਹਾਣੀਆਂ

—ਕਵਿਤਾਵਾਂ

—ਖੋਜ ਤੇ ਪੜਚੋਲ ਦੇ ਲੇਖ

ਲੋਕ ਸਾਹਿੱਤ ਦੀਆਂ ਵੰਨਗੀਆਂ

ਨਾਲ ਭਰਪੂਰ

ਸਲਾਨਾ ਚੰਦਾ—6 ਰੁਪੈ

**ਇਕ ਪਰਚਾ 50 ਪੈਸੇ**

**ਲੋਕ ਕਵਿਤਾ,** ਚੌਂਕ ਮਨਾ ਸਿੰਘ, ਅੰਮ੍ਰਿਤਸਰ

Sirjana, PUNJABI QUARTERLY, JULLUNDUR
No. 2 OCTOBER—DECEMBER, 1965